ਸਤਾਰਵਾਂ ਸਾਲ

PARDES TIMES

17th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 17 No. 420 April 5, 2023 E-mali : info@pardestimes.com Ph 510-938-7771, 510-516-3536

## ਰਾਹੁਲ ਗਾਂਧੀ ਨੂੰ ਮਿਲੀ ਜ਼ਮਾਨਤ, ਪੱਤਰਕਾਰਾਂ 'ਤੇ ਕੱਢਿਆ ਗੁੱਸਾ



ਨਵੀਂ ਦਿੱਲੀ- ਰਾਹੁਲ ਗਾਂਧੀ ਨੇ 2019 ਦੇ 'ਮੋਦੀ ਸਰਨੇਮ' ਅਪਰਾਧਿਕ ਮਾਣਹਾਨੀ ਮਾਮਲੇ 'ਚ ਮਿਲੀ 2 ਸਾਲ ਦੀ ਸਜ਼ਾ ਨੂੰ ਚੁਣੌਤੀ ਦੇਣ ਲਈ ਸੂਰਤ ਦੀ ਇਕ ਸੈਸ਼ਨ ਅਦਾਲਤ 'ਚ ਅਰਜ਼ੀ ਦਾਇਰ ਕੀਤੀ ਸੀ, ਜਿਸ 'ਤੇ ਅਦਾਲਤ ਨੇ ਰਾਹੁਲ ਗਾਂਧੀ ਨੂੰ ਜ਼ਮਾਨਤ ਦੇ ਦਿੱਤੀ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਇਕ ਪੱਤਰਕਾਰ ਵੱਲੋਂ ਪੁੱਛੇ ਸਵਾਲ ਦੇ ਜਵਾਬ 'ਚ ਸ੍ਰੀ ਗਾਂਧੀ ਨੇ ਪੱਤਰਕਾਰ ਦੀ ਝਾੜ-ਝੰਬ ਕਰਦਿਆਂ ਕਿਹਾ, ''ਤੁਸੀਂ ਹਮੇਸ਼ਾ ਉਹੀ ਕਿਉਂ ਕਹਿੰਦੇ ਹੋ ਜੋ ਭਾਜਪਾ ਕਹਿੰਦੀ ਹੈ?'' ਇਸ ਮਗਰੋਂ ਭਾਰਤੀ ਜਨਤਾ ਪਾਰਟੀ ਨੇ ਕਾਂਗਰਸੀ ਆਗੂ ਰਾਹੁਲ ਗਾਂਧੀ 'ਤੇ ਮੀਡੀਆ ਉੱਪਰ ਮੁੜ ਤੋਂ ਹਮਲਾ ਕਰਨ ਦਾ ਦੋਸ਼ ਲਗਾਇਆ। ਇੱਥੇ ਕਾਂਗਰਸ ਦੇ ਮੁੱਖ ਦਫ਼ਤਰ ਵਿੱਚ ਦਾਖ਼ਲ ਹੋ ਰਹੇ ਕਾਂਗਰਸ ਦੇ ਸਾਬਕਾ ਪ੍ਰਧਾਨ ਨੂੰ ਪੱਤਰਕਾਰ ਵੱਲੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ ਮਾਣਹਾਨੀ ਦੇ ਇਕ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਖ਼ਿਲਾਫ਼ ਸੋਮਵਾਰ ਨੂੰ ਸੂਰਤ ਦੀ ਇਕ ਅਦਾਲਤ ਵਿੱਚ ਅਪੀਲ ਦਾਇਰ ਕਰਦੇ ਹੋਏ ਵੱਡੀ ਗਿਣਤੀ ਪਾਰਟੀ ਆਗੂਆਂ ਤੇ ਕਾਰਕੁਨਾਂ ਨੂੰ ਸ਼ਾਮਲ ਕਰ ਕੇ ਨਿਆਂ ਪਾਲਿਕਾ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ।

ਇਸ ਸਵਾਲ 'ਤੇ ਗਾਂਧੀ ਮੁੜ ਮੀਡੀਆ ਕੋਲ ਗਏ ਤੇ ਸਵਾਲ ਕੀਤਾ, ''ਤੁਸੀਂ ਹਮੇਸ਼ਾ ਉਹੀ ਕਿਉਂ ਕਹਿੰਦੇ ਹੋ ਜੋ ਭਾਜਪਾ ਕਹਿ ਰਹੀ ਹੈ? ਹਰ ਵਾਰ ਤੁਸੀਂ ਉਹੀ ਕਹਿੰਦੇ ਹੋ ਜੋ ਭਾਜਪਾ ਆਖ ਰਹੀ ਹੁੰਦੀ ਹੈ।'' ਗਾਂਧੀ ਨੇ ਆਪਣੇ ਦੋਸ਼ਾਂ ਨੂੰ ਦੁਹਰਾਉਂਦੇ ਹੋਏ ਕਿਹਾ, ''ਇਹ ਬਹੁਤ ਹੀ ਆਸਾਨ ਗੱਲ ਹੈ। ਅਡਾਨੀ ਜੀ ਦੀਆਂ ਫ਼ਰਜ਼ੀ ਕੰਪਨੀਆਂ ਵਿੱਚ 20,000 ਕਰੋੜ ਰੁਪਏ ਦਾ ਮਾਲਕ ਕੌਣ? ਇਹ 'ਬੇਨਾਮੀ' ਹਨ। ਇਸ ਦਾ ਮਾਲਕ ਕੌਣ ਹੈ? ਬਾਅਦ ਵਿੱਚ ਇਕ ਟਵੀਟ 'ਚ ਗਾਂਧੀ ਨੇ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ 'ਤੇ ਸਵਾਲ ਉਠਾਇਆ ਅਤੇ ਪੁੱਛਿਆ ਕਿ ਉਹ ਡਰੇ ਹੋਏ ਕਿਉਂ ਹਨ?

## ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਹੀਂ ਕਬੂਲਿਆ ਅਪਰਾਧ

### ਪੁਲਿਸ ਹਿਰਾਸਤ ਅਤੇ ਮੁਕੱਦਮੇ ਦਾ ਸਾਹਮਣਾ ਕਰਨ ਵਾਲੇ ਪਹਿਲੇ ਸਾਬਕਾ ਅਮਰੀਕੀ ਰਾਸ਼ਟਰਪਤੀ ਬਣੇ ਟਰੰਪ

ਵਾਸ਼ਿੰਗਟਨ- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪੇਸ਼ੀ ਮੌਕੇ ਪੁਲਿਸ ਨੇ ਰਸਮੀ ਤੌਰ 'ਤੇ ਹਿਰਾਸਤ ਵਿੱਚ ਲੈ ਲਿਆ। ਟਰੰਪ ਪਹਿਲੇ ਸਾਬਕਾ ਅਮਰੀਕੀ ਰਾਸ਼ਟਰਪਤੀ ਹਨ, ਜਿਨ੍ਹਾਂ ਨੂੰ ਅਪਰਾਧਿਕ ਦੋਸ਼ਾਂ ਕਰਕੇ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੰਪ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਹੁਣ ਉਹਨਾਂ ਖਿਲਾਫ ਮੁਕੱਦਮਾ ਚਲਾਇਆ ਜਾਵੇਗਾ। ਇਸ ਤੋਂ ਪਹਿਲਾਂ ਟਰੰਪ ਅੱਠ ਕਾਰਾਂ ਦੇ ਕਾਫ਼ਲੇ ਵਿੱਚ ਮੈਨਹਟਨ ਦੀ ਕੋਰਟ ਪੁੱਜੇ। ਉਹ ਮੁੱਖ ਰਸਤੇ ਦੀ ਥਾਂ ਸਾਈਡ ਵਾਲੇ ਗੇਟ ਰਾਹੀਂ ਅਦਾਲਤ ਵਿੱਚ ਦਾਖ਼ਲ ਹੋਏ। ਪੇਸ਼ੀ ਮੌਕੇ ਉਨ੍ਹਾਂ ਦੇ ਫਿੰਗਰਪ੍ਰਿੰਟ ਤੇ ਮੱਗ ਸ਼ਾਟ ਲਏ ਗਏ। ਏਜੰਸੀਆਂ ਮੁਤਾਬਕ ''ਟਰੰਪ ਮੈਨਹਟਨ ਜ਼ਿਲ੍ਹਾ ਅਟਾਰਨੀ ਦਫ਼ਤਰ ਵਿੱਚ ਪੁਲਿਸ ਦੀ ਹਿਰਾਸਤ ਵਿੱਚ ਹੈ।'' ਟਰੰਪ ਉੱਤੇ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪੌਰਨ ਫਿਲਮ ਸਟਾਰ ਸਟੌਰਮੀ ਡੈਨੀਅਲਜ਼ ਨੂੰ ਕੁਝ ਗੱਲਾਂ ਗੁਪਤ ਰੱਖਣ ਲਈ ਦਿੱਤੇ ਪੈਸੇ ਦੇਣ ਦਾ ਦੋਸ਼ ਹੈ।



ਸਾਬਕਾ ਰਾਸ਼ਟਰਪਤੀ ਦੀ ਪੇਸ਼ੀ ਮੌਕੇ ਕੋਰਟ ਦੇ ਬਾਹਰ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕ ਮੌਜੂਦ ਸਨ। ਇਸ ਦੌਰਾਨ ਉਥੇ ਦੂਜੀ ਧਿਰ ਦੇ ਹਮਾਇਤੀ ਵੀ ਮੌਜੂਦ ਸਨ, ਜਿਨ੍ਹਾਂ ਟਰੰਪ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਦੋਵਾਂ ਧਿਰਾਂ ਨੂੰ ਇਕ ਦੂਜੇ ਤੋਂ ਦੂਰ ਰੱਖਣ ਲਈ ਪੁਲਿਸ ਨੂੰ ਖਾਸੀ ਮਿਹਨਤ ਕਰਨੀ ਪਈ। ਉਧਰ ਅਮਰੀਕੀ ਮੀਡੀਆ ਨੇ ਟਰੰਪ ਦੇ ਵਕੀਲਾਂ ਦੇ ਹਵਾਲੇ ਨਾਲ ਕਿਹਾ ਕਿ 2024 ਵਿੱਚ ਦੂਜੀ ਵਾਰ ਵ੍ਹਾਈਟ ਹਾਊਸ ਪੁੱਜਣ ਦੇ ਚਾਹਵਾਨ ਰਿਪਬਲਿਕਨ ਆਗੂ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਪ੍ਰਵਾਨ ਨਹੀਂ ਕਰਨਗੇ। ਟਰੰਪ (76) ਆਪਣੇ ਘਰ ਤੋਂ ਸੋਮਵਾਰ ਨੂੰ ਬੋਇੰਗ 757 ਜਹਾਜ਼ ਰਾਹੀਂ ਨਿਊਯਾਰਕ ਲਈ ਰਵਾਨਾ ਹੋਏ ਸੀ ਅਤੇ ਲਾ ਗਾਰਡੀਆ ਹਵਾਈ ਅੱਡੇ 'ਤੇ ਪੁੱਜੇ। ਟਰੰਪ ਦੀ ਪੇਸ਼ੀ ਤੋਂ ਪਹਿਲਾਂ ਚੌਕਸੀ ਵਜੋਂ ਟਰੰਪ ਟਾਵਰ ਦੀਆਂ ਨੇੜਲੀਆਂ ਸੜਕਾਂ ਦੀ ਘੇਰਾਬੰਦੀ ਕੀਤੀ ਗਈ ਹੈ।

ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਦਾਲਤ 'ਚ ਆਪਣੀ ਪੇਸ਼ੀ ਤੋਂ ਕੁਝ ਘੰਟੇ ਪਹਿਲਾਂ ਆਪਣੇ ਸਮਰਥਕਾਂ ਨੂੰ ਇਕ ਈ-ਮੇਲ ਭੇਜੀ। ਇਸ ਈ-ਮੇਲ ਵਿੱਚ ਉਨ੍ਹਾਂ ਦਾਅਵਾ ਕੀਤਾ ਕਿ ਇਹ ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਦੀ ਆਖ਼ਰੀ ਈ-ਮੇਲ ਹੈ। ਉਨ੍ਹਾਂ ਇਸ ਵਿੱਚ ਕਿਹਾ ਕਿ ਅਮਰੀਕਾ 'ਮਾਰਕਸਵਾਦੀ ਤੀਜੀ ਦੁਨੀਆ' ਦਾ ਦੇਸ਼ ਬਣਦਾ ਜਾ ਰਿਹਾ ਹੈ। ਟਰੰਪ 'ਤੇ ਪੋਰਨ ਸਟਾਰ ਸਟੌਰਮੀ ਡੇਨੀਅਲ ਨੂੰ ਮੂੰਹ ਬੰਦ ਰੱਖਣ ਵਾਸਤੇ 2016 'ਚ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ 1,30,000 ਡਾਲਰ ਦੇਣ ਦਾ ਦੋਸ਼ ਹੈ। ਟਰੰਪ ਨੇ ਈਮੇਲ 'ਚ ਲਿਖਿਆ ਹੈ, ''ਅੱਜ, ਅਸੀਂ ਅਮਰੀਕਾ ਵਿੱਚ ਨਿਆਂ ਦੇ ਨੁਕਸਾਨ ਦਾ ਸੋਗ ਮਨਾ ਰਹੇ ਹਾਂ। ਅੱਜ ਉਹ ਦਿਨ ਹੈ ਜਦੋਂ ਇਕ ਕਾਬਜ਼ ਧਿਰ ਆਪਣੇ ਪ੍ਰਮੁੱਖ ਵਿਰੋਧੀ ਨੂੰ ਕੋਈ ਅਪਰਾਧ ਨਾ ਕਰਨ 'ਤੇ ਵੀ ਗ੍ਰਿਫ਼ਤਾਰ ਕਰਦੀ ਹੈ। ਸਮਰਥਨ ਲਈ ਮੈਂ ਤੁਹਾਨੂੰ ਧੰਨਵਾਦ ਕਹਿਣਾ ਚਾਹੁੰਦਾ ਹਾਂ।''

(ਪੂਰੀ ਰਿਪੋਰਟ ਦੇਖੋ ਸਫਾ 18-19 'ਤੇ)

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545



Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
TANVIR JOSHI
(559) 312-0083 (O) (888) 630-1230 (F)
SBN: 302226
516 W. SHAW AVE STE 200 FRESNO, CA 93704



COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਗੁਰਦਾਵਰ ਸਿੰਘ ਮਾਨ, ਗੁਰਚਰਨ ਸਿੰਘ ਮਾਨ
510-487-1000
Agent License# 0C70672
Gurdawar Singh Mann mann@ggiaba.com www.ggiaba.com Gurcharan Singh Mann
Mann Insurance Brokers Inc.
32146 Alvarado Blvd, Union City, CA 94587





ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ 3155 Kearney Street Fremont, CA 94538 510-657-6444
ਨਿਊਯਾਰਕ ਦਫਤਰ 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ 4491 w. Shaw Ave # 300B Near Costco Fresno, CA 93722 phone 559-271-5511



See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL



Allstate. You're in good hands.
Avninder Singh
Insurance Specialist, CA Lic. # 0822501
Auto • Home • Life • Health • Business • Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544



Raj Budwal
(Investment and Fiancial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com



Issue- 420, Vol-17, April 5, 2023

# ਅਸਲੇ ਦੀ ਮਾਰ ਖ਼ੁਦ ਵੀ ਝੱਲ ਰਿਹਾ ਹੈ ਅਸਲੇ ਵਾਲਾ ਅਮਰੀਕਾ

ਅਮਰੀਕੀ ਸੂਬੇ ਟੇਨੈਸੀ ਦੇ ਸ਼ਹਿਰ ਨੈਸ਼ਵਿਲੇ ਵਿਖੇ ਇਕ ਸਕੂਲ 'ਚ ਗੋ.ਲੀਬਾਰੀ ਦੌਰਾਨ ਤਿੰਨ ਬੱਚਿਆਂ ਸਮੇਤ ਛੇ ਵਿਅਕਤੀ ਮਾਰੇ ਗਏ ਹਨ। ਇੰਜ ਹੀ ਕੈਲੀਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ 'ਚ ਇਕ ਨਗਰ ਕੀਰਤਨ ਦੌਰਾਨ ਗੁਰਦੁਆਰਾ ਸਾਹਿਬ 'ਚ ਗੋ.ਲੀ ਚੱਲਣ ਕਾਰਣ ਦੋ ਜਣੇ ਜ਼ਖ਼ਮੀ ਹੋ ਗਏ। ਅਮਰੀਕਾ 'ਚ ਗੋ.ਲੀਬਾਰੀ ਦੀਆਂ ਘਟਨਾਵਾਂ ਦਾ ਵਾਪਰਨਾ ਆਮ ਗੱਲ ਹੈ। ਉੱਥੇ ਕਿਸੇ ਨੂੰ ਅਜਿਹੀਆਂ ਵਾਰਦਾਤਾਂ 'ਤੇ ਹੈਰਾਨੀ ਵੀ ਨਹੀਂ ਹੁੰਦੀ ਕਿਉਂਕਿ ਉੱਥੇ 18 ਸਾਲ ਤੇ ਉਸ ਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਹਥਿਆਰ ਤੇ ਗੋ.ਲੀ-ਸਿੱਕਾ ਖ਼ਰੀਦ ਸਕਦਾ ਹੈ। ਕਿਸੇ ਨੂੰ ਤੋਹਫ਼ਾ ਦੇਣ ਲਈ ਵੀ ਕੋਈ



ਹਥਿਆਰ ਸਹਿਜੇ ਹੀ ਖ਼ਰੀਦਿਆ ਜਾ ਸਕਦਾ ਹੈ। ਰਾਸ਼ਟਰਪਤੀ ਜੋਅ ਬਾਇਡਨ ਨੇ ਪਿੱਛੇ ਜਿਹੇ ਜਿਹੜੇ ਬਿੱਲ 'ਤੇ ਹਸਤਾਖ਼ਰ ਕੀਤੇ ਸਨ, ਉਸ ਰਾਹੀਂ ਸਿਰਫ਼ ਹਥਿਆਰ ਵੇਚਣ ਵਾਲਿਆਂ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਉਹ ਖ਼ਰੀਦਦਾਰ ਦਾ ਪਿਛੋਕੜ ਜਾਣ ਕੇ ਹੀ ਕੋਈ ਅਸਲਾ ਵੇਚਣ। ਇਹ ਇਸ ਮਾਮਲੇ 'ਚ ਸਿਰਫ਼ ਇਕ ਨਿਗੂਣੀ ਸੋਧ ਹੈ। ਦਰਅਸਲ, ਅਮਰੀਕਾ ਦਾ ਹਥਿਆਰ ਮਾਫ਼ੀਆ ਇੰਨਾ ਜ਼ਿਆਦਾ ਮਜ਼ਬੂਤ ਹੈ ਕਿ ਹਾਲੇ ਤਕ ਉੱਥੇ ਕੋਈ ਵੀ ਸਿਆਸੀ ਪਾਰਟੀ ਹਥਿਆਰਾਂ ਦੀ ਖੁੱਲ੍ਹੀ ਵਿਕਰੀ 'ਤੇ ਰੋਕ ਨਹੀਂ ਲਾ ਸਕੀ। ਹਥਿਆਰ ਕੰਪਨੀਆਂ ਅੰਦਰਖਾਤੇ ਬਹੁਤ ਜ਼ਿਆਦਾ ਫੰਡ ਸਿਆਸੀ ਪਾਰਟੀਆਂ ਨੂੰ ਦਿੰਦੀਆਂ ਹਨ ਜਿਸ ਕਾਰਨ ਉਨ੍ਹਾਂ ਦੀ ਹਿੰਮਤ ਨਹੀਂ ਪੈਂਦੀ ਕਿ ਉਹ ਉਨ੍ਹਾਂ 'ਤੇ ਕਿਸੇ ਤਰ੍ਹਾਂ ਦੀ ਪਾਬੰਦੀ ਲਾਉਣ। ਇਹ ਦੋਸ਼ ਵੀ ਲੱਗਦੇ ਰਹੇ ਹਨ ਕਿ ਹਥਿਆਰ ਮਾਫ਼ੀਆ ਦੀ ਮਦਦ ਲਈ ਹੀ ਅਮਰੀਕਾ ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਜਾਣਬੁੱਝ ਕੇ ਗੜਬੜੀ ਫੈਲਾਉਂਦਾ ਹੈ ਤਾਂ ਜੋ ਉਨ੍ਹਾਂ ਖ਼ਿੱਤਿਆਂ 'ਚ ਅਸਲੇ ਦੀ ਖਪਤ ਹੋਵੇ। ਉਸ ਦੇਸ਼ 'ਚ ਹਰੇਕ 100 ਵਿਅਕਤੀਆਂ ਕੋਲ ਔਸਤਨ 88 ਹਥਿਆਰ ਮੌਜੂਦ ਹਨ। ਇਹ ਅੰਕੜੇ ਸਾਲ 2011 ਦੇ ਇਕ ਸਰਵੇਖਣ ਦੇ ਹਨ। ਉਪਲਬਧ ਅੰਕੜਿਆਂ ਮੁਤਾਬਕ ਸਮੁੱਚੇ ਦੇਸ਼ 'ਚ 1.15 ਕੁ ਲੱਖ ਵਿਅਕਤੀ ਹਰ ਸਾਲ ਗੋ.ਲੀਆਂ ਦੇ ਸ਼ਿਕਾਰ ਹੁੰਦੇ ਹਨ। ਅਜਿਹੀਆਂ ਵਾਰਦਾਤਾਂ 'ਚ ਕਤਲ, ਹਮਲੇ, ਅਚਾਨਕ ਚੱਲੀਆਂ ਗੋ.ਲੀਆਂ, ਪੁਲਿਸ ਵੱਲੋਂ ਕੀਤੀ ਗੋ.ਲੀਆਂ ਦੀ ਵਰਤੋਂ, ਖ਼ੁਦਕੁਸ਼ੀਆਂ ਜਾਂ ਅਜਿਹੀਆਂ ਕੋਸ਼ਿਸ਼ਾਂ ਸ਼ਾਮਲ ਹਨ। ਕਾਨੂੰਨ ਤੋਂ ਭਗੌੜੇ ਜਾਂ ਸਮਾਜ ਲਈ ਖ਼ਤਰਾ ਸਮਝੇ ਜਾਂਦੇ ਵਿਅਕਤੀ ਅਮਰੀਕਾ 'ਚ ਹਥਿਆਰ ਨਹੀਂ ਖ਼ਰੀਦ ਸਕਦੇ। ਇਨ੍ਹਾਂ ਤੋਂ ਇਲਾਵਾ ਅਮਰੀਕੀ ਨਾਗਰਿਕਤਾ ਤਿਆਗ ਚੁੱਕੇ, ਫ਼ੌਜ 'ਚੋਂ ਅਪਮਾਨਿਤ ਕਰ ਕੇ ਕੱਢੇ ਗਏ, ਅਣ-ਅਧਿਕਾਰਤ ਪਰਵਾਸੀ ਅਤੇ ਅਸਥਾਈ ਤੌਰ 'ਤੇ ਅਮਰੀਕਾ 'ਚ ਘੁੰਮਣ ਜਾਂ ਕਾਰੋਬਾਰ ਲਈ ਪੁੱਜੇ ਲੋਕ ਵੀ ਅਸਲਾ ਨਹੀਂ ਖ਼ਰੀਦ ਸਕਦੇ। ਹਥਿਆਰਾਂ ਦੇ ਅਜਿਹੇ ਸੱਭਿਆਚਾਰ ਦਾ ਅਸਰ ਹੁਣ ਸਮੁੱਚੀ ਦੁਨੀਆ 'ਤੇ ਪੈ ਰਿਹਾ ਹੈ। ਪੰਜਾਬ 'ਚ ਗੈਂਗਸਟਰ ਕਿਤੇ ਵੀ ਜਦੋਂ ਮਰਜ਼ੀ ਗੋ.ਲੀਆਂ ਚਲਾ ਦਿੰਦੇ ਹਨ। ਕਾਫ਼ੀ ਨੌਜਵਾਨ ਗੈਂਗਵਾਰ ਦੀ ਭੇਟ ਚੜ੍ਹ ਚੁੱਕੇ ਹਨ। ਬਹੁਤ ਸਾਰੇ ਬੇਰੁਜ਼ਗਾਰ ਨੌਜਵਾਨ ਸਮਾਜ-ਵਿਰੋਧੀ ਅਨਸਰਾਂ ਦੇ ਢਹੇ ਚੜ੍ਹ ਜਾਂਦੇ ਹਨ। ਸਰਕਾਰਾਂ ਨੂੰ ਅਜਿਹੀਆਂ ਨੀਤੀਆਂ ਉਲੀਕਣੀਆਂ ਚਾਹੀਦੀਆਂ ਹਨ ਕਿ ਕੋਈ ਵੀ ਵਿਅਕਤੀ ਰੁਜ਼ਗਾਰ-ਵਿਹੂਣਾ ਨਾ ਰਹੇ। ਪਹਿਲੀ ਜਮਾਤ ਤੋਂ ਹੀ ਬੱਚਿਆਂ ਨੂੰ ਹਥਿਆਰਾਂ ਵਿਰੁੱਧ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਮਾਪਿਆਂ ਤੇ ਅਧਿਆਪਕਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਤੇ ਬੱਚਿਆਂ ਨੂੰ ਨੈਤਿਕ ਸਿੱਖਿਆ ਰਾਹੀਂ ਹਥਿਆਰਾਂ ਦੀ ਵਰਤੋਂ ਕਰਨ ਤੋਂ ਨਿਰੰਤਰ ਵਰਜਦੇ ਰਹਿਣਾ ਚਾਹੀਦਾ ਹੈ। ਇੰਟਰਨੈੱਟ 'ਤੇ ਉਹ ਕੀ ਵੇਖਦੇ ਹਨ, ਉਹ ਵੀ ਵੱਡਿਆਂ ਦੇ ਧਿਆਨ ਗੋਚਰੇ ਰਹਿਣਾ ਚਾਹੀਦਾ ਹੈ। ਜੇ ਹੁਣ ਅਜਿਹਾ ਨਾ ਕੀਤਾ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਵੀ ਮਾਫ਼ ਨਹੀਂ ਕਰ ਸਕਣਗੀਆਂ।




# ਅਮਰੀਕਾ 'ਚ ਪੁਲਿਸ ਸੁਧਾਰਾਂ ਦੀ ਅਧੂਰੀ ਕਹਾਣੀ

**ਵਾਪੱਲਾ ਬਾਲਚੰਦਰਨ**

ਫਰਾਂਸੀਸੀ ਵਿਅੰਗਕਾਰ ਯਾਂ ਬਪਤਿਸਤੇ ਅਲਫੌਂਸ ਕਾਰ ਨੇ 1849 ਵਿਚ ਆਪਣੀ ਅਖ਼ਬਾਰ 'ਲੇ ਗੁਪਸ' ਵਿਚ ਲਿਖਿਆ ਸੀ ''ਕੋਈ ਚੀਜ਼ ਬਾਹਰੋਂ ਬਦਲਣ ਲਈ ਜਿੰਨਾ ਜ਼ਿਆਦਾ ਜ਼ੋਰ ਮਾਰਦੀ ਹੈ ਤਾਂ ਅੰਦਰੋਂ ਉਂਨੀ ਹੀ ਪਹਿਲਾਂ ਵਾਂਗ ਬਣੀ ਰਹਿੰਦੀ ਹੈ।'' ਉਨ੍ਹਾਂ ਦਾ ਇਹ ਕਥਨ ਅਮਰੀਕਾ ਅਤੇ ਭਾਰਤ ਵਿਚ ਪੁਲੀਸ ਸੁਧਾਰਾਂ ਦੇ ਅਮਲ 'ਤੇ ਬਹੁਤ ਹੱਦ ਤੱਕ ਢੁਕਦਾ ਹੈ। ਅਮਰੀਕਾ ਜਿੱਥੇ 2020 ਵਿਚ ਜੌਰਜ ਫਲਾਇਡ ਅਤੇ ਇਸੇ ਸਾਲ ਟਾਯਰ ਨਿਕੋਲਸ ਨਾਮੀ ਦੋ ਸਿਆਹਫ਼ਾਮ ਮਰਦਾਂ ਦੀ ਪੁਲਿਸ ਵਹਿਸ਼ਤ ਕਾਰਨ ਹੋਈਆਂ ਮੌਤਾਂ ਦੀਆਂ ਘਟਨਾਵਾਂ ਕਰ ਕੇ ਦੇਸ਼ ਦੀ ਰੂਹ ਝੰਜੋੜੀ ਗਈ ਸੀ ਅਤੇ ਦੋਵੇਂ ਮਾਮਲਿਆਂ ਦੇ ਅਧਿਐਨ ਤੋਂ ਕੁਝ ਤੁਲਨਾਤਮਿਕ ਪਹਿਲੂ ਨਜ਼ਰ ਆਉਂਦੇ ਹਨ। ਮੈਂਫਿਸ ਸ਼ਹਿਰ ਵਿਚ ਨਿਕੋਲਸ ਨੂੰ 'ਸਕੌਰਪੀਅਨ' ਨਾਮੀ ਵਿਸ਼ੇਸ਼ ਪੁਲੀਸ ਦਸਤੇ ਨੇ ਨਿਸ਼ਾਨਾ ਬਣਾਇਆ ਸੀ, ਉਸ ਵਿਚ ਪੰਜ ਸਿਆਹਫ਼ਾਮ ਪੁਲੀਸ ਅਫ਼ਸਰ ਵੀ ਸ਼ਾਮਲ ਸਨ ਤੇ ਉਸ ਵਿਚ ਪੁਲੀਸ ਵਲੋਂ ਤਾਕਤ ਦੀ ਨਾਜਾਇਜ਼ ਵਰਤੋਂ ਕੀਤੀ ਗਈ ਸੀ ਜਦਕਿ ਫਲਾਇਡ ਦੀ ਹੱਤਿਆ ਜਾਣ ਬੁੱਝ ਕੇ ਕੀਤੀ ਗਈ ਕਾਰਵਾਈ ਸੀ।

ਭਾਰਤ ਵਿਚ ਅੰਗਰੇਜ਼ਾਂ ਦੇ ਸ਼ਾਸਨ ਵੇਲੇ ਆਇਰਿਸ਼ ਕੰਸਟੇਬੁਲਰੀ ਪ੍ਰਣਾਲੀ ਲਾਗੂ ਕੀਤੀ ਜਾਂਦੀ ਸੀ ਜਿਸ ਅਧੀਨ ਲੋਕਾਂ ਦੇ ਸਥਾਨਕ ਭਾਈਚਾਰੇ ਨੂੰ ਸਿਰਫ਼ ਯਾਚਨਾ ਕਰਨ ਤੋਂ ਇਲਾਵਾ ਪੁਲੀਸ ਨਾਲ ਹੋਰ ਕਿਸੇ ਵੀ ਤਰ੍ਹਾਂ ਦਾ ਰਿਸ਼ਤਾ ਰੱਖਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਸੀ। ਪੁਲੀਸ ਲਾਈਨਸ ਅਤੇ ਕੁਆਰਟਰਜ਼ ਵੀ ਦੂਜੇ ਰਿਹਾਇਸ਼ੀ ਖੇਤਰਾਂ ਤੋਂ ਦੂਰ ਬਣਾਏ ਜਾਂਦੇ ਸਨ। ਮੰਦੇ ਭਾਗੀਂ ਇਹ ਪਰੰਪਰਾ 1947 ਤੋਂ ਬਾਅਦ ਵੀ ਜਾਰੀ ਰਹੀ ਅਤੇ ਪੁਲੀਸ-ਪਬਲਿਕ ਸਬੰਧ ਇਕ ਨਾਅਰੇ ਤੋਂ ਵਧ ਕੇ ਕੁਝ ਵੀ ਨਹੀਂ ਹਨ।

ਅਮਰੀਕਾ ਵਿਚ ਰਵਾਇਤੀ ਤੌਰ 'ਤੇ ਪੁਲਿਸ ਪ੍ਰਣਾਲੀਆਂ ਦੀਆਂ ਜੜ੍ਹਾਂ ਸਥਾਨਕ ਭਾਈਚਾਰਿਆਂ ਵਿਚ ਬਹੁਤ ਗਹਿਰੀਆਂ ਲੱਗੀਆਂ ਹੋਈਆਂ ਹਨ। ਇਸ ਦੇ ਸਿੱਟੇ ਵਜੋਂ ਅਮਰੀਕਾ ਵਿਚ ਫੈਡਰਲ, ਪ੍ਰਾਂਤਕ, ਸ਼ੈਰਿਫ, ਕਾਊਂਟੀ ਅਤੇ ਮਿਉਂਸਪਲ ਪੱਧਰ 'ਤੇ ਕਰੀਬ 18000 ਪੁਲਿਸ ਪ੍ਰਣਾਲੀਆਂ ਚੱਲਦੀਆਂ ਹਨ ਜਿਨ੍ਹਾਂ 'ਚੋਂ ਹਰੇਕ ਪ੍ਰਣਾਲੀ ਦੇ ਆਪਣੇ ਵੱਖਰੇ ਨੇਮ ਬਣੇ ਹੋਏ ਹਨ। ਇਹੀ ਨਹੀਂ ਸਗੋਂ ਸਥਾਨਕ ਅਮਰੀਕੀ ਭਾਈਚਾਰਿਆਂ ਦੇ ਸੰਗਠਨ ਪੁਲਿਸ 'ਤੇ ਨਿਗਰਾਨੀ ਰੱਖਣ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਤੋਂ ਇਲਾਵਾ, ਕੋਈ ਵੀ ਪੁਲੀਸ ਸਿਸਟਮ ਗ੍ਰਿਫ਼ਤਾਰੀ ਆਦਿ ਕਰਨ ਸਮੇਂ ਕਾਨੂੰਨ ਅਤੇ ਜ਼ਾਬਤੇ ਦੀ ਹੱਦ ਪਾਰ ਨਹੀਂ ਕਰ ਸਕਦਾ। ਇਸ ਦੇ ਬਾਵਜੂਦ ਅਮਰੀਕਾ ਵਿਚ ਪੁਲੀਸ ਵਧੀਕੀ ਦੀਆਂ ਘਟਨਾਵਾਂ ਬੰਦ ਕਿਉਂ ਨਹੀਂ ਹੋ ਸਕੀਆਂ?

ਅਮਰੀਕਾ ਵਿਚ 120 ਦੇ ਕਰੀਬ ਮਾਹਿਰਾਂ ਵਲੋਂ ਚਲਾਈ ਜਾਂਦੀ ਹੈਲਥ ਵੈਬਸਾਈਟ 'ਵੈਰੀਵੈੱਲ' ਵਲੋਂ ਲੰਘੀ 23 ਜਨਵਰੀ ਨੂੰ ਜਾਰੀ ਕੀਤੀ ਗਈ ਇਕ ਰਿਪੋਰਟ ਵਿਚ ਪੁਲੀਸ ਵਧੀਕੀਆਂ ਦੇ ਅੰਕੜੇ ਦਿੱਤੇ ਗਏ ਹਨ। 2018 ਵਿਚ 6 ਕਰੋੜ 15 ਲੱਖ ਲੋਕਾਂ ਦਾ ਪੁਲੀਸ ਪ੍ਰਣਾਲੀਆਂ ਨਾਲ ਵਾਹ ਪਿਆ ਸੀ ਜਿਨ੍ਹਾਂ 'ਚੋਂ ਸਿਰਫ਼ 2 ਫ਼ੀਸਦ ਲੋਕਾਂ ਨੂੰ 'ਧਮਕੀ ਜਾਂ ਬਲ ਪ੍ਰਯੋਗ ਦਾ ਅਨੁਭਵ' ਹੋਇਆ ਸੀ। ਇਨ੍ਹਾਂ 'ਚੋਂ ਵੀ ਜ਼ਿਆਦਾਤਰ ਨੂੰ ਟਰੈਫਿਕ ਨੇਮਾਂ ਦੀ ਉਲੰਘਣਾ ਦੌਰਾਨ ਅਜਿਹਾ ਵਰਤਾਓ ਝੱਲਣਾ ਪਿਆ ਸੀ। ਉਂਝ, ਬਹੁਤੀ ਸਮੱਸਿਆ ਸਿਆਸੀ ਪ੍ਰਦਰਸ਼ਨਾਂ ਜਾਂ ਨਸਲੀ ਵਾਰਦਾਤਾਂ ਮੌਕੇ ਪੇਸ਼ ਆਉਂਦੀ ਹੈ। ਰਿਪੋਰਟ ਵਿਚ ਪੁਲੀਸ ਫਾਇਰਿੰਗ ਬਾਰੇ 'ਵਾਸ਼ਿੰਗਟਨ ਪੋਸਟ' ਦੇ ਡੇਟਾਬੇਸ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਮੁਤਾਬਕ ''ਅਮਰੀਕਾ ਵਿਚ ਹਰ ਸਾਲ ਪੁਲੀਸ ਫਾਇਰਿੰਗ ਵਿਚ ਅੰਦਾਜ਼ਨ 1000 ਲੋਕ ਮਾਰੇ ਜਾਂਦੇ ਹਨ।''

ਫਿਰ ਵੀ, ਰਿਪੋਰਟ ਮੁਤਾਬਕ 2005 ਤੋਂ ਲੈ ਕੇ ਹੁਣ ਤੱਕ ਸਿਰਫ਼ 110 ਪੁਲੀਸ ਅਫ਼ਸਰਾਂ ਖਿਲਾਫ਼ ਹੱਤਿਆ ਜਾਂ ਹੱਤਿਆਂ ਦੇ ਇਰਾਦੇ ਦੇ ਦੋਸ਼ਾਂ ਅਧੀਨ ਮੁਕੱਦਮੇ ਚਲਾਏ ਗਏ ਹਨ ਅਤੇ ਇਨ੍ਹਾਂ 'ਚੋਂ ਸਿਰਫ਼ 42 ਪੁਲੀਸ ਅਫ਼ਸਰਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਨਤੀਜਤਨ, ''ਸ਼ਕਤੀ ਦੇ ਇਸਤੇਮਾਲ ਨੂੰ ਕਾਨੂੰਨਨ ਜਾਇਜ਼ ਬਣਾ ਦਿੱਤਾ ਗਿਆ ਹੈ ਕਿਉਂਕਿ ਹਰ ਕੋਈ ਇਹ ਕਰਦਾ ਹੈ ਅਤੇ ਕੋਈ ਵੀ ਇਸ ਦੀ ਗੱਲ ਹੀ ਨਹੀਂ ਕਰਦਾ।''

ਸਾਲ 2014 ਵਿਚ ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇੱਕੀਵੀਂ ਸਦੀ ਦੀ ਪੁਲੀਸਦਾਰੀ ਬਾਰੇ ਇਕ ਟਾਸਕ ਫੋਰਸ ਦਾ ਗਠਨ ਕੀਤਾ ਸੀ ਤਾਂ ਕਿ ਪੁਲਿਸ ਅਤੇ ਭਾਈਚਾਰੇ ਵਿਚਕਾਰ ਟਕਰਾਅ ਘੱਟ ਕਰਨ ਦੇ ਤੌਰ ਤਰੀਕੇ ਲੱਭੇ ਜਾ ਸਕਣ। ਇਸ ਦਾ ਐਲਾਨ 9 ਅਗਸਤ 2014 ਨੂੰ ਮਿਸੂਰੀ ਵਿਖੇ ਇਕ ਗੋਰੇ ਪੁਲੀਸ ਅਫ਼ਸਰ ਵਲੋਂ ਇਕ ਸਿਆਹਫ਼ਾਮ ਨੌਜਵਾਨ ਮਾਈਕਲ ਬ੍ਰਾਊਨ ਦੀ ਹੱਤਿਆ ਤੋਂ ਬਾਅਦ ਕੀਤਾ ਗਿਆ ਸੀ। ਰਾਸ਼ਟਰਪਤੀ ਓਬਾਮਾ ਨੇ ਮੁਜ਼ਾਹਰਾਕਾਰੀ ਹਜੂਮ 'ਤੇ ਤਾਕਤ ਦੇ ਇਸਤੇਮਾਲ ਦੀ ਨਿਖੇਧੀ ਕੀਤੀ ਸੀ। ਇਸ ਘਟਨਾ ਤੋਂ ਬਾਅਦ ਸਾਲ ਭਰ ਰੋਸ ਮੁਜ਼ਾਹਰੇ ਤੇ ਦੰਗੇ ਚਲਦੇ ਰਹੇ ਸਨ।

ਟਾਸਕ ਫੋਰਸ ਵਿਚ ਫਿਲਾਡੈਲਫੀਆ ਦੇ ਪੁਲਿਸ ਕਮਿਸ਼ਨਰ ਤੋਂ ਇਲਾਵਾ ਪੁਲੀਸ ਯੂਨੀਅਨ ਦੇ ਆਗੂ, ਵਿਦਵਾਨ ਤੇ ਸ਼ਹਿਰੀ ਹਕੂਕ ਦੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਸਮੇਤ ਦਸ ਮੈਂਬਰ ਸ਼ਾਮਲ ਸਨ। ਟਾਸਕ ਫੋਰਸ ਨੇ ਭਵਿੱਖ ਦੀ ਪੁਲਿਸ-ਦਾਰੀ (ਪੁਲੀਸ ਦੇ ਕੰਮ ਕਾਜ) ਦੇ ਛੇ ਸਤੰਭ ਘੜੇ ਸਨ ਜਿਨ੍ਹਾਂ ਵਿਚ ਬੇਲਾਗ ਪੁਲਿਸਦਾਰੀ, ਪੁਲੀਸਦਾਰੀ 'ਤੇ ਸਥਾਨਕ ਭਾਈਚਾਰੇ ਦੀ ਨਿਗਰਾਨੀ, ਵਿਅਕਤੀਗਤ ਸਨਮਾਨ ਅਤੇ ਮਨੁੱਖੀ ਹੱਕਾਂ ਦਾ ਸਤਿਕਾਰ, ਭਾਈਚਾਰੇ ਦੇ ਸਮਾਗਮਾਂ ਵਿਚ ਪੁਲੀਸ ਦੀ ਸ਼ਮੂਲੀਅਤ, ਤਕਨਾਲੋਜੀ ਦੀ ਵਰਤੋਂ ਅਤੇ ਪੁਲੀਸ ਅਫ਼ਸਰਾਂ ਦੀ ਜਿਸਮਾਨੀ ਤੇ ਮਾਨਸਿਕ ਸਿਹਤ ਯਕੀਨੀ ਬਣਾਉਣਾ, ਸ਼ਾਮਲ ਸਨ।

ਸੂਬਾਈ, ਕਾਊਂਟੀ ਅਤੇ ਮਿਉਂਸਪਲ ਸੰਸਥਾਵਾਂ ਨੂੰ ਇਨ੍ਹਾਂ ਸੇਧਾਂ ਨੂੰ ਧਿਆਨ ਵਿਚ ਰੱਖਦੇ ਹੋਏ ਨਵੇਂ ਸਿਰਿਓਂ ਆਪੋ ਆਪਣੇ ਐਸਓਪੀਜ਼ (ਕੰਮਕਾਜ ਕਰਨ ਦੇ ਇਕਸਾਰ ਨੇਮ) ਤਿਆਰ ਕਰਨ ਲਈ ਕਿਹਾ ਗਿਆ। ਪੁਲੀਸ ਨੂੰ ਭਾਈਚਾਰਕ ਮੀਟਿੰਗਾਂ, ਚਰਚ ਦੀਆਂ ਇਕੱਤਰਤਾਵਾਂ ਅਤੇ ਹੋਰਨਾਂ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਆਖਿਆ ਗਿਆ ਤਾਂ ਕਿ ਭਾਈਚਾਰਾ ਜਾਣ ਸਕੇ ਉਹ ਪੁਲੀਸ (ਉਨ੍ਹਾਂ) ਦੀ ਗੱਲ ਸੁਣਦੀ ਹੈ। ਪੁਲੀਸ ਦੇ ਉਚੇਰੇ ਪ੍ਰਬੰਧਨ ਨੂੰ ਵੀ ਉਸ ਦੇ ਪੁਲੀਸ ਅਫ਼ਸਰਾਂ ਦੀ ਗੱਲ ਸੁਣਨ ਲਈ ਕਿਹਾ ਗਿਆ। ਸਭ ਤੋਂ ਵਧ ਕੇ ਇਹ ਕਿ ਪੁਲੀਸ ਨੂੰ ਸਰਵੇਖਣਾਂ, ਫੋਕਸ ਗਰੁਪਾਂ, ਸੋਸ਼ਲ ਮੀਡੀਆ ਅਤੇ ਇੰਟਰਵਿਊਜ਼ ਜਿਹੇ ਰਸਮੀ ਤੇ ਗ਼ੈਰ ਰਸਮੀ ਉਪਬੰਧਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਕਿ ਉਹ ਭਾਈਚਾਰੇ ਦੇ ਸਰੋਕਾਰਾਂ ਦੀ ਥਾਹ ਪਾ ਸਕੇ।

ਅਫ਼ਸੋਸ ਦੀ ਗੱਲ ਇਹ ਕਿ ਟਾਸਕ ਫੋਰਸ ਦੀਆਂ ਸਿਫ਼ਾਰਸ਼ਾਂ ਤਾਕਤ ਦੇ ਨਾਜਾਇਜ਼ ਇਸਤੇਮਾਲ ਕਾਰਨ ਹੁੰਦੀਆਂ ਮੌਤਾਂ ਦੀ ਰੋਕਥਾਮ ਨਹੀਂ ਕਰ ਸਕੀਆਂ। 13 ਮਾਰਚ, 2020 ਨੂੰ ਕੈਂਟੱਕੀ ਸੂਬੇ ਦੇ ਲੂਈਸਵਿਲੇ ਵਿਖੇ ਇਕ ਛੱਬੀ ਸਾਲਾ ਸਿਆਹਫ਼ਾਮ ਔਰਤ ਬ੍ਰਿਓਨਾ ਟੇਅਲਰ ਉਦੋਂ ਮਾਰੀ ਗਈ ਸੀ ਜਦੋਂ ਤਲਾਸ਼ੀ ਲਈ ਪੁੱਜੇ ਪੁਲਿਸ ਦਸਤੇ ਨੇ ਟੇਅਲਰ ਦੇ ਬੁਆਏਫ੍ਰੈਂਡ ਵਲੋਂ ਗੋਲੀ ਚਲਾਉਣ ਦੇ ਜਵਾਬ ਵਜੋਂ 32 ਰੌਂਦ ਚਲਾਏ ਸਨ।

'ਵੈਰੀਵੈੱਲ' ਦਾ ਖਿਆਲ ਹੈ ਕਿ ਤਾਕਤ ਦੀ ਨਾਜਾਇਜ਼ ਵਰਤੋਂ ਕਰਨ ਵਾਲੇ ਜ਼ਿਆਦਾਤਰ ਪੁਲੀਸ ਅਫ਼ਸਰ ਗੁੱਝੇ ਤੌਰ 'ਤੇ ਕਿਸੇ ਸਮਾਜਕ ਸਮੂਹ ਪ੍ਰਤੀ ਵੈਰਭਾਵੀ ਮਨੋਦਸ਼ਾ ਜਾਂ ਵਿਸ਼ਵਾਸ ਨਾਲ ਗ੍ਰਸੇ ਹੋਏ ਸਨ ਜਿਨ੍ਹਾਂ ਦੇ ਇਸ ਰੋਗ ਦਾ ਇਲਾਜ ਕਰਵਾਉਣ ਦੀ ਲੋੜ ਹੈ। ਇਹ ਗੁੱਝੀ ਮਨੋਦਸ਼ਾ ਅਵਚੇਤਨ ਪੱਧਰ 'ਤੇ ਕੰਮ ਕਰਦੀ ਹੈ ਜਦਕਿ ਪ੍ਰਤੱਖ ਰੂਪ ਵਿਚ ਨਜ਼ਰ ਆਉਂਦੀ ਅਜਿਹੀ ਮਨੋਦਸ਼ਾ ਚੇਤਨ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਇਸ 'ਤੇ ਸੌਖੇ ਢੰਗ ਨਾਲ ਕਾਬੂ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਨ੍ਹਾਂ 'ਚੋਂ ਬਹੁਤੇ ਪੁਲੀਸ ਅਫ਼ਸਰਾਂ ਨੂੰ ਤਣਾਓ ਦੇ ਸਦਮੇ ਨਾਲ ਸਿੱਝਣ ਲਈ ਥੈਰੇਪੀ ਦੀ ਲੋੜ ਹੁੰਦੀ ਹੈ ਕਿਉਂਕਿ ਹਰ ਕੋਈ ਤਣਾਓ ਨਾਲ ਬਰਾਬਰ ਸਿੱਝਣ ਦੇ ਸਮੱਰਥ ਨਹੀਂ ਹੁੰਦਾ।

ਮੇਰੇ ਖਿਆਲ ਵਿਚ ਮੂਲ ਸਮੱਸਿਆ ਇਹ ਹੈ ਕਿ ਅਮਰੀਕਾ ਵਿਚ ਹਥਿਆਰਾਂ 'ਤੇ ਰੋਕਥਾਮ ਦੇ ਕਾਨੂੰਨ ਦੀ ਅਣਹੋਂਦ ਪਾਈ ਜਾਂਦੀ ਹੈ ਅਤੇ ਕਿਸੇ ਵੀ ਅਧਿਐਨ ਵਿਚ ਇਸ ਵੱਲ ਧਿਆਨ ਨਹੀਂ ਦਿੱਤਾ ਗਿਆ। ਅਮਰੀਕਾ ਵਿਚ ਹਰੇਕ ਨਾਗਰਿਕ ਮਹਿਸੂਸ



ਕਰਦਾ ਹੈ ਕਿ ਸੰਵਿਧਾਨ ਦੀ ਦੂਜੀ ਸੋਧ ਦੀ ਅਵੱਗਿਆ ਨਹੀਂ ਕੀਤੀ ਜਾਣੀ ਚਾਹੀਦੀ ਜਿਸ ਤਹਿਤ 'ਲੋਕਾਂ ਨੂੰ ਹਥਿਆਰ ਰੱਖਣ ਅਤੇ ਧਾਰਨ ਕਰਨ ਦੇ ਹੱਕ ਦੀ ਜ਼ਾਮਨੀ ਦਿੱਤੀ ਗਈ ਹੈ।'

ਅਮਰੀਕਾ ਦੇ ਮੁਕਾਬਲੇ ਭਾਰਤ ਵਿਚ ਪੁਲੀਸ ਵਧੀਕੀਆਂ ਦੀ ਬਜਾਏ ਪੁਲੀਸ ਪ੍ਰਣਾਲੀ ਅਤੇ ਕਾਨੂੰਨਾਂ ਦੇ ਸਿਆਸੀਕਰਨ ਦਾ ਮਸਲਾ ਜ਼ਿਆਦਾ ਸੰਗੀਨ ਹੈ। ਇੱਥੇ ਲੋਕਾਂ ਨੂੰ ਖੁਸ਼ਫਹਿਮੀ ਹੈ ਕਿ ਜੇ ਸਾਰੇ ਸੂਬੇ 2006 ਵਿਚ ਸੁਪਰੀਮ ਕੋਰਟ ਵਲੋਂ ਦਿੱਤੀਆਂ ਗਈਆਂ ਸੱਤ ਸਿਫ਼ਾਰਸ਼ਾਂ ਦੇ ਆਦੇਸ਼ਾਂ ਨੂੰ ਲਾਗੂ ਕਰ ਦੇਣ ਤਾਂ ਇਕ ਆਦਰਸ਼ ਪੁਲੀਸ ਸਿਸਟਮ ਬਣ ਸਕਦਾ ਹੈ। ਇਨ੍ਹਾਂ ਸਿਫ਼ਾਰਸ਼ਾਂ ਵਿਚ ਸੂਬਾਈ ਸੁਰੱਖਿਆ ਕਮਿਸ਼ਨ ਦੀ ਸਥਾਪਨਾ, ਡੀਜੀਪੀ ਦੀ ਮੈਰਿਟ ਦੇ ਆਧਾਰ 'ਤੇ ਨਿਯੁਕਤੀ, ਨਿਸ਼ਚਤ ਕਾਰਜਕਾਲ, ਜਾਂਚ ਜਾਂ ਤਫ਼ਤੀਸ਼ ਨੂੰ ਕਾਨੂੰਨ ਵਿਵਸਥਾ ਨਾਲੋਂ ਵੱਖ ਕਰਨਾ, ਪੁਲੀਸ ਵਿਵਸਥਾ ਬੋਰਡ ਦਾ ਗਠਨ, ਪੁਲੀਸ ਖਿਲਾਫ਼ ਸ਼ਿਕਾਇਤ ਅਥਾਰਿਟੀ ਦੀ ਸਥਾਪਨਾ ਅਤੇ ਸੀਨੀਅਰ ਅਫਸਰਾਂ ਦੀ ਸਿਲੈਕਸ਼ਨ ਲਈ ਰਾਸ਼ਟਰੀ ਸੁਰੱਖਿਆ ਕਮਿਸ਼ਨ ਦੀ ਸਥਾਪਨਾ ਸ਼ਾਮਲ ਸਨ। ਅਫ਼ਸੋਸ ਦੀ ਗੱਲ ਇਹ ਹੈ ਕਿ ਇਨ੍ਹਾਂ 'ਚੋਂ ਕੋਈ ਵੀ ਕਦਮ ਅਜਿਹਾ ਨਹੀਂ ਹੈ ਜਿਸ ਨਾਲ ਆਮ ਨਾਗਰਿਕ ਨੂੰ ਨਿਆਂ ਮਿਲਣਾ ਯਕੀਨੀ ਬਣ ਸਕੇ। ਜਿਵੇਂ ਕਿ ਮੀਡੀਆ ਰਿਪੋਰਟਾਂ ਤੋਂ ਇਹ ਗੱਲ ਨੁਮਾਇਆ ਹੁੰਦੀ ਹੈ ਕਿ ਇਨ੍ਹਾਂ 'ਚੋਂ ਕਈ ਕਦਮ ਪੁੱਟਣ ਦੇ ਬਾਵਜੂਦ ਪੁਲੀਸ ਨੂੰ ਸਿਆਸਤਦਾਨਾਂ ਦੇ ਚੁੰਗਲ 'ਚੋਂ ਆਜ਼ਾਦ ਕਰਾਉਣ ਦਾ ਮੂਲ ਉਦੇਸ਼ ਪੂਰਾ ਨਹੀਂ ਹੋ ਸਕਿਆ। ਇਕ ਪੱਖ ਤੋਂ ਵੇਖਿਆ ਜਾਵੇ ਤਾਂ ਭਾਰਤੀ ਪੁਲੀਸ ਅਫ਼ਸਰ ਆਪਣੇ ਅਮਰੀਕੀ ਹਮਰੁਤਬਿਆਂ ਨਾਲੋਂ ਬਿਹਤਰ ਜਾਪਦੇ ਹਨ ਕਿਉਂਕਿ ਉਨ੍ਹਾਂ ਨੂੰ ਤਣਾਓ ਘਟਾਉਣ ਲਈ ਸੂਬਾਈ ਸੂਹੀਆ ਵਿਭਾਗ ਜਾਂ ਕੇਂਦਰੀ ਡੈਪੂਟੇਸ਼ਨਾਂ ਜਿਹੀਆਂ ਬਦਲਵੀਆਂ ਜ਼ਿੰਮੇਵਾਰੀਆਂ ਹਾਸਲ ਹੋ ਜਾਂਦੀਆਂ ਹਨ ਜਿੱਥੇ ਉਨ੍ਹਾਂ ਨੂੰ ਰੋਜ਼ਮਰ੍ਹਾ ਦੀਆਂ ਕਾਨੂੰਨ ਵਿਵਸਥਾ ਦੀਆਂ ਸਥਿਤੀਆਂ ਨਾਲ ਸਿੱਝਣਾ ਨਹੀਂ ਪੈਂਦਾ। ਦੂਜੇ ਬੰਨੇ, ਅਮਰੀਕਾ ਵਿਚ ਇਕ ਪੈਟਰੋਲ ਅਫ਼ਸਰ ਲਈ ਆਮ ਤੌਰ 'ਤੇ ਡੈਸਕ ਡਿਊਟੀ ਬਦਲਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਸ਼ਾਇਦ ਇਸੇ ਕਰ ਕੇ ਇਸ ਕਿਸਮ ਦੀ ਪੁਲੀਸ ਵਹਿਸ਼ਤ ਭਾਰਤ ਵਿਚ ਵਾਪਰਦੀ ਦਿਖਾਈ ਨਹੀਂ ਦਿੰਦੀ।

# ਪੰਜਾਬ ਵਿਚ ਨਸ਼ਿਆਂ ਦੇ ਕਾਰੋਬਾਰੀਆਂ ਨੂੰ ਬਖਸ਼ਾਂਗੇ ਨਹੀਂ- ਮੁੱਖ ਮੰਤਰੀ


ਚੰਡੀਗੜ੍ਹ- ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ ’ਤੇ ਪੰਜਾਬ ਸਰਕਾਰ ਸੂਬੇ ’ਚ ਨਸ਼ਿਆਂ ਦੇ ਕਾਰੋਬਾਰ ਨਾਲ ਸਬੰਧਤ ਰਿਪੋਰਟ ’ਚ ਨਾਮਜ਼ਦ ਵਿਅਕਤੀਆਂ ਖਿਲਾਫ ਛੇਤੀ ਹੀ ਕਾਰਵਾਈ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਬਰਬਾਦ ਕਰਨ ਵਾਲੇ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਮੁੱਖ ਮੰਤਰੀ ਨੇ ਇਕ ਬਿਆਨ ਵਿੱਚ ਕਿਹਾ ਕਿ ਸੂਬੇ ਦੀਆਂ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੌਰਾਨ ਫੈਲੇ ਨਸ਼ਿਆਂ ਦੇ ਕਾਰੋਬਾਰ ਨੇ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਦੋਵਾਂ ਪਾਰਟੀਆਂ ਦੇ ਰਸੂਖਦਾਰ ਆਗੂਆਂ ਨੇ ਅਫਸਰਸ਼ਾਹੀ ਅਤੇ ਨਸ਼ਾ ਤਸਕਰਾਂ ਦੀ ਮਿਲੀਭੁਗਤ ਨਾਲ ਇਸ ਗੈਰ-ਕਾਨੂੰਨੀ ਧੰਦੇ ਦੀ ਪੁਸ਼ਤਪਨਾਹੀ ਕੀਤੀ ਤਾਂ ਜੋ ਗੈਰ-ਕਾਨੂੰਨੀ ਢੰਗ ਨਾਲ ਪੈਸਾ ਇਕੱਠਾ ਕੀਤਾ ਜਾ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਸ ਘਿਣਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ ’ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਸਲਾਖਾਂ ਪਿੱਛੇ ਡੱਕਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁੱਦੇ ਦੀ ਜਾਂਚ ਰਿਪੋਰਟ ਲੰਬੇ ਸਮੇਂ ਤੋਂ ਲਟਕ ਰਹੀ ਸੀ ਕਿਉਂਕਿ ਪਿਛਲੀ ਸਰਕਾਰ ਵਿੱਚੋਂ ਕੋਈ ਵੀ ਪੰਜਾਬ ਦੇ ਭਵਿੱਖ ਨੂੰ ਤਬਾਹ ਕਰਨ ਵਾਲੀਆਂ ਤਾਕਤਾਂ ਵਿਰੁੱਧ ਕਾਰਵਾਈ ਕਰਨ ਲਈ ਸੱਚੇ ਦਿਲੋਂ ਸੁਹਿਰਦ ਨਹੀਂ ਸੀ। ਮੁੱਖ



ਮੰਤਰੀ ਨੇ ਕਿਹਾ ਕਿ ਹੁਣ ਜਦੋਂ ਉਨ੍ਹਾਂ ਨੂੰ ਹਾਈਕੋਰਟ ਤੋਂ ਤਿੰਨ ਪੈਕਟਾਂ ਵਿੱਚ ਰਿਪੋਰਟ ਹਾਸਲ ਹੋਈ ਹੈ, ਪੰਜਾਬ ਤੇ ਇੱਥੋਂ ਦੇ ਨੌਜਵਾਨਾਂ ਦੀਆਂ ਦੁਸ਼ਮਣ ਤਾਕਤਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਲੋਕਾਂ ਖਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇਗੀ, ਜਿਨ੍ਹਾਂ ਦੇ ਹੱਥ ਨਸ਼ੇ ਦੀ ਅਲਾਮਤ ਦਾ ਸ਼ਿਕਾਰ ਹੋਏ ਅਣਗਿਣਤ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਜ਼ਿਕਰਯੋਗ ਹੈ ਕਿ ਇਹ ਰਿਪੋਰਟਾਂ ਪੰਜ ਸਾਲਾਂ ਤੋਂ ਲਟਕ ਰਹੀਆਂ ਸਨ। ‘ਆਪ’ ਸਰਕਾਰ ਨੇ ਦੋਸ਼ ਲਾਇਆ ਹੈ ਕਿ ਪਿਛਲੀ ਕਾਂਗਰਸ ਸਰਕਾਰ ਨੇ ਇਸ ’ਤੇ ਕੋਈ ਕਾਰਵਾਈ ਨਹੀਂ ਕੀਤੀ ਸੀ, ਪਰ ਅਹੁਦਾ ਸੰਭਾਲਣ ਤੋਂ ਬਾਅਦ ਭਗਵੰਤ ਮਾਨ ਨੇ ਲੰਘੀ 15 ਫਰਵਰੀ ਨੂੰ ਹਾਈ ਕੋਰਟ ’ਚ ਸਹਿਮਤੀ ਦੇ ਦਿੱਤੀ ਸੀ। ਮੁੱਖ ਮੰਤਰੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਕੀਤੀਆਂ ਸਾਰੀਆਂ ਸੀਲਬੰਦ ਰਿਪੋਰਟਾਂ ਜਨਤਕ ਕਰਨ ਲਈ ਸਹਿਮਤੀ ਦਿੱਤੀ ਸੀ, ਜੋ ਪੁਲੀਸ ਅਧਿਕਾਰੀਆਂ ਅਤੇ ਨਸ਼ਾ ਤਸਕਰਾਂ ਵਿਚਕਾਰ ਗਠਜੋੜ ਨੂੰ ਦਰਸਾਉਂਦੀਆਂ ਹਨ। ਇਹ ਰਿਪੋਰਟਾਂ ਵਿਸ਼ੇਸ਼ ਜਾਂਚ ਟੀਮ ਵੱਲੋਂ ਪੇਸ਼ ਕੀਤੀਆਂ ਗਈਆਂ ਸਨ, ਜਿਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਸੀ। ਸਰਕਾਰ ਦਾ ਦਾਅਵਾ ਹੈ ਕਿ ਇਸ ਕਾਰਵਾਈ ਨੇ ਲੰਬੇ ਸਮੇਂ ਤੋਂ ਇਸ ਧੰਦੇ ਵਿਚ ਸ਼ਾਮਲ ਅਫਸਰਾਂ-ਸਿਆਸਤਦਾਨਾਂ ਅਤੇ ਨਸ਼ਾ ਤਸਕਰਾਂ ਦੇ ਮਜ਼ਬੂਤ ਗੱਠਜੋੜ ਖਿਲਾਫ ਸਖਤ ਕਾਰਵਾਈ ਦਾ ਰਾਹ ਪੱਧਰਾ ਕਰ ਦਿੱਤਾ ਹੈ। ਸਰਕਾਰ ਦੇ ਇਸ ਐਲਾਨ ਤੋਂ ਬਾਅਦ ਰਸੂਖਦਾਰ ਵਿਅਕਤੀਆਂ ’ਚ ਸਹਿਮ ਦਾ ਮਹੌਲ ਹੈ। ਹਾਈ ਕੋਰਟ ਵਿਚ ਹਾਲੇ ਵੀ ਇੱਕ ਰਿਪੋਰਟ ਸੀਲਬੰਦ ਹੀ ਪਈ ਹੈ।

# ਉੱਡ ਗਈ ਚਿੜੀ ਆ ਗਿਆ ਕੁੱਤਾ, ਐਲਨ ਮਸਕ ਨੇ ਟਵਿੱਟਰ ਦੇ ਲੋਗੋ ’ਚ ਕੀਤਾ ਬਦਲਾਅ

ਵਾਸ਼ਿੰਗਟਨ- ਐਲਨ ਮਸਕ ਨੇ ਮੰਗਲਵਾਰ ਨੂੰ ਟਵਿੱਟਰ ਦਾ ਲੋਗੋ ਬਦਲ ਦਿੱਤਾ। ਹੁਣ ਲੋਗੋ ਵਿੱਚ ਨੀਲੇ ਪੰਛੀ ਦੀ ਥਾਂ ਕੁੱਤਾ ਦਿਖਾਈ ਦੇ ਰਿਹਾ ਹੈ। ਜਦੋਂ ਤੋਂ ਐਲਨ ਮਸਕ ਨੇ ਟਵਿੱਟਰ ਹਾਸਲ ਕੀਤਾ ਹੈ, ਉਸ ਨੇ ਕਈ ਬਦਲਾਅ ਕੀਤੇ ਹਨ। ਪਹਿਲਾਂ ਬਲੂ ਟਿੱਕ ਲਈ ਸਬਸਕ੍ਰਿਪਸ਼ਨ ਸੇਵਾ ਸ਼ੁਰੂ ਕੀਤੀ, ਹੁਣ ਉਨ੍ਹਾਂ ਨੇ ਟਵਿਟਰ ਦਾ ਲੋਗੋ ਵੀ ਬਦਲ ਦਿੱਤਾ ਹੈ। ਟਵਿੱਟਰ ਉਪਭੋਗਤਾਵਾਂ ਨੇ ਸੋਮਵਾਰ ਨੂੰ ਟਵਿੱਟਰ ਦੇ ਵੈੱਬ ਸੰਸਕਰਣ 'ਤੇ 'ਡੋਜ' ਮੀਮ ਨੂੰ ਦੇਖਿਆ, ਜੋ ਡੋ-ਗੇਕੋਇਨ ਬਲਾਕਚੈਨ ਅਤੇ ਕ੍ਰਿਪਟੋਕੁਰੰਸੀ ਦੇ ਲੋਗੋ ਦਾ ਹਿੱਸਾ ਹੈ ਅਤੇ 2013 ਵਿੱਚ ਇੱਕ ਮਜ਼ਾਕ ਵਜੋਂ ਬਣਾਇਆ ਗਿਆ ਸੀ। ਮਸਕ ਨੇ ਆਪਣੇ ਅਕਾਊਂਟ 'ਤੇ ਇੱਕ ਖੁਸ਼ਹਾਲ ਪੋਸਟ ਵੀ ਸਾਂਝੀ ਕੀਤੀ, ਜਿਸ



ਵਿੱਚ ਇੱਕ ਕਾਰ ਵਿੱਚ 'ਡੋਗੇ' ਮੀਮ (ਸ਼ੀਬਾ ਇਨੂ ਦਾ ਚਿਹਰਾ ਦਿਖਾਇਆ ਗਿਆ) ਅਤੇ ਇੱਕ ਪੁਲਿਸ ਅਧਿਕਾਰੀ, ਜੋ ਉਸਦੇ ਡਰਾਈਵਰ ਲਾਇਸੈਂਸ ਨੂੰ ਵੇਖ ਰਿਹਾ ਸੀ, ਨੂੰ ਕਿਹਾ ਕਿ ਉਸਦੀ ਫੋਟੋ ਬਦਲ ਦਿੱਤੀ ਗਈ ਹੈ। ਖਾਸ ਗੱਲ ਇਹ ਹੈ ਕਿ ਟਵਿਟਰ ਦੀ ਮੋਬਾਈਲ ਐਪ 'ਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਜਿਕਰਯੋਗ ਹੈ ਕਿ ਡੋਗੇਕੋਇਨ ਬਲਾਕਚੈਨ ਅਤੇ ਕ੍ਰਿਪਟੋਕਰੰਸੀ ਦੇ ਲੋਗੋ ਵਜੋਂ ਜਾਣੇ ਜਾਂਦੇ ਕੁੱਤੇ (ਸ਼ੀਬਾ ਇਨੂ ਦੀ) ਦੀ ਤਸਵੀਰ ਨੂੰ 2013 ਵਿੱਚ ਮਜ਼ਾਕ ਵਜੋਂ ਬਣਾਇਆ ਗਿਆ ਸੀ।ਟਵਿੱਟਰ ਦੇ ਸੀਈਓ ਨੇ 26 ਮਾਰਚ, 2022 ਦਾ ਇੱਕ ਸਕ੍ਰੀਨਸ਼ੌਟ ਵੀ ਸਾਂਝਾ ਕੀਤਾ, ਉਸ ਦੇ ਅਤੇ ਅਗਿਆਤ ਖਾਤੇ ਵਿਚਕਾਰ ਗੱਲਬਾਤ ਜਿੱਥੇ ਬਾਅਦ ਵਾਲੇ ਪੰਛੀ ਨੂੰ ਲੋਗੋ ਨੂੰ "ਡੋਜ" ਵਿੱਚ ਬਦਲਣ ਲਈ ਕਹਿ ਰਿਹਾ ਸੀ। ਟਵਿੱਟਰ 'ਤੇ ਇਸ ਪੋਸਟ ਨੂੰ ਸਾਂਝਾ ਕਰਦੇ ਹੋਏ, ਮਸਕ ਨੇ ਲਿਖਿਆ, "ਜਿਵੇਂ ਵਾਅਦਾ ਕੀਤਾ ਗਿਆ ਸੀ।"

# ਸੰਸਦ ਦੀ ਕਾਰਵਾਈ ਠੱਪ ਹੋਣ ਕਾਰਨ ਕਰੋੜਾਂ ਰੁਪਏ ਦੀ ਹੋ ਰਹੀ ਬਰਬਾਦੀ- ਸੰਤ ਸੀਚੇਵਾਲ

ਨਵੀ ਦਿੱਲੀ- ਸੱਤਾਧਾਰੀ ਤੇ ਵਿਰੋਧੀ ਧਿਰ ਦੇ ਹੰਗਾਮੇ ਕਾਰਨ ਠੱਪ ਪਈ ਸੰਸਦ ਦੀ ਕਾਰਵਾਈ ਸਬੰਧੀ ਰਾਜ ਸਭਾ ਦੇ ਚੇਅਰਮੈਨ ਨੂੰ ਰਾਜ ਸਭਾ ਮੈਂਬਰ ਪਦਮਸ਼੍ਰੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਇਕ ਪੱਤਰ ਲਿਖਿਆ ਹੈ। ਪੱਤਰ 'ਚ ਉਨ੍ਹਾਂ ਲਿਖਿਆ ਕਿ ਕਰੀਬ 10 ਮਹੀਨੇ ਪਹਿਲਾਂ ਉਨ੍ਹਾਂ ਨੇ ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਵਜੋਂ ਸੇਵਾ ਸ਼ੁਰੂ ਕੀਤੀ ਸੀ। ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਵਾਤਾਵਰਨ ਸੰਭਾਲ ਤੇ ਸਮਾਜ ਸੇਵਾ ਨੂੰ ਸਮਰਪਿਤ ਰਹੀ ਹੈ। ਪੰਜਾਬ ਦੇ ਲੋਕਾਂ ਨਾਲ ਮਿਲ ਕੇ ਉਨ੍ਹਾਂ ਵੱਲੋਂ ਕੀਤੇ ਗਏ ਕਾਰ ਸੇਵਾ ਦੇ ਕਾਰਜਾਂ ਨੂੰ ਭਾਰਤ ਸਰਕਾਰ ਨੇ ਪਦਮਸ਼੍ਰੀ ਸਨਮਾਨ ਨਾਲ ਸਨਮਾਨਿਆ ਸੀ। ਉਹ ਰਾਜ ਸਭਾ ਦੇ ਮੈਂਬਰ ਵਜੋਂ ਸੰਖੇਪ ਜਿਹੇ ਕਾਰਜਕਾਲ ਦੌਰਾਨ 3 ਸੰਸਦ ਇਜਲਾਸ ਵਿਚ ਹਾਜ਼ਰ ਹੋਏ। ਪਹਿਲੇ ਅਤੇ ਦੂਜੇ ਦੋਵੇਂ ਇਜਲਾਸਾਂ ਦੌਰਾਨ ਭਾਵੇਂ ਰੌਲਾ ਰੱਪਾ ਪੈਂਦਾ ਰਿਹਾ ਪਰ ਉਨ੍ਹਾਂ ਪੰਜਾਬ ਤੇ ਮੁਲਕ ਦੇ ਕੁਝ ਅਹਿਮ ਲੋਕਪੱਖੀ ਮਸਲੇ ਉਠਾਏ। ਮੌਜੂਦਾ ਬਜਟ ਸੈਸ਼ਨ ਦੇ ਦੋਵੇਂ ਹਿੱਸਿਆਂ ਵਿਚ ਹੁਣ ਤਕ ਕਾਰਵਾਈ ਸਦਨ ਵਿਚਲੇ ਹੰਗਾਮੇ ਦੌਰਾਨ ਠੱਪ ਪਈ ਹੈ। ਉਨ੍ਹਾਂ ਲਿਖਿਆ ਕਿ ਹੈਰਾਨੀ ਦੀ ਗੱਲ ਹੈ ਕਿ 29 ਮਾਰਚ 2023 ਤਕ ਲਗਭਗ ਸਿਰਫ਼ ਸਾਢੇ ਚਾਰ ਘੰਟੇ ਦਾ ਹੀ ਕੰਮ ਹੋਇਆ ਹੈ। ਉਹ ਗਰਾਊਂਡ 'ਤੇ ਕੰਮ ਕਰਨ ਵਾਲੇ ਲੋਕ ਹਨ, ਹਜ਼ਾਰਾਂ ਲੋਕ ਉਨ੍ਹਾਂ ਦੇ ਕਾਰਜਾਂ ਨਾਲ ਜੁੜੇ ਹੋਏ ਹਨ। ਉਹ ਸੰਸਦ ਵਿਚ ਸਿਰਫ਼ ਇਸ ਲਈ ਆਏ ਹਨ ਕਿ ਹਵਾ-ਪਾਣੀ ਅਤੇ ਸਵੱਛ ਧਰਤ ਦੇ ਮੁੱਦੇ ਨੂੰ ਸੰਸਦ ਰਾਹੀਂ ਉਠਾ ਸਕਣ ਪਰ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਸ ਮਕਸਦ ਲਈ ਰਾਜ ਸਭਾ ਆਏ ਸੀ, ਇਹ ਸੁਪਨਾ ਟੁੱਟਦਾ ਲੱਗ ਰਿਹਾ ਹੈ। ਉਨ੍ਹਾਂ ਨੂੰ ਬਤੌਰ ਰਾਜ ਸਭਾ ਮੈਂਬਰ ਵਜੋਂ ਕਾਰਜਕਾਲ ਸਮੇਂ ਦੀ ਬਰਬਾਦੀ ਲੱਗਣ ਲੱਗ ਪਿਆ ਹੈ। ਉਨ੍ਹਾਂ ਕਿਹਾ ਕਿ ਉਹ ਵਿਰੋਧੀ ਧਿਰ ਵਿਚ ਹਨ, ਉਹ ਚਾਹੁੰਦੇ ਹਨ ਕਿ ਅਡਾਨੀ ਮੁੱਦੇ ਉੱਤੇ ਵਿਰੋਧੀ ਧਿਰ ਦੀ ਮੰਗ ਮੁਤਾਬਕ ਜੇਪੀਸੀ ਦਾ ਗਠਨ ਹੋਵੇ।



ਉਨ੍ਹਾਂ ਲਿਖਿਆ, 'ਚੇਅਰਮੈਨ ਸਾਹਿਬ ਤੁਸੀਂ ਸਦਨ ਦੇ ਕਸਟੋਡੀਅਨ ਹੋ, ਸੰਸਦੀ ਕਦਰਾਂ ਕੀਮਤਾਂ ਦੀ ਰੱਖਿਆ ਕਰਵਾਉਣਾ ਤੁਹਾਡੀ ਜ਼ਿੰਮੇਵਾਰੀ ਹੈ। ਸੰਸਦ ਨੂੰ ਚਲਾਉਣ ਉੱਤੇ ਲੋਕਾਂ ਦੀ ਕਿਰਤ ਕਮਾਈ ਦਾ ਪੈਸਾ ਲੱਗਦਾ ਹੈ। ਇਕ ਮੋਟੇ ਜਿਹੇ ਅਨੁਮਾਨ ਮੁਤਾਬਕ ਇਕ ਮਿੰਟ 'ਚ ਦੋਵਾਂ ਸਦਨਾਂ ਉੱਤੇ ਢਾਈ ਲੱਖ ਰੁਪਏ ਖ਼ਰਚ ਆ ਜਾਂਦੇ ਹਨ, ਘੰਟੇ ਦੇ ਹਿਸਾਬ ਨਾਲ ਇਹ ਡੇਢ ਕਰੋੜ ਰੁਪਏ ਬਣਦਾ ਹੈ। ਇਹ ਸੰਸਦ ਮੈਂਬਰਾਂ ਵੱਲੋਂ ਬਿਨਾਂ ਕੁਝ ਕੀਤਿਆਂ ਲੋਕਾਂ ਦੇ ਕਰੋੜਾਂ ਰੁਪਏ ਦੀ ਬਰਬਾਦੀ ਦਾ ਜ਼ਿੰਮੇਵਾਰ ਕੌਣ ਹੈ।'

To buy Home, business or any kind of property
Please consult before finalizing your deal or decision
To get polite and best service call
Gurjeet Rai
DRE 02149422
408-802-5303
Address -
2221 Oakland Road ,
Suite 268 San Jose 95131



SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



# ਸੰਪਾਦਕੀ

## ਬਰਾਬਰੀ ਲਈ ਲੜਨ ਵਾਲਾ ਯੋਧਾ

15 ਜਨਵਰੀ 1929 ਨੂੰ ਅਮਰੀਕਾ ਦੇ ਸ਼ਹਿਰ ਐਟਲਾਂਟਾ ਵਿਖੇ ਪੈਦਾ ਹੋਇਆ ਮਾਈਕਲ, ਮਾਰਟਿਨ ਲੂਥਰ ਕਿੰਗ ਦੇ ਨਾਂ ਨਾਲ ਦੁਨੀਆਂ ਭਰ 'ਚ ਪ੍ਰਸਿੱਧ ਹੋਇਆ। ਉਸ ਦਾ ਪਿਤਾ ਪਾਦਰੀ ਸੀ। ਲੂਥਰ ਕਿੰਗ ਨੇ ਅਮਰੀਕਾ ਦੇ ਸ਼ਹਿਰ ਜਾਰਜੀਆ ਦੇ ਵੱਖ-ਵੱਖ ਸੰਸਥਾਵਾਂ 'ਚੋਂ ਸਿੱਖਿਆ ਪ੍ਰਾਪਤ ਕੀਤੀ ਸੀ। ਉਸ ਨੇ 15 ਸਾਲ ਦੀ ਉਮਰ ਵਿਚ ਗ੍ਰੈਜੂਏਸ਼ਨ ਪਾਸ ਕਰ ਲਈ ਸੀ। ਉਹ ਗੋਰਿਆਂ ਦੇ ਸੀਨੀਅਰ ਕਾਲਜ ਦਾ ਪ੍ਰਧਾਨ ਚੁਣਿਆ ਗਿਆ। ਮਾਰਟਿਨ ਨੇ ਕਰੋਜ਼ਰ ਤੋਂ ਫੈਲੋਸ਼ਿਪ ਲੈ ਕੇ ਬੋਸਟਨ ਯੂਨੀਵਰਸਿਟੀ 'ਚ ਦਾਖ਼ਲਾ ਲਿਆ ਅਤੇ ਡਾਕਟਰੇਟ ਦੀ ਦੂਜੀ ਉਪਾਧੀ ਹਾਸਲ ਕਰ ਲਈ। ਬੋਸਟਨ 'ਚ ਉਸ ਦੀ ਮੁਲਾਕਾਤ ਕਰੇਟਾ ਨਾਲ ਹੋਈ ਜੋ ਵਿਆਹ ਵਿਚ ਤਬਦੀਲ ਹੋ ਗਈ। ਇਸ ਇਨਕਲਾਬੀ ਜੋੜੀ ਦੀਆਂ ਦੋ ਕੁੜੀਆਂ ਅਤੇ ਦੋ ਮੁੰਡੇ ਸਨ। ਮਾਰਟਿਨ 1954 ਵਿਚ ਅਲਬਾਮਾ ਦੇ ਡੈਕਸਰ ਐਵੇਨਿਊ ਚਰਚ ਦਾ ਪਾਦਰੀ ਬਣ ਗਿਆ। ਉਸ ਨੂੰ ਸਿਆਹਫਾਮ (ਕਾਲੇ ਰੰਗ ਦੇ) ਲੋਕਾਂ ਦੀ ਬੇਖ਼ੌਫ਼ ਆਵਾਜ਼ ਉਠਾਉਣ ਕਾਰਨ ਕਾਲੇ ਲੋਕਾਂ ਦੀ ਕੌਮਾਂਤਰੀ ਸੰਸਥਾ ਦਾ ਮੈਂਬਰ ਚੁਣ ਲਿਆ ਗਿਆ। ਜਲਦੀ ਹੀ ਉਹ ਦੁਨੀਆ ਦਾ ਮੁੱਖ ਆਗੂ ਬਣ ਗਿਆ। ਉਸ ਨੇ ਨੀਗਰੋ ਕ੍ਰਾਂਤੀ ਦਾ ਮੈਨੀਫੈਸਟੋ ਲਿਖਿਆ। ਲੂਥਰ ਕਿੰਗ ਪੜ੍ਹਾਈ ਵਿਚ ਇੰਨਾ ਹੁਸ਼ਿਆਰ ਸੀ ਕਿ ਉਸ ਨੇ ਪੰਜ ਪੀਐੱਚਡੀ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਸਨ। ਉਸ ਨੇ 1958 'ਚ 'ਰੋਡ ਟੂ ਫਰੀਡਮ' ਕਿਤਾਬ ਲਿਖੀ। ਉਸ ਨੇ ਵੀਅਤਨਾਮ ਦੀ ਜੰਗ 'ਚ ਅਮਰੀਕਾ ਦਾ ਵਿਰੋਧ ਕੀਤਾ। ਉਸ ਦੀ ਨੀਤੀ ਇਹ ਸੀ ਕਿ ਜਾਤ-ਪਾਤ, ਨਸਲ ਦੇ ਭੇਦਭਾਵ ਤੋਂ ਸਮਾਜ ਮੁਕਤ ਹੋਣਾ ਚਾਹੀਦਾ ਹੈ। ਇਸ ਸੋਚ ਦੀ ਪੂਰਤੀ ਵਾਸਤੇ ਉਹ ਆਖ਼ਰੀ ਦਮ ਤਕ ਸੰਘਰਸ਼ ਕਰਦਾ ਰਿਹਾ। ਲੂਥਰ ਕਿੰਗ ਨੋਬਲ ਸ਼ਾਂਤੀ ਪੁਰਸਕਾਰ ਜਿੱਤਣ ਵਾਲਾ ਸਭ ਤੋਂ ਛੋਟੀ ਉਮਰ ਦਾ ਵਿਅਕਤੀ ਸੀ। ਉਸ ਵੇਲੇ ਉਸ ਦੀ ਉਮਰ ਸਿਰਫ 35 ਸਾਲ ਦੀ ਸੀ। ਪੁਰਸਕਾਰ ਜਿੱਤਣ 'ਤੇ ਲੂਥਰ ਕਿੰਗ ਨੂੰ 54123 ਡਾਲਰ ਦੀ ਜੋ ਰਕਮ ਮਿਲੀ ਸੀ, ਉਹ ਉਸ ਨੇ ਨਾਗਰਿਕ ਅਧਿਕਾਰ ਅੰਦੋਲਨ ਦੇ ਕਾਰਕੁਨਾਂ ਨੂੰ ਦੇ ਦਿੱਤੀ ਸੀ। ਅੰਤ 4 ਅਪ੍ਰੈਲ 1968 ਨੂੰ ਉਸਦਾ ਉਦੋਂ ਕਤਲ ਕਰ ਦਿੱਤਾ ਜਦੋਂ ਉਹ ਹੋਟਲ ਦੇ ਕਮਰੇ ਦੀ ਬਾਲਕੋਨੀ ਵਿਚ ਖੜ੍ਹਾ ਸੀ। ਉਹ ਉੱਥੇ ਨੀਗਰੋ ਲੋਕਾਂ ਦੀ ਹੜਤਾਲ ਦੀ ਅਗਵਾਈ ਕਰਨ ਆਇਆ ਸੀ। ਮਾਰਟਿਨ ਲੂਥਰ ਕਿੰਗ ਦੇ ਸ਼ਹੀਦੀ ਦਿਹਾੜੇ 'ਤੇ ਸੰਯੁਕਤ ਰਾਜ ਅਮਰੀਕਾ ਵਿਚ ਹਰ ਸਾਲ ਛੁੱਟੀ ਹੁੰਦੀ ਹੈ ਅਤੇ ਇਹ ਦਿਨ ਲੋਕ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਉਹਨਾਂ ਦੀ ਕੁਰਬਾਨੀ ਅਤੇ ਦੇਣ ਲਈ ਅਸੀਂ ਵੀ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Ranjit Kandola ,Managing Editor
email-Kandola@macloans.net

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਪੁਤਿਨ-ਜਿਨਪਿੰਗ ਵਾਰਤਾ, ਬਦਲੇਗੀ ਕੌਮਾਂਤਰੀ ਸਿਆਸਤ?



ਜੀ ਪਾਰਥਾਸਾਰਥੀ

ਅਮਰੀਕਾ ਅਤੇ ਉਸ ਦੇ ਸਹਿਯੋਗੀ ਮੁਲਕਾਂ ਨੂੰ ਆਸ ਸੀ ਕਿ ਪੂਤਿਨ-ਜਿਨਪਿੰਗ ਸਿਖਰ ਵਾਰਤਾ ਠੁੱਸ ਸਾਬਤ ਹੋਵੇਗੀ ਹਾਲਾਂਕਿ ਮਾਸਕੋ ਵਿਚ ਹੋਈ ਇਸ ਹਾਲੀਆ ਵਾਰਤਾ ਵਿਚ ਚੀਨ ਅਤੇ ਰੂਸ ਨੇ ਅਮਰੀਕਾ ਦੀ ਅਗਵਾਈ ਹੇਠਲੇ ਆਲਮੀ ਨਿਜ਼ਾਮ ਤੋਂ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਦਾ ਸਾਂਝੇ ਤੌਰ 'ਤੇ ਟਾਕਰਾ ਕਰਨ ਲਈ ਇਕ ਵਿਆਪਕ ਰਣਨੀਤੀ ਤਿਆਰ ਕੀਤੀ ਹੈ। ਅਮਰੀਕਾ ਅਤੇ ਇਸ ਦੇ ਯੂਰਪੀਅਨ ਸਹਿਯੋਗੀ ਯੂਕਰੇਨ ਜੰਗ ਸ਼ੁਰੂ ਹੋਣ ਤੋਂ ਬਾਅਦ ਰੂਸ ਖਿਲਾਫ਼ ਪਾਬੰਦੀਆਂ ਲਾਉਣ ਦੀ ਵਾਰ ਵਾਰ ਦੁਹਾਈ ਦਿੰਦੇ ਰਹੇ ਹਨ। ਪੱਛਮੀ ਦੇਸ਼ਾਂ ਵਲੋਂ ਇਹ ਬੇਤੁਕੀ ਉਮੀਦ ਵੀ ਲਗਾਈ ਜਾ ਰਹੀ ਸੀ ਕਿ ਚੀਨ ਉਨ੍ਹਾਂ ਨਾਲ ਮਿਲ ਕੇ ਰੂਸ ਨੂੰ ਪੱਛਮ ਅਤੇ ਯੂਕਰੇਨ ਦੀਆਂ ਸ਼ਰਤਾਂ 'ਤੇ ਯੂਕਰੇਨ 'ਚੋਂ ਨਿਕਲਣ ਲਈ ਰਾਜ਼ੀ ਕਰ ਲਵੇਗਾ। ਇਹ ਉਮੀਦ ਹੁਣ ਖ਼ਤਮ ਹੋ ਗਈ ਹੈ।

ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਹਾਲੀਆ ਮਾਸਕੋ ਫੇਰੀ ਮੌਕੇ ਰੂਸ ਅਤੇ ਚੀਨ ਦੇ ਸਾਂਝੇ ਬਿਆਨ ਵਿਚ ਸਪੱਸ਼ਟ ਆਖਿਆ ਗਿਆ ਹੈ ਕਿ ਅਮਰੀਕਾ ਅਤੇ ਇਸ ਦੇ ਸਹਿਯੋਗੀ ਮੁਲਕਾਂ ਨੂੰ ਸਾਰੇ ਦੇਸ਼ਾਂ ਦੇ ਵਾਜਬ ਸੁਰੱਖਿਆ ਸਰੋਕਾਰਾਂ ਦਾ ਸਤਿਕਾਰ ਕਰਨ ਪਵੇਗਾ ਅਤੇ ਨਾਲ ਹੀ ਟਕਰਾਅ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਰੂਸ ਅਤੇ ਚੀਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਜ਼ਿੰਮੇਵਾਰਾਨਾ ਵਾਰਤਾ ਹੀ ਸਮੱਸਿਆਵਾਂ ਨੂੰ ਬੱਝਵੇਂ ਢੰਗ ਨਾਲ ਹੱਲ ਕਰਨ ਦਾ ਸਭ ਤੋਂ ਵਧੀਆ ਢੰਗ ਹੈ। ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿੱਤਾ ਹੈ ਕਿ ਕੌਮਾਂਤਰੀ ਭਾਈਚਾਰੇ ਨੂੰ ਪ੍ਰਸੰਗਕ ਉਸਾਰੂ ਯਤਨਾਂ ਦੀ ਹਮਾਇਤ ਕਰਨੀ ਚਾਹੀਦੀ ਹੈ। ਦਰਅਸਲ, ਇਸ ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਸਾਰੀਆਂ ਧਿਰਾਂ ਨੂੰ ਸੰਕਟ ਨੂੰ ਹੋਰ ਡੂੰਘਾ ਕਰਨ ਜਾਂ ਇਸ ਦੇ ਬੇਕਾਬੂ ਹੋ ਜਾਣ ਤੋਂ ਰੋਕਣ ਲਈ ਤਣਾਅ ਵਧਾਉਣ ਵਾਲੇ ਕਦਮਾਂ 'ਤੇ ਰੋਕ ਲਾਉਣੀ ਚਾਹੀਦੀ ਹੈ। ਅੰਤ ਵਿਚ ਐਲਾਨਨਾਮੇ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਚੀਨ ਅਤੇ ਰੂਸ ਦੋਵੇਂ ਹੀ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਪ੍ਰਵਾਨਗੀ ਤੋਂ ਬਗ਼ੈਰ ਲਾਈਆਂ ਗਈਆਂ ਸਾਰੀਆਂ ਇਕਤਰਫ਼ਾ ਪਾਬੰਦੀਆਂ ਦਾ ਵਿਰੋਧ ਕਰਦੇ ਹਨ।



ਦੂਜੇ ਪਾਸੇ ਅਮਰੀਕਾ ਵਲੋਂ ਆਪਣੇ ਇਕ ਬਿਹਤਰੀਨ ਖੋਜੀ ਪੱਤਰਕਾਰ ਸਿਮੋਰ ਹਰਸ਼ ਵਲੋਂ ਕੀਤੇ ਗਏ ਇਸ ਖ਼ੁਲਾਸੇ ਦਾ ਖੰਡਨ ਕੀਤਾ ਗਿਆ ਹੈ ਕਿ ਰੂਸ ਤੋਂ ਜਰਮਨੀ ਤੱਕ ਗੈਸ ਸਪਲਾਈ ਕਰਨ ਵਾਲੀ ਸਮੁੰਦਰੀ ਬੇਸ਼ੀ ਗੈਸ ਪਾਈਪਲਾਈਨ (ਜਿਸ ਨੂੰ ਨੌਰਡਸਟ੍ਰੀਮ ਵੀ ਕਿਹਾ ਜਾਂਦਾ ਹੈ) ਨੂੰ ਵਾਸ਼ਿੰਗਟਨ ਨੇ ਤਬਾਹ ਕਰਵਾਇਆ ਹੈ। ਰੂਸ ਅਤੇ ਚੀਨ ਨੇ ਇਸ ਗੱਲ ਦੀ ਤਿੱਖੀ ਨਿਖੇਧੀ ਕੀਤੀ ਹੈ ਕਿ 'ਆਪਣੇ ਭੂ-ਰਾਜਸੀ ਮੰਤਵਾਂ ਦੀ ਪੂਰਤੀ ਲਈ ਹੋਰਨਾਂ ਮੁਲਕਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕਰਨ ਲਈ ਅੱਤਵਾਦ ਦੇ ਬੈਨਰ ਹੇਠ ਦਹਿਸ਼ਤਗਰਦ ਅਤੇ ਅੱਤਵਾਦੀ ਜਥੇਬੰਦੀਆਂ ਦੀ ਵਰਤੋਂ ਕੀਤੀ ਗਈ ਹੈ।' ਰੂਸ ਅਤੇ ਚੀਨ ਨੇ ਮੰਗ ਕੀਤੀ ਹੈ ਕਿ ਬੇਸ਼ੀ ਪਾਈਪਲਾਈਨ 'ਤੇ ਵਿਸਫੋਟ ਕਰਨ ਦੀ ਘਟਨਾ ਦੀ ਨਿਰਪੱਖ ਅਤੇ ਪੇਸ਼ੇਵਰਾਨਾ ਜਾਂਚ ਕਰਵਾਈ ਜਾਵੇ। ਕੌਮਾਂਤਰੀ ਕਾਨੂੰਨ ਦੇ ਉਚਤਮ ਮਿਆਰਾਂ ਦੇ ਪਾਲਣ ਲਈ ਜਾਣ ਜਾਂਦੇ ਅਮਰੀਕਾ ਅਤੇ ਇੱਥੋਂ ਤੱਕ ਕਿ ਜਰਮਨੀ ਲਈ ਵੀ ਇਹ ਦਾਅਵਾ ਕਰਨਾ ਔਖਾ ਹੋ ਜਾਵੇਗਾ ਕਿ ਉਨ੍ਹਾਂ ਨੂੰ ਕੋਈ ਇਲਮ ਨਹੀਂ ਹੈ ਕਿ ਇਸ ਪਾਈਪਲਾਈਨ ਨੂੰ ਉਡਾਉਣ ਲਈ ਕੌਣ ਜ਼ਿੰਮੇਵਾਰ ਹੈ।

ਅਹਿਮ ਗੱਲ ਇਹ ਹੈ ਕਿ ਕੌਮਾਂਤਰੀ ਭਾਈਚਾਰੇ ਦੀਆਂ ਇਨ੍ਹਾਂ ਆਸਾਂ 'ਤੇ ਪਾਣੀ ਫਿਰ ਗਿਆ ਕਿ ਚੀਨ-ਰੂਸ ਨੂੰ ਯੂਕਰੇਨ 'ਚੋਂ ਆਪਣੀ ਫ਼ੌਜ ਵਾਪਸ ਬੁਲਾਉਣ ਲਈ ਰਾਜ਼ੀ ਕਰ ਸਕਦਾ ਹੈ। ਰੂਸ ਅਤੇ ਚੀਨ ਨੇ ਐਲਾਨ ਕੀਤਾ ਹੈ ਕਿ ਸਾਰੇ ਮੁਲਕਾਂ ਦੇ ਸੁਰੱਖਿਆ ਸਰੋਕਾਰਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਖੇਮਿਆਂ ਦਰਮਿਆਨ ਟਕਰਾਅ ਵਧਾ ਕੇ ਬਲਦੀ 'ਤੇ ਤੇਲ ਛਿੜਕਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਚੀਨ ਇਹ ਗੱਲ ਕਹਿ ਕੇ ਕਿ 'ਸਮੱਸਿਆਵਾਂ ਨੂੰ ਬੱਝਵੇਂ ਰੂਪ ਵਿਚ ਹੱਲ ਕਰਨ ਦਾ ਸਭ ਤੋਂ ਵਧੀਆ ਰਾਹ ਜ਼ਿੰਮੇਵਾਰ ਸੰਵਾਦ ਹੈ', ਯੂਕਰੇਨ ਸੰਕਟ 'ਤੇ ਰੂਸ ਦੀ ਪੁਜ਼ੀਸ਼ਨ ਦੀ ਡਟ ਕੇ ਹਮਾਇਤ ਕਰ ਰਿਹਾ ਹੈ। ਅਹਿਮ ਗੱਲ ਇਹ ਹੈ ਕਿ ਚੀਨ ਵਲੋਂ ਰੂਸ ਨੂੰ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਹਮਾਇਤ ਦਾ ਭਰੋਸਾ ਦਿੱਤਾ ਗਿਆ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਟਕਰਾਅ ਵਿਚ ਸ਼ਾਮਲ ਸਾਰੀਆਂ ਧਿਰਾਂ ਅਜਿਹੇ ਸਾਰੇ ਕਦਮ ਰੋਕ ਸਕਣ ਜਿਨ੍ਹਾਂ ਕਰ ਕੇ ਤਣਾਅ ਵਧਦਾ ਹੈ ਅਤੇ ਜੰਗ ਖਤਮ ਹੋਣ ਵਿਚ ਦੇਰੀ ਹੁੰਦੀ ਹੈ। ਦੋਵੇਂ ਮੁਲਕਾਂ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਪ੍ਰਵਾਨਗੀ ਤੋਂ ਬਗ਼ੈਰ ਲਾਈਆਂ ਗਈਆਂ ਸਾਰੀਆਂ ਪਾਬੰਦੀਆਂ ਦਾ ਵੀ ਵਿਰੋਧ ਕੀਤਾ ਹੈ। ਪੂਤਿਨ ਨੂੰ ਆਪਣੇ ਚੀਨੀ ਮਹਿਮਾਨ ਤੋਂ ਜਿੰਨੀ ਹਮਾਇਤ ਮਿਲੀ ਹੈ, ਉਸ ਤੋਂ ਵੱਧ ਉਨ੍ਹਾਂ ਉਮੀਦ ਵੀ ਨਹੀਂ ਕੀਤੀ ਹੋਵੇਗੀ। ਹੁਣ ਇਹ ਦੇਖਣਾ ਬਾਕੀ ਹੈ ਕਿ ਕੀ ਚੀਨ ਵਲੋਂ ਮਾਸਕੋ ਨੂੰ ਲੋੜੀਂਦਾ ਫ਼ੌਜੀ ਸਾਜ਼ੋ ਸਾਮਾਨ ਮੁਹੱਈਆ ਕਰਵਾਇਆ ਜਾਂਦਾ ਹੈ ਜਾਂ ਨਹੀਂ। ਇਨ੍ਹਾਂ ਘਟਨਾਕ੍ਰਮਾਂ ਤੋਂ ਸਭ ਤੋਂ ਵੱਧ ਚਿੰਤਤ ਮੁਲਕਾਂ ਵਿਚ ਅਮਰੀਕਾ ਅਤੇ ਇਸ ਦੇ ਨਾਟੋ ਸਹਿਯੋਗੀ ਸ਼ਾਮਲ ਹਨ। ਇਸ ਸਾਂਝੇ ਐਲਾਨਨਾਮੇ ਨੇ ਅਖੌਤੀ ਕੌਮਾਂਤਰੀ ਭਾਈਚਾਰੇ ਦੀ ਤਰਫ਼ੋਂ ਬੋਲਣ ਵਾਲੀਆਂ ਪੱਛਮੀ ਸ਼ਕਤੀਆਂ ਦੇ ਉਹ ਸਾਰੇ ਭਰਮ ਖਤਮ ਕਰ ਦਿੱਤੇ ਹਨ ਕਿ ਯੂਕਰੇਨ ਵਿਚ ਚੱਲ ਰਹੇ ਟਕਰਾਅ ਦੇ ਖਾਤਮੇ ਦੇ ਤੌਰ ਤਰੀਕੇ 'ਤੇ ਚੀਨ ਉਨ੍ਹਾਂ ਦਾ ਸਾਥ ਦੇਵੇਗਾ। ਚੀਨ ਅਤੇ ਰੂਸ ਹੁਣ ਇਸ ਗੱਲ 'ਤੇ ਸਹਿਮਤ ਹਨ ਕਿ ਯੂਕਰੇਨ ਸੰਕਟ ਨੂੰ ਤਦ ਹੀ ਸੁਲਝਾਇਆ ਜਾ ਸਕਦਾ ਹੈ ਜੇ ਸਾਰੇ ਦੇਸ਼ਾਂ ਦੇ ਸੁਰੱਖਿਆ ਸਰੋਕਾਰਾਂ ਦਾ ਸਤਿਕਾਰ ਕੀਤਾ ਜਾਵੇਗਾ ਅਤੇ ਸਾਰਥਿਕ ਗੱਲਬਾਤ ਸ਼ੁਰੂ ਕੀਤੀ ਜਾਵੇਗੀ। ਦੋਵਾਂ ਮੁਲਕਾਂ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਪ੍ਰਵਾਨਗੀ ਤੋਂ ਬਗ਼ੈਰ ਪਾਬੰਦੀਆਂ ਲਾਉਣ ਦਾ ਵਿਰੋਧ ਕੀਤਾ। ਰੂਸ ਨੂੰ ਹੁਣ ਯੂਕਰੇਨ ਵਿਚ ਆਪਣੀ ਕਾਰਵਾਈ 'ਤੇ ਚੀਨ ਦੀ ਪੂਰੀ ਹਮਾਇਤ ਦਾ ਯਕੀਨ ਹੋ ਗਿਆ ਹੈ। ਚੀਨ ਅਤੇ ਰੂਸ ਨੇ ਇਹ ਸੰਕੇਤ ਵੀ ਦਿੱਤੇ ਹਨ ਕਿ ਉਨ੍ਹਾਂ ਨੂੰ ਪੱਛਮੀ ਦੇਸ਼ਾਂ ਵਲੋਂ ਲਾਈਆਂ ਗਈਆਂ ਪਾਬੰਦੀਆਂ ਦੀ ਕੋਈ ਪ੍ਰਵਾਹ ਨਹੀਂ ਹੈ। ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਅਤੇ ਅਮਰੀਕਾ ਨੂੰ ਹੁਣ ਰੂਸ ਦੇ ਸੁਰੱਖਿਆ ਸਰੋਕਾਰਾਂ ਅਤੇ ਦੱਖਣ-ਪੂਰਬੀ ਯੂਕਰੇਨ ਵਿਚ ਰਹਿੰਦੇ ਰੂਸੀਆਂ ਦੀ ਸੁਰੱਖਿਆ ਮੁਤੱਲਕ ਨਵੇਂ ਸਿਰੇ ਤੋਂ ਸੋਚਣਾ ਪਵੇਗਾ ਜਦਕਿ ਇਸ ਦੇ ਨਾਲ ਹੀ ਇਸ ਹਕੀਕਤ ਦਾ ਸਾਹਮਣਾ ਵੀ ਕਰਨਾ ਪਵੇਗਾ ਕਿ ਰੂਸ ਕ੍ਰਾਇਮੀਆ ਵਿਚ ਆਪਣੀ ਮੌਜੂਦਗੀ ਬਰਕਰਾਰ ਰੱਖਣਾ ਚਾਹੁੰਦਾ ਹੈ ਜਿੱਥੇ ਇਹ ਤਿੰਨ ਸਦੀਆਂ ਤੋਂ ਪ੍ਰਭੂਸੱਤਾ ਦਾ ਇਸਤੇਮਾਲ ਕਰਦਾ ਰਿਹਾ ਸੀ। ਜਿਨਪਿੰਗ-ਪੂਤਿਨ ਐਲਾਨਨਾਮੇ ਤੋਂ ਇਹ ਸਾਫ਼ ਸੰਕੇਤ ਮਿਲਿਆ ਹੈ ਕਿ ਚੀਨ ਅਤੇ ਰੂਸ ਇਕ ਦੂਜੇ ਦੇ ਸੁਰੱਖਿਆ ਹਿੱਤਾਂ ਨਾਲ ਜੁੜੇ ਮੁੱਦਿਆਂ 'ਤੇ ਇਕ ਦੂਜੇ ਦਾ ਸਾਥ ਦੇਣ ਲਈ ਤਿਆਰ ਹਨ। ਹਾਲਾਂਕਿ ਇਸ ਐਲਾਨਨਾਮੇ ਵਿਚ ਖੇਤਰੀ ਸਹਿਯੋਗ ਦੇ ਕੁੱਝ ਮੁੱਦਿਆਂ ਬਾਬਤ ਭਾਰਤ ਦਾ ਜ਼ਿਕਰ ਆਇਆ ਹੈ ਪਰ ਇਸ ਵਿਚ ਹੋਰ ਕੁਝ ਵੀ ਅਜਿਹਾ ਨਹੀਂ ਹੈ, ਜਿਸ 'ਤੇ ਇਸ ਨੂੰ ਕੋਈ ਇਤਰਾਜ਼ ਹੋ ਸਕਦਾ ਹੈ। ਇਹ ਗੱਲ ਉਭਰ ਕੇ ਸਾਹਮਣੇ ਆ ਗਈ ਹੈ ਕਿ ਰੂਸ ਅਤੇ ਚੀਨ ਅਮਰੀਕਾ ਅਤੇ ਇਸ ਦੇ ਨਾਟੋ ਸਹਿਯੋਗੀਆਂ ਨਾਲ ਸਿੱਝਣ ਲਈ ਇਕਮੱਤ ਹਨ। ਇਹ ਵੀ ਪਤਾ ਚੱਲਿਆ ਹੈ ਕਿ ਚੀਨ ਚਾਹੁੰਦਾ ਹੈ ਕਿ ਹਾਂਦਰੂ ਲਿਹਾਜ਼ ਤੋਂ ਭਾਰਤ ਦਾ ਕੋਈ ਖਾਸ ਜ਼ਿਕਰ ਨਾ ਆਵੇ। ਚੀਨ ਆਪਣੇ ਆਰਥਿਕ ਦਬਦਬੇ ਅਤੇ ਫ਼ੌਜੀ ਰੁਤਬੇ ਬਦਲੇ ਆਲਮੀ ਮਾਨਤਾ ਹਾਸਲ ਕਰਨ ਲਈ ਜਿਸ ਤਰ੍ਹਾਂ ਆਪਣੇ ਗੁਮਾਨ ਦਾ ਵਿਖਾਵਾ ਕਰ ਰਿਹਾ ਹੈ ਤਾਂ ਇਸ 'ਤੇ ਕਿਸੇ ਨੂੰ ਹੈਰਾਨੀ ਵੀ ਨਹੀਂ ਹੋਣੀ ਚਾਹੀਦੀ। ਇਸ ਤੋਂ ਇਲਾਵਾ ਚੀਨ ਵਲੋਂ ਤੇਲ ਸਰੋਤਾਂ ਨਾਲ ਭਰਪੂਰ ਖਾੜੀ ਖਿੱਤੇ ਅੰਦਰ ਇਕ ਸਮੂਹਿਕ ਸੁਰੱਖਿਆ ਚੌਖਟਾ ਉਸਾਰਨ ਲਈ ਚੀਨੀ-ਰੂਸੀ ਸਹਿਯੋਗ 'ਤੇ ਵੀ ਕਾਫ਼ੀ ਧਿਆਨ ਦਿੱਤਾ ਗਿਆ ਹੈ। ਚੀਨ ਅਤੇ ਰੂਸ ਇਸ ਗੱਲੋਂ ਕਾਫ਼ੀ ਖੁਸ਼ ਨਜ਼ਰ ਆ ਰਹੇ ਹਨ ਕਿ ਬਾਇਡਨ ਪ੍ਰਸ਼ਾਸਨ ਦੀ ਕੋਝੀ ਕੂਟਨੀਤੀ ਸਦਕਾ ਉਹ ਇਰਾਨ ਅਤੇ ਸਾਊਦੀ ਅਰਬ ਵਿਚਕਾਰ ਸੁਲ੍ਹਾ ਕਰਾਉਣ ਵਿਚ ਕਾਮਯਾਬ ਰਹੇ ਹਨ। ਸੀਰੀਆ ਅਤੇ ਸਾਊਦੀ ਅਰਬ ਵਿਚਕਾਰ ਵੀ ਆਮ ਵਰਗੇ ਸਬੰਧ ਕਾਇਮ ਕਰਨ ਲਈ ਇਸੇ ਤਰ੍ਹਾਂ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਇਨ੍ਹਾਂ ਘਟਨਾਵਾਂ ਕਰ ਕੇ ਖਾੜੀ ਖੇਤਰ ਅੰਦਰ ਰੂਸ ਅਤੇ ਚੀਨ ਦੀ ਮੌਜੂਦਗੀ ਜ਼ਿਆਦਾ ਮਜ਼ਬੂਤ ਹੋ ਜਾਵੇਗੀ ਤੇ ਨਾਲ ਹੀ ਇਸ ਖਿੱਤੇ ਅੰਦਰ ਇਕ ਸਮੂਹਿਕ ਸੁਰੱਖਿਆ ਚੌਖਟਾ ਉਸਾਰਨ ਲਈ ਮਿਲ ਕੇ ਕੰਮ ਕਰਨ ਦਾ ਅਹਿਦ ਵੀ ਲਿਆ ਗਿਆ ਹੈ।

ਰੂਸ ਅਤੇ ਚੀਨ ਵਿਚਕਾਰ ਆਪਸੀ ਸਹਿਯੋਗ ਵਧਣ ਨਾਲ ਰੂਸ ਦੇ ਭਾਰਤ ਨਾਲ ਸਬੰਧਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਕੁਝ ਸ਼ੰਕੇ ਲਾਏ ਜਾਂਦੇ ਰਹੇ ਹਨ। ਰੂਸ ਇਕ ਲੰਮੇ ਅਰਸੇ ਤੋਂ ਭਾਰਤ ਨੂੰ ਆਧੁਨਿਕ ਹਥਿਆਰ ਮੁਹੱਈਆ ਕਰਦਾ ਆ ਰਿਹਾ ਹੈ। ਰੂਸ ਨੇ ਪ੍ਰਮਾਣੂ ਪਣਡੁੱਬੀਆਂ ਬਣਾਉਣ ਲਈ ਵੀ ਭਾਰਤ ਦੀ ਮਦਦ ਕੀਤੀ ਹੈ। ਭਾਰਤ ਵਲੋਂ ਰੂਸੀ ਡਿਜ਼ਾਈਨ ਵਾਲੀਆਂ ਬ੍ਰਹਮੋਸ ਮਿਸਾਈਲਾਂ ਦਾ ਉਤਪਾਦਨ ਵੀ ਕੀਤਾ ਜਾ ਰਿਹਾ ਹੈ ਜੋ ਇਸ ਨੇ ਦੋਸਤ ਮੁਲਕਾਂ ਨੂੰ ਮੁਹੱਈਆ ਕਰਵਾਈਆਂ ਹਨ। ਇਸ ਤੋਂ ਇਲਾਵਾ ਭਾਰਤ ਰੂਸ ਤੋਂ ਰਿਆਇਤੀ ਦਰਾਂ 'ਤੇ ਪੈਟਰੋਲੀਅਮ ਪਦਾਰਥ ਖਰੀਦ ਰਿਹਾ ਹੈ ਜਿਸ ਨਾਲ ਭਾਰਤ ਨੂੰ ਅਦਾਇਗੀਆਂ ਦਾ ਭੁਗਤਾਨ ਸੰਤੁਲਤ ਕਰਨ ਵਿਚ ਮਦਦ ਮਿਲੀ ਹੈ। ਦੂਜੇ ਬੰਨੇ, ਰੂਸ ਜ਼ਾਹਰਾ ਤੌਰ 'ਤੇ ਇਹ ਸਮਝ ਰਿਹਾ ਹੈ ਕਿ ਭਾਰਤ ਦੀ ਅਮਰੀਕਾ ਨਾਲ ਵਧਦੀ ਸੁਰੱਖਿਆ ਸਾਂਝ ਭਿਆਲੀ ਅਤੇ ਇਸ ਦੇ ਨਾਲ ਹੀ ਹਿੰਦ-ਪ੍ਰਸ਼ਾਂਤ ਖੇਤਰ ਵਿਚ ਕੁਆਡ ਅਤੇ ਆਈ2ਯੂ2 ਜਿਹੇ ਸਮੂਹਾਂ ਨਾਲ ਇਸ ਦੇ ਸੁਰੱਖਿਆ ਸਬੰਧ ਹੋਰ ਵਧਦੇ ਰਹਿਣਗੇ। ਹਾਲਾਂਕਿ, ਰੂਸ ਇਸ ਗੱਲੋਂ ਖਫ਼ਾ ਸੀ ਕਿ ਪਾਕਿਸਤਾਨ ਨੇ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਵਾਏ ਹਨ ਜਦਕਿ ਚੀਨ ਇਹ ਹਰ ਸੰਭਵ ਕੋਸ਼ਿਸ਼ ਕਰੇਗਾ ਕਿ ਮਾਸਕੋ ਨੂੰ ਪਾਕਿਸਤਾਨ ਤੋਂ ਮਦਦ ਮਿਲਦੀ ਰਹੇ। ਇਸ ਦੌਰਾਨ, ਰਣਨੀਤਕ ਖੁਦਮੁਖ਼ਤਾਰੀ ਭਾਰਤ ਦੀਆਂ ਰੱਖਿਆ ਤੇ ਵਿਦੇਸ਼ ਨੀਤੀਆਂ ਦਾ ਪਛਾਣ ਚਿੰਨ੍ਹ ਬਣੀ ਰਹਿਣੀ ਚਾਹੀਦੀ ਹੈ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ


| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਪੰਜਾਬ ਦੇ ਖੇਡ ਸਭਿਆਚਾਰ ਨੂੰ ਸੁਰਜੀਤ ਕਰਨ ਦੀ ਲੋੜ



ਗੁਰਬਚਨ ਜਗਤ

ਮੇਰਾ ਚਿੱਤ ਕਰਦਾ ਹੈ ਕਿ ਇਕ ਵਾਰ ਫਿਰ ਮੈਂ ਪੁਣੇ ਦੇ ਸਕੂਲ ਦੇ ਦਿਨਾਂ ਵੱਲ ਮੁੜ ਜਾਵਾਂ। ਪੰਜਾਬ ਵਿਚ ਚੱਲ ਰਹੇ ਵਰਤਾਰਿਆਂ ਵੱਲ ਮੈਂ ਜਿੰਨਾ ਜ਼ਿਆਦਾ ਵੇਖਦਾ ਹਾਂ, ਉਂਨਾ ਹੀ ਜ਼ਿਆਦਾ ਮੈਂ ਆਪਣੇ ਅਤੀਤ ਦੇ ਘੋਂਸਲੇ ਵੱਲ ਚਲਾ ਜਾਂਦਾ ਹਾਂ। ਖੇਡ ਮੈਦਾਨ ਵੱਲ ਝਾਤ ਮਾਰਿਆਂ ਦੇਖਦਾ ਹਾਂ ਕਿ ਇਹ ਵੀ ਉਜੜ ਗਏ ਜਾਪਦੇ ਹਨ। ਮੈਨੂੰ ਯਾਦ ਹੈ ਕਿ ਜਦੋਂ ਹਾਕੀ ਵਿਚ ਸਾਡਾ ਦਬਦਬਾ ਹੁੰਦਾ ਸੀ, ਉਦੋਂ ਬੰਬਈ (ਹੁਣ ਮੁੰਬਈ) ਵਿਚ ਆਗ਼ਾ ਖ਼ਾਨ ਹਾਕੀ ਟੂਰਨਾਮੈਂਟ ਹੋਇਆ ਕਰਦਾ ਸੀ। ਪੰਜਾਬ ਪੁਲੀਸ ਦੀ ਹਾਕੀ ਟੀਮ ਹਮੇਸ਼ਾ ਉਸ ਟੂਰਨਾਮੈਂਟ ਵਿਚ ਹਿੱਸਾ ਲੈਂਦੀ ਸੀ ਅਤੇ ਅਕਸਰ ਫਾਈਨਲ ਮੁਕਾਬਲਾ ਖੇਡਿਆ ਕਰਦੀ ਸੀ।

ਦੱਖਣੀ ਤੇ ਪੱਛਮੀ ਸੂਬਿਆਂ ਵਿਚ ਰਹਿੰਦੇ ਪੰਜਾਬੀ ਹੁੰਮ ਹੁਮਾ ਕੇ ਮੈਚ ਦੇਖਣ ਆਉਂਦੇ ਸਨ ਕਿਉਂਕਿ ਉਦੋਂ ਹਜੇ ਟੀਵੀ ਦਾ ਕੋਈ ਨਾਂ ਨਿਸ਼ਾਨ ਨਹੀਂ ਸੀ। ਜਿਸ ਤਰ੍ਹਾਂ ਉਸ ਟੂਰਨਾਮੈਂਟ ਵਿਚ ਸਾਡਾ ਸਿੱਕਾ ਜਮਿਆ ਹੋਇਆ ਸੀ, ਹਰ ਕਿਸੇ ਨੂੰ ਉਸ ਮੁਕਾਬਲੇ ਦੀ ਬੇਸਬਰੀ ਨਾਲ ਉਡੀਕ ਰਹਿੰਦੀ ਸੀ। ਫੇਰ ਕਲਕੱਤਾ (ਹੁਣ ਕੋਲਕਾਤਾ) ਵਿਚ ਬੇਯਟਨ ਕੱਪ ਕਰਾਇਆ ਜਾਂਦਾ ਸੀ ਅਤੇ ਉੱਥੇ ਵੀ ਪੰਜਾਬ ਪੁਲੀਸ ਦੀ ਟੀਮ ਨੂੰ ਖੇਡਦਿਆਂ ਦੇਖਣ ਲਈ ਚਾਰੇ ਪਾਸਿਆਂ ਤੋਂ ਪੰਜਾਬੀ ਆਉਂਦੇ ਸਨ। ਜਲੰਧਰ ਦੇ ਬਾਹਰਵਾਰ ਪੈਂਦੇ ਇਕ ਛੋਟੇ ਜਿਹੇ ਪਿੰਡ ਸੰਸਾਰਪੁਰ ਨੇ ਹੀ 14 ਓਲੰਪੀਅਨ ਪੈਦਾ ਕੀਤੇ ਹਨ।

ਬਲਬੀਰ ਸਿੰਘ ਸੀਨੀਅਰ, ਊਧਮ ਸਿੰਘ, ਅਜੀਤ ਪਾਲ ਸਿੰਘ ਆਦਿ ਜਿਹੇ ਸਾਰੇ ਭਾਰਤੀ ਹਾਕੀ ਦੇ ਸਿਰਮੌਰ ਨਾਂ ਗਿਣੇ ਜਾਂਦੇ ਹਨ ਅਤੇ ਉਨ੍ਹਾਂ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ (ਇਸ ਸੁਨਹਿਰੀ ਕਾਲ ਵਿਚ ਲਗਾਤਾਰ ਛੇ ਸੋਨ ਤਗਮੇ ਜਿੱਤੇ ਗਏ ਸਨ)। ਅੱਜ ਵੀ ਭਾਰਤੀ ਟੀਮ ਵਿਚ ਚੰਗੀ ਨੁਮਾਇੰਦਗੀ ਹੈ ਪਰ ਪੰਜਾਬ ਅਤੇ ਭਾਰਤ ਵਿਚ ਵੀ ਹਾਕੀ ਆਪਣੇ ਅਤੀਤ ਦੇ ਸ਼ਾਨਾਂਮੱਤੇ ਪਰਛਾਵੇਂ ਹੇਠ ਜੀਅ ਰਹੀ ਹੈ। ਕੌਮੀ ਖੇਡ ਵਜੋਂ ਹਾਕੀ ਦੀ ਥਾਂ ਹੁਣ ਕ੍ਰਿਕਟ ਨੇ ਲੈ ਲਈ ਹੈ। ਹੋਰਨਾਂ ਸੂਬਿਆਂ ਤੋਂ ਉਲਟ ਇਹ ਖੇਡ ਸਾਡੇ ਨੌਜਵਾਨਾਂ ਦੇ ਚਿੱਤ ਚੇਤਿਆਂ ਵਿਚ ਥਾਂ ਨਹੀਂ ਬਣਾ ਸਕੀ। ਹਰਭਜਨ ਸਿੰਘ, ਯੁਵਰਾਜ ਸਿੰਘ, ਅਰਸ਼ਦੀਪ ਸਿੰਘ ਅਤੇ ਸ਼ੁਭਮਨ ਗਿੱਲ ਇਸ ਦੇ ਕੁਝ ਅਪਵਾਦ ਕਹੇ ਜਾ ਸਕਦੇ ਹਨ। ਦਿਲਚਸਪ ਤੱਥ ਇਹ ਹੈ ਕਿ ਧੋਨੀ, ਪਾਂਡੀਆ, ਸ਼ਮੀ, ਸਿਰਾਜ ਆਦਿ ਛੋਟੇ ਛੋਟੇ ਕਸਬਿਆਂ ਤੋਂ ਆਏ ਹਨ ਨਾ ਕਿ ਬੰਬਈ, ਕਲਕੱਤਾ ਜਾਂ ਦਿੱਲੀ ਵਰਗੇ ਮਹਾਂਨਗਰਾਂ ਤੋਂ। ਗ਼ਰੀਬ ਘਰਾਂ ਦੇ ਨੌਜਵਾਨਾਂ ਅੰਦਰ ਸਫਲਤਾ, ਮਸ਼ਹੂਰੀ ਅਤੇ ਇਨਾਮਾਂ ਦੀ ਭੁੱਖ ਹੁੰਦੀ ਹੈ ਅਤੇ ਉਨ੍ਹਾਂ ਕੋਲ ਸਫਲ ਹੋਣ ਦਾ ਜਜ਼ਬਾ ਅਤੇ ਤਾਕਤ ਵੀ ਹੁੰਦੀ ਹੈ।

ਪੰਜਾਬ ਦੀ ਧਰਤੀ ਨੇ ਕਈ ਮਹਾਨ ਪਹਿਲਵਾਨ ਵੀ ਪੈਦਾ ਕੀਤੇ ਹਨ ਜਿਨ੍ਹਾਂ ਵਿਚ ਗਾਮਾ ਪਹਿਲਵਾਨ ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਜੱਬੋਵਾਲ ਦਾ ਜੰਮਪਲ ਸੀ ਅਤੇ ਰੁਸਤਮ-ਏ-ਹਿੰਦ ਵਜੋਂ ਜਾਣਿਆ ਜਾਂਦਾ ਸੀ, ਰੁਸਤਮ-ਏ-ਹਿੰਦ ਦਾਰਾ ਸਿੰਘ, ਕਰਤਾਰ ਸਿੰਘ ਪਹਿਲਵਾਨ ਜਿਸ ਨੇ ਏ-ਸ਼ਿਆਈ ਖੇਡਾਂ ਵਿਚ ਸੋਨ ਤਗਮਾ ਜਿੱਤਿਆ ਸੀ। ਕੁਸ਼ਤੀ ਪੰਜਾਬ ਦੇ ਪੇਂਡੂ ਖੇਤਰ ਦੀ ਇਕ ਵੱਕਾਰੀ ਖੇਡ ਮੰਨੀ ਜਾਂਦੀ ਹੈ। ਪੰਜਾਬ ਦੇ ਪਿੰਡਾਂ ਵਿਚ ਸਰੀਰਕ ਦਮ ਖ਼ਮ ਵਾਲੀਆਂ ਖੇਡਾਂ ਅਤੇ ਸਭਿਆਚਾਰਕ ਮੇਲੇ ਕਰਵਾਉਣ ਦੀ ਰੀਤ ਬਹੁਤ ਪੁਰਾਣੀ ਹੈ। ਕੁਸ਼ਤੀ ਮੁਕਾਬਲਿਆਂ ਨੂੰ ਪੇਂਡੂ ਲਹਿਜ਼ੇ ਵਿਚ ਛਿੰਝ ਆਖਿਆ ਜਾਂਦਾ ਹੈ ਅਤੇ ਪਹਿਲਵਾਨ ਅਤੇ ਦਰਸ਼ਕ ਹੁੰਮ ਹੁਮਾ ਕੇ ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਸਨ। ਕੁਸ਼ਤੀ ਤੋਂ ਇਲਾਵਾ ਕਬੱਡੀ ਮੁਕਾਬਲਿਆਂ ਦਾ ਵੀ ਇਕ ਵੱਖਰਾ ਸਰੂਰ ਹੁੰਦਾ ਸੀ ਜਿਨ੍ਹਾਂ ਨੂੰ ਵੇਖਣ ਲਈ ਦੂਰੋਂ ਦੂਰੋਂ ਲੋਕ ਵਹੀਰਾਂ ਘੱਤ ਕੇ ਜੁੜਦੇ ਸਨ। ਕਬੱਡੀ ਖਿਡਾਰੀਆਂ ਦੀ ਲੋਕਪ੍ਰਿਅਤਾ ਦਾ ਇਹ ਆਲਮ ਹੁੰਦਾ ਸੀ ਕਿ ਉਨ੍ਹਾਂ ਦੇ ਨਾਵਾਂ ਦੀ ਚਰਚਾ ਘਰ ਘਰ ਹੋਇਆ ਕਰਦੀ ਸੀ। ਕਬੱਡੀ ਤੋਂ ਇਲਾਵਾ ਗੱਤਕਾ ਅਤੇ ਭਾਰੇ ਪੱਥਰ ਜਾਂ ਮਿੱਟੀ ਦੇ ਥੈਲਿਆਂ ਦੇ ਰੂਪ ਵਿਚ ਭਾਰ ਤੋਲਣ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਸਨ।



ਪਿੰਡ ਕਿਲਾ ਰਾਏਪੁਰ ਵਿਚ ਗਰੇਵਾਲ ਸਪੋਰਟਸ ਐਸੋਸੀਏਸ਼ਨ ਵਲੋਂ ਕਰੀਬ ਸੱਠ ਸਾਲ ਪਹਿਲਾਂ ਸ਼ੁਰੂ ਹੋਈਆਂ ਖੇਡਾਂ ਪੇਂਡੂ ਜੀਵਨ ਜਾਚ ਦੀ ਝਾਕੀ ਬਣ ਗਈਆਂ। ਹੌਲੀ ਹੌਲੀ ਸਕੂਲਾਂ ਅਤੇ ਕਾਲਜਾਂ ਵਿਚ ਵੀ ਇਸ ਨੂੰ ਹੱਲਾਸ਼ੇਰੀ ਮਿਲਣ ਲੱਗੀ ਅਤੇ ਇਹ ਖਿਡਾਰੀਆਂ ਦੀਆਂ ਨਰਸਰੀਆਂ ਬਣ ਗਏ। ਮੈਨੂੰ ਡੀਏਵੀ ਕਾਲਜ ਜਲੰਧਰ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚਕਾਰ ਹੋਣ ਵਾਲਾ ਸਾਲਾਨਾ ਮੈਚ ਹਜੇ ਵੀ ਚੰਗੀ ਤਰ੍ਹਾਂ ਯਾਦ ਹੈ ਅਤੇ ਪੰਜਾਬ ਦੇ ਖੇਡ ਕੈਲੰਡਰ ਦਾ ਉਹ ਇਕ ਅਹਿਮ ਮੁਕਾਮ ਹੁੰਦਾ ਸੀ ਜਿਸ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਵਿਦਿਆਰਥੀ ਖਿਡਾਰੀ ਪਹੁੰਚਦੇ ਸਨ। ਅੱਜ ਸਾਡਾ ਗੁਆਂਢੀ ਸੂਬਾ ਹਰਿਆਣਾ ਬਿਹਤਰੀਨ ਪਹਿਲਵਾਨ, ਮੁੱਕੇਬਾਜ਼ ਅਤੇ ਜੈਵਲਿਨ ਥ੍ਰੋਅਰਾਂ ਜਿਹੇ ਅਥਲੀਟ ਵੀ ਪੈਦਾ ਕਰ ਰਿਹਾ ਹੈ। ਹਰਿਆਣਾ ਅਤੇ ਦਿੱਲੀ ਦੇ ਅਖਾੜਿਆ ਵਿਚ ਹਰਿਆਣਾ ਦੇ ਨੌਜਵਾਨ ਮੁੰਡੇ ਕੁੜੀਆਂ ਦੀ ਭਰਮਾਰ ਰਹਿੰਦੀ ਹੈ ਅਤੇ ਜਿੱਥੋਂ ਸਿਖਲਾਈ ਲੈ ਕੇ ਉਹ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਨਾਮਣਾ ਖੱਟਣ ਲਈ ਉਡਾਣ ਭਰਦੇ ਹਨ।

ਫੁਟਬਾਲ ਵਿਚ ਕਈ ਦਹਾਕੇ ਪਹਿਲਾਂ ਪੰਜਾਬ ਪੁਲੀਸ ਜਲੰਧਰ ਦਾ ਲੀਡਰਜ਼ ਕਲੱਬ ਜਿਸ ਨੂੰ ਸਨਅਤਕਾਰ ਦਵਾਰਕਾ ਦਾਸ ਸਹਿਗਲ ਦੀ ਸਰਪ੍ਰਸਤੀ ਹਾਸਲ ਸੀ, ਫਗਵਾੜਾ ਦਾ ਜੇਸੀਟੀ ਕਲੱਬ ਜਿਸ ਨੂੰ ਸਮੀਰ ਥਾਪਰ ਵਲੋਂ ਥਾਪੜਾ ਦਿੱਤਾ ਜਾਂਦਾ ਸੀ, ਆਦਿ ਟੀਮਾਂ ਦੇ ਦਸਤਕ ਦੇਣ ਨਾਲ ਇਸ ਖੇਡ ਦੇ ਪਸਾਰ ਦੀਆਂ ਉਮੀਦਾਂ ਜਾਗੀਆਂ ਸਨ। ਇਕ ਸਮਾਂ ਸੀ ਜਦੋਂ ਪੰਜਾਬ ਨੇ ਜਰਨੈਲ ਸਿੰਘ, ਇੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਜਿਹੇ ਕੌਮੀ ਫੁਟਬਾਲਰ ਪੈਦਾ ਕੀਤੇ ਸਨ। ਈਸਟ ਬੰਗਾਲ, ਮੋਹਨ ਬਾਗਾਨ ਜਿਹੇ ਕਲੱਬ ਖਿਡਾਰੀ ਭਰਤੀ ਕਰਨ ਲਈ ਪੰਜਾਬ ਆਉਂਦੇ ਸਨ। ਅਥਲੈਟਿਕ ਮੁਕਾਬਲਿਆਂ ਵਿਚ ਵੀ ਪੰਜਾਬ ਚੰਗੀ ਕਾਰਗੁਜ਼ਾਰੀ ਦਿਖਾ ਰਿਹਾ ਸੀ ਜਿੱਥੇ ਅਜਮੇਰ ਸਿੰਘ (400 ਮੀਟਰ, ਏਸ਼ਿਆਈ ਸੋਨ ਤਗਮਾ ਜੇਤੂ), ਪ੍ਰਦੁੰਮਣ ਸਿੰਘ (ਸ਼ਾਟ ਪੁੱਟ ਵਿਚ ਏਸ਼ਿਆਈ ਮੁਕਾਬਲਿਆਂ ਵਿਚ ਸੋਨ ਤਗਮਾ), ਗੁਰਬਚਨ ਸਿੰਘ (ਡੀਕੈਥਲਾਨ, ਏਸ਼ਿਆਈ ਮੁਕਾਬਲਿਆਂ ਵਿਚ ਸੋਨ ਤਗਮਾ) ਅਤੇ ਬਿਨਾਂ ਸ਼ੱਕ ਮਿਲਖਾ ਸਿੰਘ ਜਿਹੇ ਅਥਲੀਟਾਂ ਦੇ ਨਾਂ ਆਉਂਦੇ ਹਨ। ਓਲੰਪਿਕ ਵਿਚ ਸੋਨ ਤਗਮਾ ਜਿੱਤਣ ਵਾਲਿਆਂ ਵਿਚ ਸਾਡੀ ਇਕਮਾਤਰ ਹਾਜ਼ਰੀ ਅਭਿਨਵ ਬਿੰਦਰਾ (ਨਿਸ਼ਾਨੇਬਾਜ਼ੀ) ਨੇ ਲਵਾਈ। ਗੋਲਫ ਵਿਚ ਜੀਵ ਮਿਲਖਾ ਸਿੰਘ ਨੇ ਕਈ ਯੂਰਪੀਅਨ ਅਤੇ ਏਸ਼ੀਆਈ ਸਰਕਟਾਂ ਦੀਆਂ ਟਰਾਫ਼ੀਆਂ ਜਿੱਤ ਕੇ ਦੇਸ਼ ਦਾ ਮਾਣ ਵਧਾਇਆ ਹੈ। ਅਸੀਂ ਸਪੋਰਟਸ ਸਕੂਲਾਂ ਤੇ ਕਾਲਜਾਂ ਦਾ ਇਕ ਵਸੀਹ ਨਿਜ਼ਾਮ ਕਾਇਮ ਕੀਤਾ ਸੀ।

ਇਨ੍ਹਾਂ ਦੀ ਕਿਹੋ ਜਿਹੀ ਕਾਰਗੁਜ਼ਾਰੀ ਰਹੀ? ਇਨ੍ਹਾਂ ਨੇ ਕੋਚਾਂ ਦੀ ਕਿਹੋ ਜਿਹੀ ਫ਼ੌਜ ਪੈਦਾ ਕੀਤੀ ਸੀ? ਹਰਿਆਣਾ, ਦਿੱਲੀ, ਉੱਤਰ ਪੂਰਬ, ਮਹਾਰਾਸ਼ਟਰ ਅਤੇ ਕੇਰਲਾ ਵਿਚ ਮੁੱਕੇਬਾਜ਼ੀ ਦੇ ਰਿੰਗਾਂ, ਅਥਲੈਟਿਕ ਟਰੈਕਾਂ ਅਤੇ ਸਟੇਡੀਅਮਾਂ ਵਿਚ ਨਿਰੰਤਰ ਸਰਗਰਮੀ ਚਲਦੀ ਰਹਿੰਦੀ ਹੈ। ਮੈਨੂੰ ਯਾਦ ਹੈ ਕਿ ਇੰਫਾਲ ਦੇ ਇਕ ਸਟੇਡੀਅਮ ਵਿਚ ਰੋਜ਼ਾਨਾ ਸਵੇਰੇ 2000 ਤੋਂ 3000 ਮੁੰਡੇ ਤੇ ਕੁੜੀਆਂ ਸਿਖਲਾਈ ਲੈਣ ਆਉਂਦੇ ਸਨ। ਬੇਸਬਾਲ ਤੇ ਬਾਸਕਟਬਾਲ ਵਿਚ ਹਰ ਸਾਲ ਅਮਰੀਕਾ ਤੋਂ ਟ੍ਰੇਨਰ ਸਿਖਲਾਈ ਦੇਣ ਆਉਂਦੇ ਹਨ। ਮੁੱਕੇਬਾਜ਼ੀ ਅਤੇ ਭਾਰ ਤੋਲਣ ਵਿਚ ਜਿੱਤੇ ਜਾਂਦੇ ਤਗਮਿਆਂ ਤੋਂ ਨਤੀਜੇ ਦੇਖੇ ਜਾ ਸਕਦੇ ਹਨ ਅਤੇ ਫੁਟਬਾਲਰ ਵੀ ਕੌਮੀ ਪੱਧਰ ’ਤੇ ਆਪਣਾ ਦਮ ਖ਼ਮ ਦਿਖਾ ਰਹੇ ਹਨ।

ਨੌਜਵਾਨਾਂ ਨੂੰ ਖੇਡਾਂ ਦੀ ਚੇਟਕ ਲਾਉਣ ਲਈ ਸੂਬਾ ਸਰਕਾਰ, ਸਨਅਤ ਅਤੇ ਪ੍ਰਾਈਵੇਟ ਵਿਦਿਆਦਾਨੀਆਂ ਨੂੰ ਮੋਹਰੀ ਭੂਮਿਕਾ ਨਿਭਾਉਣੀ ਪਵੇਗੀ। ਇਸ ਮਾਮਲੇ ਵਿਚ ਸਮਾਗਮ ਸੰਮੇਲਨ ਕਰਾਉਣ ਦੀ ਕੋਈ ਲੋੜ ਨਹੀਂ ਸਗੋਂ ਜ਼ਮੀਨੀ ਪੱਧਰ ’ਤੇ ਕੰਮ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸਾਡੇ ਨੌਜਵਾਨ ਬੱਚਿਆਂ ਨੂੰ ਮੁੜ ਖੇਡ ਮੈਦਾਨ ਵਿਚ ਲਿਆਂਦਾ ਜਾ ਸਕੇ। ਸਨਅਤੀ ਅਤੇ ਸਰਕਾਰੀ ਆਗੂਆਂ ਨੂੰ ਕਲੱਬਾਂ ਅਤੇ ਟੂਰਨਾਮੈਂਟਾਂ ਨੂੰ ਸਪਾਂਸਰ ਕਰਨਾ ਚਾਹੀਦਾ ਹੈ। ਸਾਨੂੰ ਹਾਈ ਸਕੂਲ ਅਤੇ ਯੂਨੀਵਰਸਿਟੀ ਪੱਧਰ ’ਤੇ ਸਕਾਲਰਸ਼ਿਪਾਂ ਦੀ ਇਕ ਪ੍ਰਣਾਲੀ ਕਾਇਮ ਕਰਨ ਦੀ ਲੋੜ ਹੈ। ਵੱਕਾਰੀ ਟੂਰਨਾਮੈਂਟਾਂ ਲਈ ਸਨਅਤ ਅਤੇ ਸਰਕਾਰ ਵਲੋਂ ਸਪਾਂਸਰਸ਼ਿਪ ਹੋਣੀ ਚਾਹੀਦੀ ਹੈ ਜਿਸ ਨਾਲ ਕੌਮੀ ਪੱਧਰ ਦੇ ਕਲੱਬ ਪੰਜਾਬ ਆਉਣ ਲੱਗਣਗੇ। ਹਾਕੀ, ਫੁਟਬਾਲ, ਬਾਸਕਟਬਾਲ ਅਤੇ ਅਥਲੈਟਿਕਸ ਵਿਚ ਪੰਜਾਬ ਪੁਲੀਸ ਦੀਆਂ ਟੀਮਾਂ ਦੀ ਬਿਹਤਰ ਕਾਰਗੁਜ਼ਾਰੀ ਦਾ ਸਿਹਰਾ ਮਰਹੂਮ ਅਸ਼ਵਨੀ ਕੁਮਾਰ ਜਿਹੇ ਆਗੂਆਂ ਸਿਰ ਬੱਝਦਾ ਹੈ ਜਿਨ੍ਹਾਂ ਹਰੇਕ ਪੱਧਰ ’ਤੇ ਨਿੱਜੀ ਦਿਲਚਸਪੀ ਨਾਲ ਕੰਮ ਕੀਤਾ ਸੀ। ਨੌਜਵਾਨਾਂ ਅੰਦਰ ਵਿਦੇਸ਼ ਜਾਣ ਦੀ ਹੋੜ ਨੂੰ ਰੋਕਣ ਲਈ ਵੀ ਅਜਿਹਾ ਕਰਨਾ ਜ਼ਰੂਰੀ ਹੈ ਜਿਸ ਨਾਲ ਉਹ ਕਿਸੇ ਸਾਰਥਕ ਸਰਗਰਮੀ ਵਿਚ ਲੱਗ ਸਕਣ। ਹਰ ਸ਼ੋਹਬੇ ਵਿਚ ਮੋਹਰੀ ਹੋਣ, ਇਕ ਵਾਰ ਫਿਰ ਦੇਸ਼ ਦੀ ਖੜਗ ਭੁਜਾ ਬਣਨ, ਭਾਰਤ ਦੇ ਗਾਮੇ ਪਹਿਲਵਾਨ, ਦਾਰੇ ਸਿੰਘ ਅਤੇ ਮਿਲਖੇ ਸਿੰਘ ਬਣਨ ਲਈ ਪੰਜਾਬੀ ਜਜ਼ਬੇ ਨੂੰ ਮੁੜ ਜਗਾਉਣ ਲਈ ਖੇਡਾਂ ਮੁੱਖ ਜ਼ਰੀਆ ਬਣ ਸਕਦੀਆਂ ਹਨ। ਖੇਡ ਮੈਦਾਨ ਸਾਨੂੰ ਨਿੱਜੀ ਬੜਤਰੀ ਹਾਸਲ ਕਰਨ ਅਤੇ ਸਮੂਹਿਕ ਤੌਰ ’ਤੇ ਰਲ਼ ਮਿਲ ਕੇ ਕਾਰਨਾਮੇ ਕਰਨ ਦਾ ਸਬਕ ਸਿਖਾਉਂਦੀਆਂ ਹਨ ਜਿਵੇਂ ਕਿ ਵੈਲਿੰਗਟਨ ਨੇ ਇਕ ਵਾਰ ਆਖਿਆ ਸੀ ਕਿ ‘ਵਾਟਰਲੂ ਦੀ ਲੜਾਈ ਈਟਨ ਦੇ ਮੈਦਾਨਾਂ ’ਤੇ ਖੇਡਦੇ ਹੋਏ ਜਿੱਤੀ ਗਈ ਸੀ।’ ਕਿਸੇ ਵੇਲੇ ਪੰਜਾਬੀ ਨੌਜਵਾਨਾਂ ਅੰਦਰ ਖੇਡ ਮੈਦਾਨਾਂ ਲਈ ਧੂਹ ਪੈਂਦੀ ਸੀ ਪਰ ਹੁਣ ਅਜਿਹਾ ਨਹੀਂ ਹੈ ਅਤੇ ਮੇਰਾ ਖਿਆਲ ਹੈ ਕਿ ਇਸ ਅਲਾਮਤ ’ਤੇ ਧਿਆਨ ਦੇਣ ਦੀ ਲੋੜ ਹੈ। ਜਾਗੀਰਦਾਰ ਪੀਅਰ ਡੀ ਕੂਬਰਟਾਂ (ਆਧੁਨਿਕ ਓਲੰਪਿਕਸ ਦੇ ਬਾਨੀ) ਨੇ ਇਸ ਦਾ ਖੁਲਾਸਾ ਇੰਝ ਕੀਤਾ ਸੀ: ‘‘ਓਲੰਪਿਕ ਖੇਡਾਂ ਵਿਚ ਅਹਿਮ ਗੱਲ ਜਿੱਤ ਦੀ ਨਹੀਂ ਹੈ ਸਗੋਂ ਇਸ ਵਿਚ ਭਾਗ ਲੈਣ ਦੀ ਹੁੰਦੀ ਹੈ; ਜ਼ਿੰਦਗੀ ਵਿਚ ਜਿੱਤ ਦੀ ਨਹੀਂ ਸਗੋਂ ਜਦੋਜਹਿਦ ਦੀ ਅਹਿਮੀਅਤ ਹੁੰਦੀ ਹੈ; ਜ਼ਰੂਰੀ ਗੱਲ ਜਿੱਤ ਨਹੀਂ ਹੁੰਦੀ ਸਗੋਂ ਡਟ ਕੇ ਲੜਨ ਦੀ ਹੁੰਦੀ ਹੈ। ਇਨ੍ਹਾਂ ਸਿਧਾਂਤਾਂ ਦਾ ਪ੍ਰਸਾਰ ਕਰਨ ਲਈ ਇਕ ਮਜ਼ਬੂਤ ਅਤੇ ਵਧੇਰੇ ਜੁਝਾਰੂ ਹੀ ਨਹੀਂ ਸਗੋਂ ਇਸ ਤੋਂ ਵੀ ਵਧ ਕੇ ਇਮਾਨਦਾਰ ਅਤੇ ਫਰਾਖ਼ਦਿਲ ਮਾਨਵਜਾਤੀ ਦੀ ਸਿਰਜਣਾ ਕਰਨੀ ਪਵੇਗੀ।’’

# ਪੰਜਾਬਣ ਦੀ ਫ਼ਿਲਮ ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਨੇ ਜਿੱਤਿਆ ਆਸਕਰ ਅਵਾਰਡ

ਗੁਨੀਤ ਮੋਂਗਾ ਦੀ ਲਘੂ ਫ਼ਿਲਮ ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਨੇ 95ਵੇਂ ਕੌਮਾਂਤਰੀ ਆਸਕਰ ਐਵਾਰਡ ਨੂੰ ਆਪਣੇ ਨਾਮ ਕਰ ਲਿਆ ਹੈ। ਗੁਨੀਤ ਮੋਂਗਾ ਫਿਲਮ ਦੇ ਨਿਰਮਾਤਾ ਹਨ ਜਦਕਿ ਫਿਲਮ ਦਾ ਨਿਰਦੇਸ਼ਨ ਕਾਰਤਿਕੀ ਗੋਂਨਸਾਲਵਿਸ ਨੇ ਕੀਤਾ ਹੈ। ਗੁਨੀਤ ਮੋਂਗਾ ਨੇ ਸਨਮਾਨ ਹਾਸਿਲ ਕਰਨ ਤੋਂ ਬਾਅਦ ਇੱਕ ਟਵੀਟ ਕਰਕੇ ਆਪਣੀ ਖ਼ੁਸ਼ੀ ਸਾਂਝੀ ਕੀਤੀ। ਉਨ੍ਹਾਂ ਲਿਖਿਆ, ‘‘ਅਸੀਂ ਹੁਣੇ ਕਿਸੇ ਭਾਰਤੀ ਪ੍ਰੋਡਕਸ਼ਨ ਲਈ ਪਹਿਲਾ ਆਸਕਰ ਜਿੱਤਿਆ ਹੈ। ਅਜਿਹਾ ਦੋ ਔਰਤਾਂ ਨੇ ਕੀਤਾ। ਮੈਂ ਹਾਲੇ ਵੀ ਕੰਬ ਰਹੀ ਹਾਂ।’’ ਫ਼ਿਲਮ ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਦੀ ਆਸਕਰ ਨਾਮਜਦਗੀ ਦੇ ਪਲ ਕੈਮਰੇ ਵਿੱਚ ਕੈਦ ਹੋਏ ਸਨ। ਗੁਨੀਤ ਸਣੇ ਪੂਰੀ ਟੀਮ ਦਾ ਜੋਸ਼ ਤੇ ਖ਼ੁਸ਼ੀ ਦੇਖਣ ਵਾਲੀ ਸੀ। ਗੁਨੀਤ ਨੇ ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਫ਼ਿਲਮ ਨੂੰ ਸਾਂਝੇ ਤੌਰ ਉੱਤੇ ਸਿੱਖਿਆ ਐਂਟਰਟੇਨਮੈਂਟ ਬੈਨਰ ਹੇਠਾਂ ਅਚਿਨ ਜੈਨ ਨਾਲ ਮਿਲ ਕੇ ਪ੍ਰੋਡਿਊਸ ਕੀਤਾ ਹੈ। ਇਸ ਫਿਲਮ ਦੀ ਨਿਰਦੇਸ਼ਕ ਕਾਰਤਿਕੀ ਗੋਂਨਸਾਲਵਿਸ ਹਨ। ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਫ਼ਿਲਮ 8 ਦਸੰਬਰ 2022 ਨੂੰ ਨੈੱਟਫ਼ਲਿਕਸ ਉੱਤੇ ਰਿਲੀਜ਼ ਹੋਈ ਸੀ।

ਆਸਕਰ ਵਿੱਚ ਲਘੂ ਫ਼ਿਲਮ ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਦੀ ਐਂਟਰੀ ਤੋਂ ਬਾਅਦ ਗੁਨੀਤ ਨੇ ਆਪਣੇ ਇੰਸਟਾਗ੍ਰਾਮ ਹੈਂਡਲ ਉੱਤੇ ਇੱਕ ਨੋਟ ਲਿਖਿਆ ਸੀ। ਇਸ ਨੋਟ ਨਾਲ ਉਨ੍ਹਾਂ ਨੇ ਆਪਣੀ ਫ਼ਿਲਮ ਦੇ ਪੋਸਟਰ ਵੀ ਸਾਂਝੇ ਕੀਤੇ ਕਤੇ ਸਨ। ਗੁਨੀਤ ਨੇ ਲਿਖਿਆ, ‘‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼ ਭਗਤੀ ਅਤੇ ਪਿਆਰ ਲਈ ਕਵਿਤਾ ਹੈ। ਸੋਹਣੇ ਏਲੀ ਰਘੂ ਲਈ ਬਿਨਾਂ ਸ਼ਰਤ ਬਿਨਾਂ ਕਿਸੇ ਸਵਾਰਥ ਦੇ ਪਿਆਰ ਲਈ ਇੱਕ ਕਵਿਤਾ, ਜਿਸ ਨੇ ਸਾਡੇ ਇਨਸਾਨਾਂ ਵਾਂਗ ਸਾਰੀਆਂ ਭਾਵਨਾਵਾਂ ਨੂੰ ਮਹਿਸੂਸ ਕੀਤਾ ਪਰ ਦੋ ਹੀ ਲੋਕ ਉਸ ਨੂੰ ਸੁਣ ਸੁਕੇ "ਬੋਮਨ ਅਤੇ ਬੈਲੀ।" ‘‘ਮੈਂ ਕਾਰਤਿਕੀ (ਨਿਰਦੇਸ਼ਕ) ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਪਵਿੱਤਰ ਰਿਸ਼ਤੇ ਦੀ ਭਾਲ ਕੀਤੀ ਅਤੇ ਸਾਡੇ ਉੱਤੇ ਐਨੀਂ ਸ਼ੁੱਧ ਅਤੇ ਵਾਸਤਵਿਕ ਕਹਾਣੀ ਦੇ ਨਾਲ ਭਰੋਸਾ ਕੀਤਾ।’’

‘‘ਇਹ ਨਾਮਜ਼ਦਗੀ ਮੇਰੇ ਕਹਾਣੀਆਂ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦੀ ਹੈ ਅਤੇ ਨਾਲ ਹੀ ਉਨ੍ਹਾਂ ਲੋਕਾਂ ਲਈ ਵੀ ਜੋ ਪੂਰੀ ਤਨਦੇਹੀ ਨਾਲ ਖ਼ੁਦ ਨੂੰ ਇੱਕ ਵੱਡੇ ਦ੍ਰਿਸ਼ਟੀਕੋਣ ਪ੍ਰਤੀ ਸਮਰਪਿਤ ਕਰਦੇ ਹਨ।" ‘‘ਇਹ ਮਾਸੂਮੀ ਅਤ ਅਤੇ ਇਮਾਨਦਾਰੀ ਹੈ ਜਿਸ ਨੇ ਇਨ੍ਹਾਂ ਸਰਹੱਦਾਂ ਨੂੰ ਪਾਰ ਕੀਤਾ ਅਤੇ ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਨੂੰ ਊਟੀ ਦੇ ਇੱਕ ਛੋਟੇ ਜਿਹੇ ਸ਼ਹਿਰ ਤੋਂ ਯਾਤਰਾ ਕਰਵਾਈ ਜੋ ਸਿਨੇਮਾ ਦੇ ਸਭ ਤੋਂ ਵੱਡੇ ਮੰਚ ਤੱਕ ਪਹੁੰਚੀ। ਮੇਰੀ ਪਿਆਰੀ ਟੀਮ ਸਿੱਖਿਆ – ਇਹ ਨਾਮਜ਼ਦਗੀ ਆਪਣੇ ਆਪ ਵਿੱਚ ਇੱਕ ਵੱਡਾ ਇਨਾਮ ਹੈ, ਆਓ ਉਸੇ ਵਿਸ਼ਵਾਸ ਨਾਲ ਆਖਰੀ ਛਾਲ ਮਾਰੀਏ।’’ ਆਸਕਰ 2023 ਲਈ ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਦੇ ‘ਡਾਕਿਊਮੈਂਟਰੀ ਸ਼ਾਰਟ ਫ਼ਿਲਮ ਕੈਟੇਗਰੀ’ ਵਿੱਚ ਨਾਮਜ਼ਦਗੀ ਤੋਂ ਬਾਅਦ ਗੁਨੀਤ ਅਤੇ ਉਨ੍ਹਾਂ ਦੀ ਟੀਮ ਨੂੰ ਵੱਡੀਆਂ-ਵੱਡੀਆਂ ਸ਼ਖ਼ਸੀਅਤਾਂ ਵੱਲੋਂ ਵਧਾਈਆਂ ਮਿਲਣ ਦਾ ਸਿਲਸਿਲਾ ਜਾਰੀ ਹੈ। ਇਨ੍ਹਾਂ ਵਿੱਚ ਸੰਗੀਤਕਾਰ ਏ ਆਰ ਰਹਿਮਾਨ, ਨਿਰਦੇਸ਼ਕ ਰਾਜਾਮੌਲੀ ਅਤੇ ਪ੍ਰੋਡਿਊਸਰ ਕਰਨ ਜੌਹਰ ਸ਼ਾਮਲ ਹਨ।



ਆਸਕਰ 2023 ਦੀ ‘ਡਾਕਿਊਮੈਂਟਰੀ ਸ਼ਾਰਟ ਫ਼ਿਲਮ ਕੈਟੇਗਰੀ’ ਵਿੱਚ ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਦਾ ਮੁਕਾਬਲਾ ਚਾਰ ਹੋਰ ਫ਼ਿਲਮਾਂ ਨਾਲ ਹੋਵੇਗਾ। ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਦੀ ਕਹਾਣੀ ਇੱਕ ਪਰਿਵਾਰ ਦੇ ਆਲੇ-ਦੁਆਲੇ ਘੁੰਮਦੀ ਹੈ, ਜੋ ਤਾਮਿਲਨਾਡੂ ਦੇ ਟਾਈਗਰ ਰਿਜ਼ਰਵ ਵਿੱਚ ਦੋ ਅਨਾਥ ਹਾਥੀ ਦੇ ਬੱਚਿਆਂ ਨੂੰ ਗੋਦ ਲੈਂਦਾ ਹੈ। ਭਾਰਤ ਵੱਲੋਂ ‘ਦਿ ਐਲੀਫ਼ੈਂਟ ਵ੍ਹਿਸਪ੍ਰਰਜ਼’ ਤੋਂ ਇਲਾਵਾ ਹੋਰ ਮੁਲਕਾਂ ਤੋਂ ਨਾਮਜ਼ਦ ਲਘੂ ਫ਼ਿਲਮਾਂ ਵਿੱਚ ‘ਹਾਲ ਆਊਟ’, ‘ਹਾਓ ਡੂ ਯੂ ਮਈਅਰ ਅ ਈਅਰ’, ‘ਦਿ ਮਾਰਥਾ ਮਿਸ਼ੇਲ ਇਫੈਕਟ’ ਅਤੇ ‘ਸਟ੍ਰੇਂਜਰ ਐਟ ਦਿ ਗੇਟ’ ਸ਼ਾਮਲ ਹਨ।

ਗੁਨੀਤ ਦਾ ਸਬੰਧ ਦਿੱਲੀ ਦੇ ਇੱਕ ਪੰਜਾਬੀ ਪਰਿਵਾਰ ਨਾਲ ਹੈ। ਉਨ੍ਹਾਂ ਦੀ ਲਿੰਕਡਿਨ ਪ੍ਰੋਫ਼ਾਈਲ ਮੁਤਾਬਕ ਉਨ੍ਹਾਂ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਰਸਿਟੀ ਤੋਂ 2001 ਤੋਂ 2004 ਦਰਮਿਆਨ ਪੱਤਰਕਾਰੀ ਵਿੱਚ ਗ੍ਰੈਜੁਏਸ਼ਨ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਫ਼ਿਲਮ ਅਤੇ ਮਨੋਰੰਜਨ ਖੇਤਰ ਨਾਲ ਜੁੜੀਆਂ ਕਈ ਕੰਪਨੀਆਂ ਵਿੱਚ ਕੰਮ ਕੀਤਾ ਹੈ। ਇਨ੍ਹਾਂ ਕੰਪਨੀਆਂ ਵਿੱਚ ਏਕਤਾ ਕਪੂਰ ਦੀ ਕੰਪਨੀ ਬਾਲਾਜੀ ਮੋਸ਼ਨ ਪਿਕਚਰਜ਼, ਨਿਰਦੇਸ਼ਕ ਅਨੁਰਾਗ ਕਸ਼ਿਅਪ ਦੀ ਕੰਪਨੀ ਅਨੁਰਾਗ ਕਸ਼ਿਅਪ ਫ਼ਿਲਮਜ਼ ਪ੍ਰੋਡਕਸ਼ਨ ਵੀ ਸ਼ਾਮਲ ਹਨ। ਲਿੰਕਡਿਨ ਪ੍ਰੋਫ਼ਾਈਲ ਮੁਤਾਬਕ ਉਹ ਅਪ੍ਰੈਲ 2008 ਤੋਂ ਸਿੱਖਿਆ ਐਂਟਰਟੇਨਮੈਂਟ ਦੀ ਸੀਈਓ ਅਤੇ ਸੰਸਥਾਪਕ ਹਨ। ਗੁਨੀਤ ਮੋਂਗਾ ਦਾ ਆਪਣਾ ਪ੍ਰੋਡਕਸ਼ਨ ਹਾਊਸ ਸਿੱਖਿਆ ਐਂਟਰਟੇਨਮੈਂਟ ਹੈ। ਅਚਿਨ ਜੈਨ ਇਸ ਦੇ ਸਹਿ ਸੰਸਥਾਪਕ ਹਨ। ਦਸੰਬਰ 2022 ਵਿੱਚ ਗੁਨੀਤ ਮੋਂਗਾ ਨੇ ਸੰਨੀ ਕਪੂਰ ਨਾਲ ਵਿਆਹ ਕਰਵਾਇਆ। ਸੰਨੀ ਕਪੂਰ ਇੱਕ ਕਾਰੋਬਾਰੀ ਹਨ ਅਤੇ ਦੋਵਾਂ ਦਾ ਆਨੰਦ ਕਾਰਜ ਮੁੰਬਈ ਦੇ ਇੱਕ ਗੁਰਦੁਆਰੇ ਵਿੱਚ ਹੋਇਆ ਸੀ।

ਗੁਨੀਤ ਮੋਂਗਾ ਅਤੇ ਅਚਿਨ ਜੈਨ ਦੇ ਸਾਂਝੇ ਪ੍ਰੋਡਕਸ਼ਨ ਹਾਊਸ ਸਿੱਖਿਆ ਐਂਟਰਟੇਨਮੈਂਟ ਅਧੀਨ ਕਈ ਫ਼ਿਲਮਾਂ ਚਰਚਾ ਦਾ ਵਿਸ਼ਾ ਰਹੀਆਂ ਹਨ। ਗੁਨੀਤ ਮੋਂਗਾ ਇਸ ਕੰਪਨੀ ਦੀ ਸੰਸਥਾਪਕ ਹਨ ਅਤੇ ਅਚਿਨ ਜੈਨ ਸਹਿ-ਸੰਸਥਾਪਕ ਹਨ। ਵੱਖਰੇ ਵਿਸ਼ੇ ਅਤੇ ਕਿਸਮ ਦੀਆਂ ਫ਼ਿਲਮਾਂ ਨੂੰ ਬਤੌਰ ਨਿਰਮਾਤਾ ਬਣਾਉਣ ਲਈ ਜਾਣੇ ਜਾਂਦੇ ਸਿੱਖਿਆ ਐਂਟਰਟੇਨਮੈਂਟ ਦੀ ਝੋਲੀ ਕਈ ਕੌਮੀ ਐਵਾਰਡ ਆ ਚੁੱਕੇ ਹਨ। ਗੁਨੀਤ ਤੇ ਅਚਿਨ ਦੀ ਟੀਮ ਨੇ ਸਿੱਖਿਆ ਐਂਟਰਟੇਨਮੈਂਟ ਬੈਨਰ ਹੇਠਾਂ ਕਈ ਫ਼ਿਲਮਾਂ ਬਣਾਈਆਂ ਹਨ। ਇਨ੍ਹਾਂ ਫ਼ਿਲਮਾਂ ਵਿੱਚ ਕਈ ਵੱਡੇ ਨਾਮ ਨਜ਼ਰ ਆ ਚੁੱਕੇ ਹਨ, ਜਿਨ੍ਹਾਂ ਵਿੱਚ ਇਰਫ਼ਾਨ ਖ਼ਾਨ, ਦਿਵਿਆ ਦੱਤਾ, ਵਿੱਕੀ ਕੌਸ਼ਲ, ਸਾਨੀਆ ਮਲਹੋਤਰਾ ਆਦਿ ਸ਼ਾਮਲ ਹਨ।

# ਲੋਕਤੰਤਰ ਬਾਰੇ ਅੱਜਕਲ ਕਿਉਂ ਹੋ ਰਹੀ ਹੈ ਚਰਚਾ

**ਡਾ. ਏ. ਕੇ. ਵਰਮਾ**

ਜਦ ਅਮਰੀਕਾ, ਇੰਗਲੈਂਡ ਅਤੇ ਯੂਰਪ ਦੇ ਲੋਕਤੰਤਰੀ ਦੇਸ਼ ਭਾਰਤੀ ਲੋਕਤੰਤਰੀ ਵਿਰਸੇ ਵਿਚ 'ਵਸੂਧੈਵ ਕੁਟੁੰਬਕਮ' ਨੂੰ ਹੱਲਾਸ਼ੇਰੀ ਦੇਣ ਵਾਲੇ ਆਯੋਜਨ ਵਿਚ ਜੁੜ ਰਹੇ ਹੋਣ ਅਤੇ ਭਾਰਤ ਨੂੰ ਜੀ-20 ਦੀ ਪ੍ਰਧਾਨਗੀ ਕਰ ਕੇ ਉਸ ਦੀ ਲੋਕਤੰਤਰੀ ਸਮਰੱਥਾ ਸਵੀਕਾਰ ਕਰ ਰਹੇ ਹੋਣ ਉਦੋਂ ਰਾਹੁਲ ਗਾਂਧੀ ਨੇ ਵਿਦੇਸ਼ੀ ਧਰਤੀ 'ਤੇ ਭਾਰਤੀ ਲੋਕਤੰਤਰ ਨੂੰ ਲੈ ਕੇ ਸਵਾਲ ਚੁੱਕਿਆ ਅਤੇ ਉਸ ਤੋਂ ਬਾਅਦ ਤੋਂ ਉਹ ਲਗਾਤਾਰ ਵਿਵਾਦਾਂ ਵਿਚ ਹਨ।

ਮਾਣਹਾਨੀ ਮਾਮਲੇ ਵਿਚ ਸਜ਼ਾ ਮਿਲਣ ਤੋਂ ਬਾਅਦ ਲੋਕਤੰਤਰ ਨੂੰ ਲੈ ਕੇ ਉਨ੍ਹਾਂ ਦੇ ਸਵਾਲ ਹੋਰ ਵੀ ਤਿੱਖੇ ਹੋ ਗਏ ਹਨ। ਕੀ ਰਾਹੁਲ ਦੀ ਇਹੀ ਸਮਝ ਹੈ ਕਿ ਜਦ ਕਾਂਗਰਸ ਅਤੇ ਉਸ ਦੇ ਸਮਰਥਕ ਖੱਬੇ-ਪੱਖੀ ਸੱਤਾ ਵਿਚ ਹੋਣ, ਤਦ ਹੀ ਦੇਸ਼ ਵਿਚ ਲੋਕਤੰਤਰ ਹੈ? ਜੇਕਰ ਅਜਿਹਾ ਹੈ ਤਾਂ ਉਨ੍ਹਾਂ ਦੀ ਸਮਝ ਜਨਤਾ ਦੀ ਲੋਕਤੰਤਰੀ ਸਮਝ ਨਾਲ ਮੇਲ ਨਹੀਂ ਖਾਂਦੀ।

ਆਜ਼ਾਦੀ ਤੋਂ ਬਾਅਦ ਅਨੇਕ ਵਿਦਵਾਨਾਂ ਨੇ ਆਪਣੇ ਵਿਚਾਰਾਂ ਵਿਚ ਗ਼ਰੀਬੀ, ਅਨਪੜ੍ਹਤਾ ਅਤੇ ਪੱਛੜੇਪਣ ਨੂੰ ਆਧਾਰ ਬਣਾ ਕੇ ਭਾਰਤੀ ਲੋਕਤੰਤਰ 'ਤੇ ਸਵਾਲ ਚੁੱਕਿਆ। ਐਮਰਜੈਂਸੀ ਨੇ ਉਸ ਸ਼ੱਕ ਨੂੰ ਵਧਾਇਆ। ਪਿਛਲੀ ਸਦੀ ਦੇ ਅੰਤਿਮ ਦਹਾਕੇ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੇ ਸਮੇਂ ਵਿਚਾਰ ਘੜਿਆ ਗਿਆ ਕਿ 'ਲੈਵਲ ਪਲੇਇੰਗ ਫੀਲਡ' ਅਰਥਾਤ ਇਕ ਸਮਾਨ ਮੌਕੇ ਨਾ ਹੋਣ ਕਾਰਨ ਭਾਰਤ 'ਆਰਥਿਕ ਸਾਮਰਾਜਵਾਦ' ਦਾ ਬੰਧਕ ਬਣ ਜਾਵੇਗਾ। ਅਜਿਹਾ ਕੁਝ ਹੋਇਆ ਕੀ? ਜਦ ਵੀ ਭਾਰਤੀ ਲੋਕਤੰਤਰ ਦੀ ਖ਼ੁਦਮੁਖ਼ਤਾਰੀ ਅਤੇ ਸਾਰਥਕਤਾ 'ਤੇ ਸਵਾਲ ਉੱਠੇ ਤਾਂ ਉਹ ਹੋਰ ਮਜ਼ਬੂਤ ਹੋ ਕੇ ਉੱਭਰਿਆ ਹੈ। ਐਮਰਜੈਂਸੀ ਤੋਂ ਬਾਅਦ ਭਾਰਤੀ ਲੋਕਤੰਤਰ ਹੋਰ ਮਜ਼ਬੂਤ ਹੋਇਆ ਹੈ। ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਨਾਲ ਭਾਰਤੀ ਅਰਥਚਾਰਾ ਹੋਰ ਮਜ਼ਬੂਤ ਹੋਇਆ। ਕਿਤੇ ਭਾਰਤੀ ਲੋਕਤੰਤਰ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਬਾਹਰਲੀਆਂ ਸ਼ਕਤੀਆਂ ਦੁਆਰਾ ਪ੍ਰਾਯੋਜਿਤ ਤਾਂ ਨਹੀਂ? ਕੀ ਇਸ ਦੇ ਲਈ ਉਹ ਕਿਸੇ ਦੇਸੀ ਨੇਤਾ ਨੂੰ 'ਸਾਫਟ ਟਾਰਗੈਟ' ਤਾਂ ਨਹੀਂ ਬਣਾਉਂਦੇ?

ਆਜ਼ਾਦੀ ਤੋਂ ਬਾਅਦ ਕਈ ਵਿਚਾਰ ਬਣੇ ਜਿਨ੍ਹਾਂ ਨਾਲ ਲੋਕਤੰਤਰ 'ਤੇ ਸ਼ੱਕ ਕੀਤਾ ਗਿਆ। ਇਨ੍ਹਾਂ ਵਿਚ ਫਿਰਕੂ ਦੰਗਿਆਂ ਲਈ ਰਾਸ਼ਟਰੀ ਸਵੈਮ ਸੇਵਕ ਸੰਘ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਜਿਸ ਤਰ੍ਹਾਂ ਕਾਂਗਰਸ ਨੇ ਮਜ਼ਹਬੀ ਆਧਾਰ 'ਤੇ ਦੇਸ਼ ਦਾ ਬਟਵਾਰਾ ਕਰ ਕੇ ਦੇਸ਼ ਨੂੰ ਹਿੰਦੂ-ਮੁਸਲਿਮ ਦੰਗਿਆਂ ਵਿਚ ਧੱਕਿਆ, ਉਸ ਤੋਂ ਬਚਣ ਲਈ ਪਾਰਟੀ ਹਮੇਸ਼ਾ ਸੰਘ ਨੂੰ ਦੰਗਿਆਂ ਲਈ ਜਵਾਬਦੇਹ ਬਣਾਉਂਦੀ ਰਹੀ।

ਭਾਵੇਂ ਤੱਥ ਇਸ ਦੇ ਉਲਟ ਕਿਉਂ ਨਾ ਹੋਣ। ਖ਼ੁਦ ਨੂੰ ਮੁਸਲਮਾਨਾਂ ਦੇ ਹਿਤੈਸ਼ੀ ਦੱਸ ਕੇ, ਉਨ੍ਹਾਂ ਦੀਆਂ ਵੋਟਾਂ ਲਈ ਕਾਂਗਰਸੀ ਹਮੇਸ਼ਾ ਉਨ੍ਹਾਂ ਦਾ ਪੱਖ ਲੈਂਦੇ, ਚਾਹੇ ਗ਼ਲਤੀ ਕਿਸੇ ਵੀ ਪੱਖ ਦੀ ਹੋਵੇ। ਦੂਜਾ ਵਿਚਾਰ ਇਹ ਸੀ ਕਿ ਭਾਰਤ ਵਿਚ ਮੁਸਲਮਾਨ ਅਸੁਰੱਖਿਅਤ ਹਨ।

ਸਰਕਾਰੀ ਤੇ ਗ਼ੈਰ-ਸਰਕਾਰੀ ਸੰਗਠਨਾਂ ਦੁਆਰਾ ਪ੍ਰਚਾਰਿਤ ਹੋਣ ਨਾਲ ਮੁਸਲਮਾਨਾਂ ਦੇ ਮਨ ਵਿਚ ਸੰਘ ਅਤੇ ਭਾਜਪਾ ਪ੍ਰਤੀ ਨਫ਼ਰਤ ਭਰਨ ਲੱਗੀ। ਜਦਕਿ ਭਾਰਤ ਵਿਚ ਮੁਸਲਮਾਨਾਂ ਨੂੰ ਸੁਰੱਖਿਆ ਅਤੇ ਸਨਮਾਨ ਮਿਲਿਆ ਹੈ ਅਤੇ ਉਹ ਓਨੇ ਹੀ ਸੁਰੱਖਿਅਤ ਜਾਂ ਅਸੁਰੱਖਿਅਤ ਹਨ ਜਿੰਨਾ ਕੋਈ ਹਿੰਦੂ। ਇਸ ਵਿਚਾਰ ਨਾਲ ਹਿੰਦੂ-ਮੁਸਲਮਾਨ ਖੱਪਾ ਵਧਿਆ ਜਿਸ ਕਾਰਨ ਦੋਵਾਂ ਭਾਈਚਾਰਿਆਂ ਦੇ ਸਬੰਧਾਂ, ਸਦਭਾਵਨਾ ਅਤੇ ਸੰਵਾਦ ਵਿਚ ਗਿਰਾਵਟ ਆਈ।

'ਬਹੁਸੰਖਿਅਕਵਾਦ' ਇਸ ਕੜੀ ਵਿਚ ਤੀਜਾ ਵਿਚਾਰ ਸੀ। ਇਸ ਵਿਚ ਇਹ ਗੱਲ ਪ੍ਰਚਾਰੀ ਗਈ ਕਿ ਹਿੰਦੂ ਬਹੁ-ਗਿਣਤੀ ਵਿਚ ਹਨ ਅਤੇ ਉਹ ਘੱਟ-ਗਿਣਤੀ ਭਾਈਚਾਰਿਆਂ ਦੀ ਅਣਦੇਖੀ ਕਰ ਕੇ ਦੇਸ਼ ਦਾ ਸ਼ਾਸਨ ਚਲਾਉਣਾ ਚਾਹੁੰਦੇ ਹਨ। ਮੁਸਲਮਾਨਾਂ ਨੂੰ 'ਪੀੜਤ' ਦੇ ਤੌਰ 'ਤੇ ਦਰਸਾਇਆ ਗਿਆ। ਜਦਕਿ ਤੱਥ ਇਹੀ ਹੈ ਕਿ ਮੁਸਲਿਮ ਘੱਟ-ਗਿਣਤੀ ਨਹੀਂ ਹਨ। ਸੰਨ 1951 ਦੇ ਮੁਕਾਬਲੇ ਹੁਣ ਉਨ੍ਹਾਂ ਦੀ ਜਨਸੰਖਿਆ ਸਾਢੇ ਪੰਜ ਗੁਣਾ ਵਧ ਕੇ ਲਗਪਗ 20 ਕਰੋੜ ਹੋ ਗਈ ਹੈ ਜੋ ਪਾਕਿਸਤਾਨ ਵਿਚ ਮੁਸਲਿਮ ਜਨਸੰਖਿਆ ਦੇ ਬਰਾਬਰ ਹੈ। ਇਹ ਵੀ ਸੱਚ ਹੈ ਕਿ ਮੁਸਲਮਾਨ ਅਣਦੇਖੀ ਦੇ ਸ਼ਿਕਾਰ ਜਾਂ 'ਪੀੜਤ' ਨਹੀਂ ਹਨ। ਕਈ ਮੁਸਲਮਾਨ ਸਰਵਉੱਚ ਅਹੁਦਿਆਂ 'ਤੇ ਬਿਰਾਜਮਾਨ ਰਹੇ ਹਨ। ਰਾਸ਼ਟਰ ਜੀਵਨ ਦੇ ਹਰੇਕ ਖੇਤਰ ਵਿਚ ਉਨ੍ਹਾਂ ਦੀ ਭਾਗੀਦਾਰੀ ਹੈ।

ਉੱਤਰ ਪ੍ਰਦੇਸ਼, ਬੰਗਾਲ ਅਤੇ ਕੇਰਲ ਦੇ ਇਲਾਵਾ ਕਈ ਸੂਬਿਆਂ ਵਿਚ ਉਹ ਇੰਨੀ ਗਿਣਤੀ ਵਿਚ ਹੋ ਕੇ ਫ਼ੈਸਲਾਕੁੰਨ ਹੋ ਗਏ ਹਨ ਜਿਸ ਨਾਲ ਲੋਕਲ ਬਾਡੀਜ਼ ਵਿਚ ਉਨ੍ਹਾਂ ਨੂੰ ਆਪਣੀ ਜਨਸੰਖਿਆ ਦੇ ਅਨੁਪਾਤ ਨਾਲੋਂ ਜ਼ਿਆਦਾ ਨੁਮਾਇੰਦਗੀ ਹਾਸਲ ਹੋ ਰਹੀ ਹੈ। 'ਮੁਸਲਿਮ ਪੀੜਤਪਣ' ਦੇ ਕਾਰਡ ਖੇਡ ਕੇ ਕਈ ਪਾਰਟੀਆਂ ਵੋਟ-ਬੈਂਕ ਦੇ ਰੂਪ ਵਿਚ ਉਨ੍ਹਾਂ ਦਾ ਇਸਤੇਮਾਲ ਕਰ ਰਹੀਆਂ ਹਨ ਜੋ ਹਿੰਦੂ-ਮੁਸਲਿਮ ਧਰੁਵੀਕਰਨ ਨੂੰ ਹੱਲਾਸ਼ੇਰੀ ਦਿੰਦਾ ਹੈ।

ਅਜਿਹੀਆਂ ਵਿਚਾਰ-ਚਰਚਾਵਾਂ ਕਾਰਨ ਇਸਲਾਮਿਕ ਅੱਤਵਾਦੀ ਸੰਗਠਨਾਂ ਨੂੰ ਮੁਸਲਮਾਨਾਂ ਨੂੰ ਭਰਮਾਉਣ ਅਤੇ ਉਨ੍ਹਾਂ ਨੂੰ ਦੇਸ਼ ਵਿਰੋਧੀ ਸਰਗਰਮੀਆਂ ਵਿਚ ਸ਼ਾਮਲ ਕਰਨ ਦਾ ਆਧਾਰ ਮਿਲ ਜਾਂਦਾ ਹੈ। ਇਸ ਵਿਚ 'ਅਸਹਿਣਸ਼ੀਲਤਾ' ਚੌਥਾ ਵਿਚਾਰ ਸੀ। ਕਿਹਾ ਗਿਆ ਕਿ ਸੰਨ 2014 ਵਿਚ ਭਾਜਪਾ ਦੇ ਸੱਤਾ ਵਿਚ ਆਉਣ ਨਾਲ ਇਸ ਵਿਚ ਵਾਧਾ ਹੋਇਆ ਹੈ। ਇਸ ਦੇ ਉਲਟ ਭਾਜਪਾ ਨੇ ਮੁਸਲਮਾਨਾਂ ਪ੍ਰਤੀ ਮਿਸ਼ਰਤ ਨਜ਼ਰੀਆ ਅਪਣਾ ਕੇ, ਵਿਕਾਸ ਵਿਚ ਉਨ੍ਹਾਂ ਨੂੰ ਸਮਾਨਤਾ ਦੇ ਕੇ, ਫਿਰਕੂ ਦੰਗਿਆਂ 'ਤੇ ਕਾਬੂ ਪਾ ਕੇ ਅਤੇ ਮੁਸਲਮਾਨ ਮਹਿਲਾਵਾਂ ਦੀ ਤਿੰਨ ਤਲਾਕ ਵਰਗੀ ਸਮੱਸਿਆ ਦਾ ਹੱਲ ਕੱਢ ਕੇ ਮੁਸਲਮਾਨ ਵਰਗ ਦਾ ਭਰੋਸਾ ਜਿੱਤਿਆ ਹੈ ਜੋ ਲੋਕ ਫ਼ਤਵਿਆਂ ਵਿਚ ਪ੍ਰਗਟ ਵੀ ਹੋ ਰਿਹਾ ਹੈ। ਕੁਝ ਸਵਾਰਥੀ ਅਨਸਰ 'ਪੁਰਸਕਾਰ ਵਾਪਸੀ' ਨੂੰ ਆਧਾਰ ਬਣਾ ਕੇ ਇਸ ਮੁੱਦੇ ਦਾ ਫ਼ਾਇਦਾ ਚੁੱਕਣਾ ਚਾਹੁੰਦੇ ਹਨ ਪਰ ਸੱਚ ਅੱਗੇ ਤਾਂ ਕੋਈ ਹਥਿਆਰ ਚੱਲਦਾ ਨਹੀਂ।

ਕਥਿਤ 'ਆਈਡੀਆ ਆਫ ਇੰਡੀਆ' ਨੂੰ ਵੀ ਚਰਚਾ ਦਾ ਵਿਸ਼ਾ ਬਣਾ ਕੇ ਲੋਕਤੰਤਰ ਨੂੰ ਚੁਣੌਤੀ ਦਿੱਤੀ ਗਈ। ਜਦ ਵੰਨ-ਸੁਵੰਨਤਾ, ਬਹੁਲਤਾ ਅਤੇ ਵਿਲੱਖਣਤਾ ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਦੀ ਆਤਮਾ ਹੈ ਤਾਂ 'ਆਈਡੀਆ ਆਫ ਇੰਡੀਆ' ਦੀ ਕੋਈ ਸਮਰੂਪ ਧਾਰਨਾ ਕਿਵੇਂ ਹੋ ਸਕਦੀ ਹੈ? ਜਿਸ ਸਮਾਜ ਦੀ ਦਾਰਸ਼ਨਿਕ, ਧਾਰਮਿਕ ਅਤੇ ਅਧਿਆਤਮਕ ਬੁਨਿਆਦ ਵਿਚ ਬਹੁਲਤਾ ਨੂੰ ਮਾਨਤਾ ਹੋਵੇ, ਉੱਥੇ ਕਿਸੇ ਸਮਰੂਪ ਭਾਰਤੀ ਸਰੂਪ ਦੀ ਕਲਪਨਾ ਕਿਉਂ ਕੀਤੀ ਜਾਣੀ ਚਾਹੀਦੀ ਹੈ? ਰਾਹੁਲ ਗਾਂਧੀ ਨੇ ਜੋ ਇਹ ਵਿਚਾਰ-ਚਰਚਾ ਛੇੜੀ ਹੈ ਕਿ ਭਾਰਤ ਵਿਚ ਲੋਕਤੰਤਰ ਖ਼ਤਮ ਹੋ ਗਿਆ ਹੈ, ਉਸ ਨਾਲ ਰਾਜਨੀਤਕ ਗਲਿਆਰਿਆਂ ਵਿਚ ਤੂਫ਼ਾਨ ਆ ਗਿਆ ਹੈ। ਜੋ ਵਿਅਕਤੀ ਲੋਕਤੰਤਰ ਦੀ ਆਤਮਾ ਤੋਂ ਅਣਜਾਣ ਹੋਵੇ, ਜਿਸ ਦੀ ਪਾਰਟੀ ਵਿਚ ਕੋਈ 20 ਸਾਲਾਂ ਤਕ ਪ੍ਰਧਾਨ ਦੇ ਅਹੁਦੇ 'ਤੇ ਕਾਬਜ਼ ਰਹੇ, ਜਿਸ ਪਾਰਟੀ ਨੇ ਐਮਰਜੈਂਸੀ ਲਾ ਕੇ ਲੋਕਤੰਤਰ ਦਾ ਗਲਾ ਘੁੱਟਿਆ ਹੋਵੇ, ਜਿਸ ਪਾਰਟੀ ਦੇ ਨੇਤਾਵਾਂ ਤੇ ਸਮਰਥਕਾਂ ਨੇ 1984 ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਵਾਇਆ ਹੋਵੇ, ਜਿਸ ਪਾਰਟੀ ਨੇ 1959 ਵਿਚ ਕੇਰਲ ਦੀ ਖੱਬੇ-ਪੱਖੀ ਸਰਕਾਰ ਨੂੰ ਬਰਖ਼ਾਸਤ ਕਰ ਕੇ ਲੋਕਤੰਤਰੀ




ਸੰਘਵਾਦ ਨੂੰ ਗਰਕ ਕਰਨ 'ਚ ਪਹਿਲੀ ਕਿੱਲ ਠੋਕੀ ਹੋਵੇ, ਉਸ ਪਾਰਟੀ ਦੇ ਇਕ ਸੀਨੀਅਰ ਨੇਤਾ ਵਿਦੇਸ਼ ਵਿਚ ਜਾ ਕੇ ਕਹਿੰਦੇ ਹਨ ਕਿ ਭਾਰਤ 'ਚ ਲੋਕਤੰਤਰ ਖ਼ਤਮ ਹੋ ਗਿਆ ਹੈ।

ਇਹ ਤਾਂ 'ਉਲਟਾ ਚੋਰ ਕੋਤਵਾਲ ਕੋ ਡਾਂਟੇ' ਵਾਲੀ ਕਹਾਵਤ ਨੂੰ ਸੱਚੀ ਸਿੱਧ ਕਰਨਾ ਹੈ। ਜਿਸ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਅਸੀਂ ਤਰਸਦੇ ਸੀ, ਅੱਜ ਸੰਸਾਰ ਦੇ ਵਿਕਸਤ ਦੇਸ਼ ਉਸ ਲਈ ਤਤਪਰ ਹਨ। ਇਹ ਸਭ ਇਸੇ ਕਾਰਨ ਹੋ ਰਿਹਾ ਹੈ ਕਿ ਇਹ ਦੇਸ਼ ਭਾਰਤੀ ਆਰਥਿਕਤਾ ਅਤੇ ਲੋਕਤੰਤਰ ਪ੍ਰਤੀ ਭਰੋਸਾ ਰੱਖਦੇ ਹਨ। ਅਜਿਹੇ ਵਿਚ ਰਾਹੁਲ ਗਾਂਧੀ ਭਲਾ ਕਿਵੇਂ ਕਹਿ ਸਕਦੇ ਹਨ ਕਿ ਭਾਰਤ ਵਿਚ ਲੋਕਤੰਤਰ ਖ਼ਤਮ ਹੋ ਰਿਹਾ ਹੈ?

ਭਾਰਤੀ ਲੋਕਤੰਤਰ ਇਨ੍ਹਾਂ ਫ਼ਰਜ਼ੀ ਲੋਕਤੰਤਰੀ ਵਿਚਾਰ-ਚਰਚਾਵਾਂ ਦੇ ਜਾਲ ਵਿਚ ਫਸਣ ਵਾਲਾ ਨਹੀਂ। ਜਨਤਾ ਨੂੰ ਮੂਰਖ ਬਣਾ ਕੇ ਬਹੁਤ ਸ਼ਾਸਨ ਹੋ ਚੁੱਕਾ ਹੈ। ਅੱਜ ਉਸ ਨੂੰ ਲੋਕਤੰਤਰ ਦੇ ਸੱਚੇ ਸਰੂਪ ਦਾ ਗਿਆਨ ਹੈ। ਸਾਨੂੰ ਜਨਤਾ ਦੀ ਸੋਝੀ, ਉਸ ਦੀ ਨਿਰਪੱਖਤਾ ਅਤੇ ਲੋਕ ਫ਼ਤਵੇ ਦਾ ਅਦਬ ਕਰਨਾ ਚਾਹੀਦਾ ਹੈ।

ਇਸ ਗੱਲ ਨੂੰ ਕੋਈ ਵੀ ਹਿੰਦੁਸਤਾਨੀ ਜਾਇਜ਼ ਨਹੀਂ ਠਹਿਰਾ ਸਕਦਾ ਕਿ ਕੋਈ ਨੇਤਾ ਵਿਦੇਸ਼ ਵਿਚ ਜਾ ਕੇ ਆਪਣੇ ਦੇਸ਼ ਦੀ ਬਦਖੋਈ ਕਰੇ।

ਤ੍ਰਾਸਦੀ ਇਹ ਹੈ ਕਿ ਕਾਂਗਰਸ ਦੇ ਕਈ ਨੇਤਾ ਪਹਿਲਾਂ ਵੀ ਸੌੜੇ ਸਿਆਸੀ ਹਿੱਤਾਂ ਖ਼ਾਤਰ ਵਿਦੇਸ਼ ਵਿਚ ਆਪਣੇ ਮੁਲਕ ਲਈ ਨੁਕਸਾਨਦੇਹ ਬਿਆਨ ਦਿੰਦੇ ਰਹੇ ਹਨ। ਸਿੱਟੇ ਵਜੋਂ ਵੱਖ-ਵੱਖ ਚੋਣਾਂ ਦੌਰਾਨ ਇਨ੍ਹਾਂ ਮੰਦਭਾਗੇ ਬਿਆਨਾਂ ਕਾਰਨ ਪਾਰਟੀ ਨੂੰ ਫ਼ਾਇਦਾ ਹੋਣ ਦੀ ਥਾਂ ਨੁਕਸਾਨ ਹੀ ਹੁੰਦਾ ਆਇਆ ਹੈ। ਤ੍ਰਾਸਦੀ ਇਹ ਹੈ ਕਿ ਕਾਂਗਰਸ ਫਿਰ ਵੀ ਸਬਕ ਸਿੱਖਣ ਲਈ ਤਿਆਰ ਨਹੀਂ ਹੈ।

# ਰੂਸ ਅਤੇ ਚੀਨ ਦੀਆਂ ਵਧਦੀਆਂ ਨਜ਼ਦੀਕੀਆਂ ਨੇ ਦੁਨੀਆਂ 'ਚ ਮਚਾਈ ਹਲਚਲ

ਹਰ ਇਕ ਗੁਜ਼ਰਦੇ ਹੋਏ ਦਿਨ ਨਾਲ ਦੁਨੀਆ ਦਾ ਹੋਰ ਧਰੁਵੀਕਰਨ ਹੁੰਦਾ ਜਾ ਰਿਹਾ ਹੈ। ਪਿਛਲੇ ਦਿਨੀਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਰੂਸ ਦੌਰੇ ਅਤੇ ਜਾਪਾਨੀ ਪ੍ਰਧਾਨ ਮੰਤਰੀ ਫੁਮੀਓ ਕਿਸ਼ਿਦਾ ਦੀ ਯੂਕਰੇਨ ਯਾਤਰਾ ਨਾਲ ਇਹ ਧਰੁਵੀਕਰਨ ਹੋਰ ਜ਼ਿਆਦਾ ਉੱਘੜ ਕੇ ਸਾਹਮਣੇ ਆਉਂਦਾ ਹੈ। ਕਿਸ਼ਿਦਾ ਦੇ ਦੌਰੇ ਦਾ ਮਕਸਦ ਜਿੱਥੇ ਯੂਕਰੇਨ ਨਾਲ ਇਕਜੁੱਟਤਾ ਜ਼ਾਹਿਰ ਕਰਨਾ ਸੀ ਤਾਂ ਚੀਨੀ ਰਾਸ਼ਟਰਪਤੀ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣ ਦੇ ਮਕਸਦ ਨਾਲ ਮਾਸਕੋ ਪਹੁੰਚੇ।

ਇਕ ਤਾਂ ਉਨ੍ਹਾਂ ਦੀ ਮਨਸ਼ਾ ਰੂਸ ਅਤੇ ਯੂਕਰੇਨ ਦਰਮਿਆਨ ਸ਼ਾਂਤੀ ਦੀਆਂ ਕੋਸ਼ਿਸ਼ਾਂ 'ਚ ਵਿਚੋਲੇ ਦੀ ਭੂਮਿਕਾ 'ਚ ਦਿਸਣ ਦੀ ਰਹੀ ਪਰ ਇਸ ਤੋਂ ਵੀ ਵਧ ਕੇ ਉਨ੍ਹਾਂ ਦਾ ਟੀਚਾ ਚੀਨ-ਰੂਸ ਸਬੰਧਾਂ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨਾ ਰਿਹਾ। ਅੱਜ ਵੱਡੇ ਪੱਧਰ 'ਤੇ ਸ਼ਕਤੀ ਦਾ ਧਰੁਵੀਕਰਨ ਹੋ ਰਿਹਾ ਹੈ। ਇਹ ਇਕ ਵਿਆਪਕ ਮੁੱਢਲੀ ਅਸਲੀਅਤ ਹੈ, ਜੋ ਨਵੇਂ ਉੱਭਰਦੇ ਆਲਮੀ ਢਾਂਚੇ ਨੂੰ ਆਕਾਰ ਦੇ ਰਹੀ ਹੈ। ਇਸ 'ਚ ਭਾਰਤ ਸਮੇਤ ਸਾਰੇ ਦੇਸ਼ਾਂ ਲਈ ਭਵਿੱਖ ਦੇ ਨਜ਼ਰੀਏ ਤੋਂ ਚਿੰਤਾ ਦੇ ਸੰਕੇਤ ਲੁਕੇ ਹਨ।

ਹਰ ਇਕ ਗੁਜ਼ਰਦੇ ਹੋਏ ਦਿਨ ਨਾਲ ਦੁਨੀਆ ਦਾ ਹੋਰ ਧਰੁਵੀਕਰਨ ਹੁੰਦਾ ਜਾ ਰਿਹਾ ਹੈ। ਪਿਛਲੇ ਦਿਨੀਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਰੂਸ ਦੌਰੇ ਅਤੇ ਜਾਪਾਨੀ ਪ੍ਰਧਾਨ ਮੰਤਰੀ ਫੁਮੀਓ ਕਿਸ਼ਿਦਾ ਦੀ ਯੂਕਰੇਨ ਯਾਤਰਾ ਨਾਲ ਇਹ ਧਰੁਵੀਕਰਨ ਹੋਰ ਜ਼ਿਆਦਾ ਉੱਘੜ ਕੇ ਸਾਹਮਣੇ ਆਉਂਦਾ ਹੈ। ਕਿਸ਼ਿਦਾ ਦੇ ਦੌਰੇ ਦਾ ਮਕਸਦ ਜਿੱਥੇ ਯੂਕਰੇਨ ਨਾਲ ਇਕਜੁੱਟਤਾ ਜ਼ਾਹਿਰ ਕਰਨਾ ਸੀ ਤਾਂ ਚੀਨੀ ਰਾਸ਼ਟਰਪਤੀ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣ ਦੇ ਮਕਸਦ ਨਾਲ ਮਾਸਕੋ ਪਹੁੰਚੇ।

ਇਕ ਤਾਂ ਉਨ੍ਹਾਂ ਦੀ ਮਨਸ਼ਾ ਰੂਸ ਅਤੇ ਯੂਕਰੇਨ ਦਰਮਿਆਨ ਸ਼ਾਂਤੀ ਦੀਆਂ ਕੋਸ਼ਿਸ਼ਾਂ 'ਚ ਵਿਚੋਲੇ ਦੀ ਭੂਮਿਕਾ 'ਚ ਦਿਸਣ ਦੀ ਰਹੀ ਪਰ ਇਸ ਤੋਂ ਵੀ ਵਧ ਕੇ ਉਨ੍ਹਾਂ ਦਾ ਟੀਚਾ ਚੀਨ-ਰੂਸ ਸਬੰਧਾਂ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨਾ ਰਿਹਾ। ਅੱਜ ਵੱਡੇ ਪੱਧਰ 'ਤੇ ਸ਼ਕਤੀ ਦਾ ਧਰੁਵੀਕਰਨ ਹੋ ਰਿਹਾ ਹੈ। ਇਹ ਇਕ ਵਿਆਪਕ ਮੁੱਢਲੀ ਅਸਲੀਅਤ ਹੈ, ਜੋ ਨਵੇਂ ਉੱਭਰਦੇ ਆਲਮੀ ਢਾਂਚੇ ਨੂੰ ਆਕਾਰ ਦੇ ਰਹੀ ਹੈ। ਇਸ 'ਚ ਭਾਰਤ ਸਮੇਤ ਸਾਰੇ ਦੇਸ਼ਾਂ ਲਈ ਭਵਿੱਖ ਦੇ ਨਜ਼ਰੀਏ ਤੋਂ ਚਿੰਤਾ ਦੇ ਸੰਕੇਤ ਲੁਕੇ ਹਨ।

ਜਿੱਥੋਂ ਤੱਕ ਰੂਸ ਅਤੇ ਯੂਕਰੇਨ ਦਰਮਿਆਨ ਸ਼ਾਂਤੀ ਦੀਆਂ ਕੋਸ਼ਿਸ਼ਾਂ ਦੀ ਗੱਲ ਹੈ ਤਾਂ ਪਿਛਲੇ ਦਿਨੀਂ ਸਾਊਦੀ ਅਰਬ ਅਤੇ ਈਰਾਨ ਦਰਮਿਆਨ ਸ਼ਾਂਤੀ ਕਰਵਾਉਣ 'ਚ ਮਿਲੀ ਸਫਲਤਾ ਤੋਂ ਉਤਸ਼ਾਹਿਤ ਚੀਨ ਪੱਛਮੀ ਏਸ਼ੀਆ ਤੋਂ ਬਾਅਦ ਇਸ ਸਿਲਸਿਲੇ ਨੂੰ ਯੂਰੇਸ਼ੀਆ 'ਚ ਵੀ ਦੁਹਰਾ ਕੇ ਆਲਮੀ ਅਗਵਾਈ ਦੇ ਮੋਰਚੇ 'ਤੇ ਆਪਣੀ ਸਾਖ ਅਤੇ ਦਾਅਵੇ ਨੂੰ ਮਜ਼ਬੂਤੀ ਦੇਣਾ ਚਾਹੁੰਦਾ ਹੈ। ਵੈਸੇ ਪੱਛਮੀ ਏਸ਼ੀਆ ਦੀ ਰਾਜਨੀਤੀ 'ਚ ਅਮਰੀਕਾ ਕਰਕੇ ਇਕ ਖ਼ਾਲੀਪਣ ਦੀ ਸਥਿਤੀ ਆਈ ਹੈ ਅਤੇ ਰਿਆਦ-ਤਹਿਰਾਨ ਸਮਝੌਤਾ ਮੁੱਖ ਤੌਰ 'ਤੇ ਕੂਟਨੀਤਕ ਰਿਸ਼ਤਿਆਂ ਨੂੰ ਫਿਰ ਤੋਂ ਸ਼ੁਰੂ ਕਰਨ 'ਤੇ ਹੀ ਕੇਂਦਰਤ ਹੈ। ਇਸ ਦੇ ਉਲਟ ਰੂਸ ਅਤੇ ਯੂਕਰੇਨ ਦਰਮਿਆਨ ਕਿਸੇ ਤਰ੍ਹਾਂ ਦੇ ਸ਼ਾਂਤੀ ਸਮਝੌਤੇ ਦੀ ਗੁੰਜਾਇਸ਼ ਫ਼ਿਲਹਾਲ ਨਹੀਂ ਦਿਸਦੀ।

ਹਾਲਾਂਕਿ ਪੁਤਿਨ ਨੇ ਏਨਾ ਜ਼ਰੂਰ ਕਿਹਾ ਹੈ ਕਿ ਚੀਨੀ ਸ਼ਾਂਤੀ ਪ੍ਰਸਤਾਵ ਦੀਆਂ ਕਈ ਤਜਵੀਜ਼ਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਯੂਕਰੇਨ ਨਾਲ ਕਿਸੇ ਜੰਗਬੰਦੀ ਦਾ ਆਧਾਰ ਬਣਾਇਆ ਜਾ ਸਕਦਾ ਹੈ ਪਰ ਇਹ ਪੱਛਮੀ ਦੇਸ਼ਾਂ ਅਤੇ ਕੀਵ 'ਤੇ ਨਿਰਭਰ ਕਰੇਗਾ ਕਿ ਕੀ ਉਹ ਇਸ ਲਈ ਤਿਆਰ ਹੋਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕੋਈ ਵੀ ਸ਼ਾਂਤੀ ਵਾਰਤਾ ਰਣਭੂਮੀ ਦੀ ਅਸਲੀਅਤ ਨਾਲ ਤੈਅ ਹੋਵੇਗੀ। ਹੁਣ ਤੱਕ ਦੋਵੇਂ ਹੀ ਧਿਰਾਂ ਨੂੰ ਅਜਿਹਾ ਨਹੀਂ ਲੱਗਦਾ ਕਿ ਗੱਲਬਾਤ ਦੀ ਮੇਜ਼ 'ਤੇ ਆਉਣ ਨਾਲ ਉਨ੍ਹਾਂ ਲਈ ਕੋਈ ਲਾਭ ਦੀ ਸਥਿਤੀ ਬਣੇਗੀ। ਦੂਜੇ ਪਾਸੇ ਪਿਛਲੇ ਮਹੀਨੇ 12 ਸੂਤਰੀ ਸ਼ਾਂਤੀ ਪ੍ਰਸਤਾਵ ਤਿਆਰ ਕਰਨ ਦੇ ਬਾਵਜੂਦ ਯੂਕਰੇਨ 'ਚ ਸ਼ਾਂਤੀ ਚੀਨ ਦੀ ਤਰਜੀਹ ਨਹੀਂ ਦਿਸਦੀ।

ਚੀਨੀ ਰਾਸ਼ਟਰਪਤੀ ਦੇ ਰੂਪ 'ਚ ਅਸਿੱਧੇ ਤੌਰ 'ਤੇ ਤੀਜਾ ਕਾਰਜਕਾਲ ਮਿਲਣ ਤੋਂ ਬਾਅਦ ਸ਼ੀ ਜਿਨਪਿੰਗ ਪਹਿਲੀ ਵਾਰ ਕਿਸੇ ਵਿਦੇਸ਼ੀ ਦੌਰੇ 'ਤੇ ਰੂਸ ਗਏ, ਜੋ ਦੁਨੀਆ ਦੇ ਦੋ ਸਭ ਤੋਂ ਸ਼ਕਤੀਸ਼ਾਲੀ ਤਾਨਾਸ਼ਾਹ ਦੇਸ਼ਾਂ ਦਰਮਿਆਨ ਰਿਸ਼ਤਿਆਂ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ। ਦੋਵੇਂ ਦੇਸ਼ਾਂ ਨੂੰ 'ਰਣਨੀਤਕ ਸਾਂਝੇਦਾਰ' ਅਤੇ 'ਮਹਾਨ ਗੁਆਂਢੀ ਸ਼ਕਤੀਆਂ' ਦੱਸਦਿਆਂ ਉਨ੍ਹਾਂ ਨੇ ਕਿਹਾ ਕਿ ਚੀਨੀ ਅਤੇ ਰੂਸੀ ਰਿਸ਼ਤੇ 'ਦੁਵੱਲੇ ਸੰਵਾਦ ਦੇ ਦਾਇਰੇ ਤੋਂ ਪਰੇ' ਜਾ ਚੁੱਕੇ ਹਨ। ਦੋਵੇਂ ਆਗੂਆਂ ਦੀ ਜੁਗਲਬੰਦੀ ਤੋਂ ਇਹੀ ਸੰਕੇਤ ਮਿਲੇ ਕਿ ਵਿੱਤ, ਆਵਾਜਾਈ, ਢੁਆਈ ਤੇ ਊਰਜਾ ਦੇ ਖੇਤਰ 'ਚ ਦੁਵੱਲੇ ਰਿਸ਼ਤੇ ਹੋਰ ਪਰਵਾਨ ਚੜ੍ਹਦੇ ਜਾ ਰਹੇ ਹਨ। ਖ਼ਾਸ ਤੌਰ 'ਤੇ ਸ਼ੀ ਜਿਨਪਿੰਗ ਨੇ ਊਰਜਾ, ਕੱਚਾ ਮਾਲ ਤੇ ਇਲੈਕਟ੍ਰਾਨਿਕਸ ਜਿਹੇ ਖੇਤਰਾਂ 'ਤੇ ਜ਼ੋਰ ਦੇਣ ਦੀ ਗੱਲ ਕਹੀ। ਅਸਲ 'ਚ ਕਈ ਮੋਰਚਿਆਂ 'ਤੇ ਪੱਛਮੀ ਦੇਸ਼ਾਂ ਵੱਲੋਂ ਅਲੱਗ-ਥਲੱਗ ਕਰ ਦਿੱਤੇ ਗਏ ਰੂਸ ਅਤੇ ਚੀਨ ਇਕ ਦੂਜੇ ਨਾਲ ਸਹਿਯੋਗ ਵਧਾ ਕੇ ਉਸ ਤੋਂ ਹੋਏ ਨੁਕਸਾਨ ਦੀ ਕੁਝ ਹੱਦ ਤੱਕ ਭਰਪਾਈ ਕਰ ਸਕਦੇ ਹਨ।

ਵਪਾਰ ਅਤੇ ਆਰਥਿਕਤਾ ਤੋਂ ਇਲਾਵਾ ਦੁਨੀਆ 'ਚ ਬਦਲਦਾ ਸ਼ਕਤੀ ਸੰਤੁਲਨ ਵੀ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ ਦੀ ਦਸ਼ਾ ਅਤੇ ਦਿਸ਼ਾ ਤੈਅ ਕਰ ਰਿਹਾ ਹੈ। ਇਸ ਕਾਰਨ ਪੱਛਮ 'ਚ ਰੂਸ ਅਤੇ ਚੀਨ ਦਰਮਿਆਨ ਮਜ਼ਬੂਤ ਹੁੰਦੇ ਰੱਖਿਆ ਸਬੰਧਾਂ 'ਤੇ ਚਿੰਤਾ ਵੀ ਪ੍ਰਗਟਾਈ ਜਾ ਰਹੀ ਹੈ। ਨਾਟੋ ਦੇ ਜਨਰਲ ਸਕੱਤਰ ਨੇ ਹਾਲ ਹੀ 'ਚ ਚੀਨ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਰੂਸ ਨੂੰ ਘਾਤਕ ਹਥਿਆਰ ਨਾ ਮੁਹੱਈਆ ਕਰਵਾਏ। ਜੋ ਵੀ ਹੋਵੇ, ਹੁਣ ਇਨ੍ਹਾਂ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ 'ਚ ਰੂਸ ਵੱਡੇ ਸਹਿਯੋਗੀ ਦੀ ਭੂਮਿਕਾ 'ਚ ਆ ਗਿਆ ਹੈ। ਕੁਝ ਸਾਲ ਪਹਿਲਾਂ ਤੱਕ ਇਸ ਸਾਂਝੇਦਾਰੀ 'ਚ ਰਣਨੀਤਕ ਉਤਸ਼ਾਹ ਦੀ ਅਣਹੋਂਦ ਸੀ।

ਹੁਣ ਕੁਝ ਪੱਛਮੀ ਨੀਤੀਆਂ ਦਾ ਪਹਿਲੂ ਕਹੀਏ ਜਾਂ ਵਲਾਦੀਮੀਰ ਪੁਤਿਨ ਅਤੇ ਸ਼ੀ ਜਿਨਪਿੰਗ ਦੇ ਆਪੋ-ਆਪਣੇ ਵਿਦੇਸ਼ੀ ਏਜੰਡੇ 'ਤੇ ਟਿਕੇ ਰਹਿਣ ਦਾ ਦਾਅ, ਇਸ ਸਮੇਂ ਚੀਨ ਅਤੇ ਰੂਸ ਦਾ ਗਠਜੋੜ ਸੀਤ ਯੁੱਧ ਉਪਰੰਤ ਭੂ-ਰਾਜਨੀਤੀ ਨੂੰ ਨਵੇਂ ਸਿਰੇ ਤੋਂ ਆਕਾਰ ਦੇਣ ਵਾਲੀ ਇਕ ਧੁਰੀ ਦੇ ਰੂਪ 'ਚ ਉੱਭਰਦਾ ਦਿਸ ਰਿਹਾ ਹੈ। ਉੱਥੇ ਹੀ, ਆਰਥਿਕ ਤੌਰ 'ਤੇ ਨਾਜ਼ੁਕ ਅਤੇ ਵਿਆਪਕ ਪੱਧਰ 'ਤੇ ਅਲੱਗ-ਥਲੱਗ ਪਏ ਰੂਸ ਦੀਆਂ ਆਪਣੀਆਂ ਭੂ-ਰਾਜਨੀਤਕ ਉਮੀਦਾਂ ਲਈ ਚੀਨ 'ਤੇ ਨਿਰਭਰਤਾ ਕਿਤੇ ਜ਼ਿਆਦਾ ਵਧ ਗਈ ਹੈ ਜਦਕਿ ਅਮਰੀਕੀ ਪ੍ਰਭੁਸੱਤਾ ਨੂੰ ਚੁਣੌਤੀ ਦੇਣ ਲਈ ਬੀਜਿੰਗ ਲਈ ਮਾਸਕੋ ਦੀ ਆਪਣੀ ਉਪਯੋਗਤਾ ਹੈ। ਹਾਲਾਂਕਿ ਪੱਛਮ 'ਚ ਚੀਨ ਦੇ ਜਿੰਨੇ ਵੱਡੇ ਪੱਧਰ 'ਤੇ ਆਰਥਿਕ ਹਿੱਤ ਜੁੜੇ ਹੋਏ ਹਨ, ਉਸ ਨੂੰ ਦੇਖਦਿਆਂ ਉਹ ਕਿਸੇ ਤਰ੍ਹਾਂ ਦੇ ਸੈਨਿਕ ਟਕਰਾਅ 'ਚ ਸ਼ਾਮਲ ਹੋਣ ਤੋਂ ਪਰਹੇਜ਼ ਹੀ ਕਰੇਗਾ।

ਜਿੱਥੇ ਦੁਨੀਆ ਨੇ ਦੇਖਿਆ ਕਿ ਪੁਤਿਨ ਨੇ ਆਪਣੇ ਮਿੱਤਰ ਦੇ ਸਵਾਗਤ 'ਚ ਲਾਲ ਗਲੀਚਾ ਵਿਛਵਾਇਆ, ਉੱਥੇ ਹੀ ਚੀਨੀ ਆਗੂ ਨੇ ਸ਼ਾਇਦ ਹੀ ਕਿਸੇ ਸੰਭਾਵਿਤ ਫ਼ੌਜੀ ਸਹਿਯੋਗ ਦੇ ਸੰਕੇਤ ਦਿੱਤੇ। ਹਾਲਾਂਕਿ ਅਮਰੀਕਾ ਨਾਲ ਵਧਦੇ ਟਕਰਾਅ ਖ਼ਾਸ ਕਰਕੇ ਹਿੰਦ-ਪ੍ਰਸ਼ਾਂਤ ਖੇਤਰ 'ਚ ਬਣਦੀ ਅਜਿਹੀ ਸਥਿਤੀ ਨੂੰ ਦੇਖਦਿਆਂ ਸ਼ੀ ਜਿਨਪਿੰਗ ਨੂੰ ਵਲਾਦੀਮੀਰ ਪੁਤਿਨ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਪਰ ਰੂਸ ਨਾਲ ਠੋਸ ਸੁਰੱਖਿਆ ਸਹਿਯੋਗ ਯੂਰਪ ਨਾਲ ਰਿਸ਼ਤਿਆਂ 'ਚ ਬੀਜਿੰਗ ਲਈ ਨਾਂਹ-ਪੱਖੀ ਸੰਦੇਸ਼ ਦੇਵੇਗਾ। ਇਸ ਸੂਰਤ 'ਚ ਸ਼ੀ ਜਿਨਪਿੰਗ ਲਈ ਇਹ ਬੜੀ ਸਾਵਧਾਨੀ ਨਾਲ ਸੰਤੁਲਨ ਸਾਧਣ ਦੀ ਕਵਾਇਦ ਹੈ, ਜਿਸ 'ਚ ਪੁਤਿਨ ਨੂੰ ਆਪਣੇ ਪਾਲੇ 'ਚ ਲਿਆ ਕੇ ਉਹ ਉੱਭਰਦੇ ਸ਼ਕਤੀ ਸੰਤੁਲਨ ਦਾ ਪੱਲੜਾ ਆਪਣੇ ਪੱਖ 'ਚ ਕਰ ਸਕਣ। ਇਹ ਸਭ ਅਜਿਹੇ ਸਮੇਂ 'ਚ ਹੋ ਰਿਹਾ ਹੈ ਜਦੋਂ ਜਿਨਪਿੰਗ ਅਮਰੀਕਾ ਨੂੰ ਖਲਨਾਇਕ ਦੇ ਰੂਪ 'ਚ ਪੇਸ਼ ਕਰਨ ਅਤੇ ਚੀਨ ਨੂੰ ਗੁੰਝਲ ਸਮੱਸਿਆਵਾਂ ਦਾ ਹੱਲ ਕਰਨ ਵਾਲੇ ਦੇਸ਼ ਦੇ ਰੂਪ 'ਚ ਪੇਸ਼ ਕਰਨ 'ਚ ਲੱਗੇ ਹਨ। ਜਿਨਪਿੰਗ ਦੇ ਰੂਸ ਦੌਰੇ ਤੋਂ ਪਹਿਲਾਂ ਹੀ ਚੀਨੀ ਵਿਦੇਸ਼ ਮੰਤਰੀ ਨੇ ਆਪਣੇ ਯੂਕਰੇਨੀ ਹਮਰੁਤਬਾ ਨਾਲ ਗੱਲਬਾਤ ਕੀਤੀ ਸੀ। ਅਜਿਹਾ ਅਨੁਮਾਨ ਹੈ ਕਿ ਮਾਸਕੋ ਤੋਂ ਵਾਪਸੀ ਤੋਂ ਬਾਅਦ ਸ਼ੀ ਜਿਨਪਿੰਗ ਯੂਕਰੇਨ ਦੇ ਰਾਸ਼ਟਰਪਤੀ ਵਲਾਦਿਮਿਰ ਜ਼ੈਲੈਂਸਕੀ ਨਾਲ ਫੋਨ 'ਤੇ ਗੱਲਬਾਤ ਕਰਨਗੇ।



**ਹਰਸ਼ ਵੀ ਪੰਤ**

ਅਜਿਹੀ ਕੂਟਨੀਤਕ ਕਵਾਇਦ ਨਾਲ ਨਾ ਤਾਂ ਯੂਕਰੇਨ ਯੁੱਧ ਦਾ ਕੋਈ ਹੱਲ ਨਿਕਲੇਗਾ ਤੇ ਨਾ ਹੀ ਇਸ 'ਚ ਅਜਿਹੀ ਕੋਈ ਮਨਸ਼ਾ ਦਿਸਦੀ ਹੈ। ਜਿਨਪਿੰਗ ਦਾ ਮੁੱਖ ਮਕਸਦ ਤਾਂ ਹਿੰਦ-ਪ੍ਰਸ਼ਾਂਤ ਖੇਤਰ 'ਚ ਆਪਣੇ ਅਨੁਕੂਲ ਸ਼ਕਤੀ ਸੰਤੁਲਨ ਸਾਧਣਾ ਹੈ ਤੇ ਪੁਤਿਨ ਨੂੰ ਵੱਡਾ ਸਾਂਝੇਦਾਰ ਬਣਾਉਣਾ ਹੈ ਤਾਂ ਕਿ ਉਹ ਪੱਛਮ ਦਾ ਧਿਆਨ ਭਟਕਾ ਸਕਣ ਕਿ ਉਹ ਤਾਂ ਉਨ੍ਹਾਂ ਦੀ ਸਹੂਲੀਅਤ ਦੇ ਸਾਂਝੇਦਾਰ ਹਨ। ਚੀਨ ਅਤੇ ਰੂਸ ਦੀ ਇਸ ਆਕਾਰ ਲੈਂਦੀ ਧੁਰੀ ਦੇ ਭਾਰਤੀ ਸੁਰੱਖਿਆ ਸਮੀਕਰਨਾਂ ਦੇ ਨਜ਼ਰੀਏ ਤੋਂ ਵੀ ਡੂੰਘੇ ਅਰਥ ਹਨ। ਭਾਰਤੀ ਕੂਟਨੀਤਕ ਤੇ ਰਣਨੀਤਕ ਬਰਾਦਰੀ ਹੁਣ ਤੱਕ ਇਸ ਮੁੱਦੇ 'ਤੇ ਬਹਿਸ ਤੋਂ ਬਚਦੀ ਆਈ ਹੈ। ਜੇ ਨਵੀਂ ਦਿੱਲੀ ਉੱਭਰਦੇ ਆਲਮੀ ਸ਼ਕਤੀ ਸੰਤੁਲਨ ਦਾ ਆਪਣੇ ਪੱਖ 'ਚ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਇਹ ਰੁਖ ਅਤੇ ਰਵੱਈਆ ਬਦਲਣਾ ਹੋਵੇਗਾ।

# ਸਾਥੋਂ ਬਾਬਾ ਖੋਹ ਲਿਆ ਸਾਡਾ ਨਨਕਾਣਾ !

**ਸੱਤਵੀਂ ਕਿਸ਼ਤ**

ਸਾਨੂੰ 6-7 ਦਿਨ ਗੁਰੂ ਘਰਾਂ ਦੇ ਦਰਸ਼ਨ ਕਰਦਿਆਂ ਜਦੋਂ ਹੋ ਗਏ ਸਨ, ਉਦੋਂ ਇਹ ਲੱਗਿਆ ਕਿ ਇਕ ਦਿਨ ਲਾਹੌਰ 'ਚ ਗੁਰੂ ਘਰਾਂ ਦੇ ਦਰਸ਼ਨ ਕੀਤੇ ਜਾਣ।

ਤੇ ਦਸੰਬਰ ਦੀ 2 ਤਾਰੀਖ 2022 ਨੂੰ ਅਸੀਂ ਲਾਹੌਰ ਦੇ ਗੁਰੂ ਘਰਾਂ ਦੇ ਦਰਸ਼ਨ ਕਰਨ ਲਈ ਸਵੇਰੇ-ਸਵੇਰੇ ਨਾਸ਼ਤਾ ਕਰਕੇ ਚੱਲ ਪਏ।

ਅਸੀਂ ਤਕਰੀਬਨ 9 ਵਜੇ ਤੱਕ ਗੁਰਦੁਆਰਾ ਜਨਮ ਅਸਥਾਨ ਗੁਰੂ ਰਾਮਦਾਸ ਜੀ ਮੁਹਲਾ ਕੂਚਾ ਜਮਾਂਦਾਰਾਂ ਚੂਨਾ ਮੰਡੀ, ਲਾਹੌਰ ਪਹੁੰਚੇ। ਵੱਡਾ ਦਰਵਾਜ਼ਾ ਖੋਲ੍ਹਦੇ ਹੀ ਓਕਾਫ ਬੋਰਡ ਦੇ ਅਧਿਕਾਰੀ ਪਾਸਪੋਰਟ ਫੜ੍ਹ ਕੇ ਆਪਣੇ ਰਜਿਸਟਰ ਵਿਚ ਨਾਮ ਲਿਖਣੇ ਸ਼ੁਰੂ ਕਰ ਦਿੱਤੇ। ਤੇ ਮਗਰੋਂ ਅਸੀਂ ਗੁਰੂ ਘਰ ਦੇ ਅੰਦਰ ਆ ਕੇ ਕੁਝ ਪੌੜੀਆਂ ਹਨ, ਉਹ ਚੜ੍ਹ ਕੇ ਮੱਥਾ ਟੇਕਣ ਲਈ ਅੰਦਰ ਦਾਖਲ ਹੋ ਗਏ। ਓਕਾਫ ਬੋਰਡ ਦੇ ਅਧਿਕਾਰੀਆਂ ਵੱਲੋਂ ਚਾਹ ਪੀਣ ਦਾ ਸੱਦਾ ਵੀ ਆਇਆ। ਕਿਉਂਕਿ ਅਸੀਂ ਹੋਰ ਗੁਰੂ ਘਰਾਂ ਦੇ ਦਰਸ਼ਨ ਵੀ ਕਰਨ ਜਾਣਾ ਸੀ। ਇਸ ਲਈ ਉਥੋਂ ਜਲਦੀ ਹੀ ਟੈਕਸੀ ਵਾਲੇ ਨਾਲ ਅੱਗੇ ਨਿਕਲ ਪਏ।

ਉਥੋਂ ਅਸੀਂ ਛੇਵੀਂ ਪਾਤਸ਼ਾਹੀ ਗੁਰਦੁਆਰਾ ਦੇ ਦਰਸ਼ਨ ਕਰਨ ਚਲੇ ਗਏ ਤੇ ਨਾਲ ਹੀ ਅਸੀਂ ਗੁਰਦੁਆਰ ਬੌਲੀ ਸਾਹਿਬ ਗੁਰੂ ਅਰਜਨ ਦੇਵ ਜੀ, ਵੀ ਦਰਸ਼ਨਾਂ ਲਈ ਗਏ। ਫਿਰ ਅਸੀਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧ ਤੇ ਗੁਰੂ ਅਰਜਨ ਦੇਵ ਜੀ ਦੇ ਗੁਰੂ ਘਰ ਜੋ ਉਸਾਰੀ ਅਧੀਨ ਹੈ, ਵੀ ਵੇਖਣ ਗਏ।

ਗੁਰਦੁਆਰਾ ਕਾਫੀ ਉੱਚੀ ਜਗ੍ਹਾ 'ਤੇ ਹੈ। ਪਿੱਛੇ ਕਿਲਾ ਹੈ, ਜਿਸਨੂੰ ਲਾਹੌਰ ਦੇ ਕਾਲਜ ਤੇ ਸਕੂਲਾਂ ਦੇ ਬੱਚੇ ਵੀ ਦੇਖਣ ਆਏ ਹੋਏ ਸਨ।

ਉਥੇ ਗੁਰੂ ਘਰ ਵੱਲੋਂ ਸਾਨੂੰ ਸਿਰੋਪਾਓ ਦੀ ਬਖਸ਼ਿਸ਼ ਵੀ ਕੀਤੀ ਗਈ। ਉਥੇ ਵੀ ਸਾਨੂੰ ਇਕ ਓਕਾਫ ਬੋਰਡ ਦਾ ਗਾਈਡ ਮਿਲ ਗਿਆ, ਜਿਸਨੇ ਗੁਰੂ ਘਰ ਬਾਰੇ ਸਾਰੀ ਜਾਣਕਾਰੀ ਦਿੱਤੀ ਤੇ ਨਾਲ-ਨਾਲ ਸਾਰੇ ਪਾਸੇ ਜਾਂਦਾ ਰਿਹਾ। ਸ਼ਾਮ ਢਲਣ ਵਾਲੀ ਸੀ। ਅਸੀਂ ਉਥੋਂ ਅਨਾਰਕਲੀ ਬਾਜ਼ਾਰ ਵੱਲ ਚੱਲ ਪਏ। ਇਹ ਉਹੀ ਬਾਜ਼ਾਰ ਹੈ, ਜਿਸ ਦਾ ਨਾਂ ਸਾਰੇ ਪੰਜਾਬ 'ਚ ਬਹੁਤ ਹੀ ਮਸ਼ਹੂਰ ਹੈ। ਉਥੇ ਮੇਰੀ ਸੁਪਤਨ. ਤੇ ਸ. ਪਰਮਪਾਲ ਸਿੰਘ ਜੀ ਦੀ ਸੁਪਤਨੀ ਵੀ ਨਾਲ-ਨਾਲ ਹੀ ਇਕ ਤੋਂ ਦੂਜੀ ਤੇ ਫਿਰ ਅਗਲੀਆਂ ਦੁਕਾਨਾਂ 'ਤੇ ਕੱਪੜਾ ਵੇਖਣ ਲਈ ਜਾਣ ਲੱਗੀਆਂ।

ਬਜ਼ੁਰਗ ਔਰਤਾਂ ਦੇ ਦੁਪੱਟੇ ਇੰਨੇ ਸੋਹਣੇ ਮਿਲਦੇ ਹਨ ਕਿ ਚੜ੍ਹਦੇ ਪੰਜਾਬ ਤੋਂ ਗਏ ਹੋਏ ਲੋਕ ਜਦੋਂ ਵੇਖਦੇ ਹਨ ਤਾਂ ਦਿਲ ਕਰਦਾ ਹੈ ਅਟੈਚੀ ਭਰ ਕੇ ਦੁਪੱਟੇ ਹੀ ਲੈ ਚੱਲੋ।

ਔਰਤਾਂ ਦੇ ਸੂਟ ਵੀ ਇੰਨੇ ਸੋਹਣੇ, ਸਸਤੇ ਤੇ ਚੰਗੇ ਤੇ ਵੱਖਰੇ ਡਿਜ਼ਾਇਨਾਂ ਦੇ ਸਨ, ਤੁਸੀਂ ਸਾਰੇ ਹੀ ਪਸੰਦ ਕਰਦੇ ਜਾਵੋਗੇ ਪਰ ਚੁੱਕਣੇ ਜ਼ਰੂਰ ਮੁਸ਼ਕਿਲ ਹੋ ਸਕਣਗੇ ਤੇ ਅਨਾਰਕਲੀ ਬਜ਼ਾਰ ਵਿਚ ਛੋਟੀਆਂ-ਛੋਟੀਆਂ ਗਲੀਆਂ 'ਚ ਬਣੀਆਂ ਦੁਕਾਨਾਂ ਇਵੇਂ ਸਜੀਆਂ ਹੋਈਆਂ ਹਨ ਤੇ ਲੱਗਦਾ ਹੈ, ਜਿਵੇਂ ਨਵੀਂ ਵਿਆਹੀ ਦੁਲਹਨ ਸਜੀ ਬੈਠੀ ਹੁੰਦੀ ਏ ਤੇ ਹਰ ਦੁਕਾਨਦਾਰ ਪੰਜਾਬੀ ਬੋਲਦਾ ਹੈ ਤੇ ਤੁਹਾਨੂੰ ਮਹਿਮਾਨ ਜਾਣਕੇ ਚਾਹ-ਪਾਣੀ ਜ਼ਰੂਰ ਪੁੱਛਦਾ ਹੈ। ਇਹ ਚੰਗਿਆਈ ਦਿਖਾਵਾ ਨਹੀਂ, ਉਹ ਦਿਲੋਂ ਚਾਹੁੰਦੇ ਹਨ ਕਿ ਚੜ੍ਹਦੇ ਪੰਜਾਬ ਦੇ ਲੋਕ ਜਦੋਂ ਵੀ ਆਉਣ। ਉਦੋਂ ਉਹ ਚਾਹ-ਪਾਣੀ ਤਾਂ ਜ਼ਰੂਰ ਪਿਆਉਣਗੇ। ਇਹ ਮਹਿਮਾਨ ਨਿਵਾਜ਼ੀ ਸਾਰੇ ਪੰਜਾਬ 'ਚ ਹੀ ਬਹੁਤ ਹੈ। ਉਥੇ ਨਾਲ ਹੀ ਪਿਛਲੇਪਾਸੇ ਗਵਾਲ ਮੰਡੀ ਹੈ ਤੇ ਉਥੇ ਖਾਣ-ਪੀਣ ਦੇ ਇੰਨੇ ਰੈਸਟੋਰੈਂਟ ਹਨ ਕਿ ਗਿਣੇ ਨਹੀਂ ਜਾ ਸਕਦੇ। ਪੂਰੀਆਂ-ਛੋਲੇ, ਭਟੂਰੇ, ਸਮੋਸੇ, ਪਕੌੜੇ ਤੇ ਮੀਟ ਭੁੰਨਿਆ ਹੋਇਆ ਤੇ ਹੋਰ ਸੈਂਕੜੇ ਤਰ੍ਹਾਂ ਦੀਆਂ ਸ਼ੈਆਂ ਉਥੇ ਮਿਲਦੀਆਂ ਹਨ। ਇਉਂ ਲੱਗਦਾ ਸੀ ਜਿਵੇਂ ਸਾਰਾ ਪੰਜਾਬ ਇੱਥੇ ਹੀ ਇਕੱਠਾ ਹੋ ਗਿਆ ਹੋਵੇ।

ਗਵਾਲ ਮੰਡੀ ਮੈਂ ਲੱਸੀ ਦੀ ਇਕ ਦੁਕਾਨ ਲੱਭਣ ਗਿਆ ਤੇ ਪੁੱਛਦਿਆਂ-ਪੁਛਾਂਦਿਆਂ ਉਹ ਮਿਲ ਗਈ ਪਰ ਪਹਿਲਾਂ ਭਾਵੇਂ ਉਸਨੂੰ ਭਲਵਾਨਾਂ ਦੀ ਦੁਕਾਨ ਕਹਿੰਦੇ ਸਨ, ਹੁਣ ਨਾਮ ਕੁਝ ਹੋਰ ਹੈ। ਉਸ ਦੇ ਨਾਲ ਲੱਗਦੇ ਹੀ ਲਾਗੇ ਮੇਰੇ ਬਜ਼ੁਰਗਾਂ (ਯਾਨਿ ਕਿ ਤਿੰਨ ਭਰਾਵਾਂ ਦਾ ਕਾਰੋਬਾਰ ਸੀ ਦੁੱਧ ਦੀ ਡਾਇਰੀ ਦਾ। ਉਹਨਾਂ 'ਚੋਂ ਇਕ ਦਾ ਪੋਤਰਾ ਮੈਂ ਵੀ ਹਾਂ)। ਉਹਨਾਂ ਬਾਰੇ ਜ਼ਿਕਰ ਹੋਇਆ ਤੇ ਪਤਾ ਲੱਗਾ ਹੁਣ ਉਹ ਦੁਕਾਨ ਤਾਂ ਢੱਠੀ ਪਈ ਹੈ, ਕਿਸੇ ਨੇ ਉਸਨੂੰ ਕਬਜ਼ਾ ਸ਼ਾਇਦ ਨਹੀਂ ਕੀਤਾ ਤੇ ਸਾਡਾ ਇਕ ਭੱਠਾ ਸੀ ਤੇ ਗਾਵਾਂ-ਮੱਝਾਂ ਦਾ ਡੇਅਰੀ ਫਾਰਮ ਉਹ ਉਥੋਂ 5-7 ਕਿਲੋਮੀਟਰ ਬਾਹਰਵਾਰ ਸੀ। ਹੁਣ ਤਾਂ ਲਾਹੌਰ ਸੈਂਕੜੇ ਮੀਲਾਂ ਵਿਚ ਹੈ। ਇਸ ਲਈ ਕਿਸੇ ਦੇ ਨਾਲ ਜਾ ਕੇ ਨਿਸ਼ਾਨ ਲੱਭਣ ਦੀ ਕੋਸ਼ਿਸ਼ ਕੀਤੀ ਗਈ।

ਖੈਰ, ਉਥੋਂ ਅਸੀਂ ਜੂਸ ਪੀਣ ਲਈ ਅਚਾਨਕ ਇਕ ਜਗ੍ਹਾ ਰੁਕੇ ਤੇ ਵੇਖਿਆ ਕਿ ਸਾਹਮਣੇ ਲਿਖਿਆ ਸੀ, ਲਾਹੌਰ ਪ੍ਰੈਸ ਕਲੱਬ ਲਾਹੌਰ। ਸ਼ਿਮਲਾ ਪਹਾੜੀ 'ਚ ਹੈ।

ਖੈਰ, ਅੰਦਰ ਤਾਂ ਅਸੀਂ ਨਹੀਂ ਜਾ ਸਕੇ ਪਰ ਬਾਹਰੋਂ ਜ਼ਰੂਰ ਵੇਖ ਸਕੇ ਹਾਂ। ਤੇ ਲਾਹੌਰ ਦਾ ਰੇਲਵੇ ਸਟੇਸ਼ਨ ਤੇ ਨਾਲ ਹੀ ਇਕ ਵੱਡਾ ਸਟੇਡੀਅਮ ਵੀ ਵੇਖਿਆ, ਜਿੱਥੇ ਕ੍ਰਿਕਟ ਤੇ ਹੋਰ ਮੈਚ ਹੁੰਦੇ ਰਹਿੰਦੇ ਹਨ।

ਪਰ ਜਿੱਧਰ ਵੀ ਗਏ ਉਹ ਸਭ ਕੁਝ ਨਹੀਂ ਵੇਖ ਸਕੇ ਜੋ ਤੱਕ ਕੇ ਗਏ ਸੀ। ਪੰਜਾਬੀ ਬੋਲੀ ਦੇ ਲਈ ਕੰਮ ਕਰਨ ਵਾਲੇ ਲੋਕਾਂ ਨੂੰ ਮਿਲਣਾ ਮੈਂ ਅਗਲੇ ਫੇਰੇ 'ਚ ਛੱਡਿਆ ਹੋਇਆ ਹੈ।

ਲਿਬਰਟੀ ਮਾਰਕੀਟ ਵਿਚ ਤਾਂ ਅਸੀਂ ਰੋਜ਼ਾਨਾ ਸ਼ਾਮ ਨੂੰ ਚਲੇ ਜਾਂਦੇ ਸੀ ਤੇ ਉਥੇ ਚਾਟ, ਗੋਲਗੱਪੇ ਵੀ ਕਈ ਕੁਝ ਹੋਰ ਰੋਜ਼ਾਨਾ ਹੀ ਖਾ ਲੈਂਦੇ ਸੀ। ਵਾਕਿਆ ਹੀ ਲਾਹੌਰ ਸੌਂਦਾ ਨਹੀਂ ਰਾਤਾਂ ਨੂੰ ਵੀ ਬਹੁਤ ਹੀ ਚਾਨਣਾ ਹੁੰਦਾ ਹੈ। ਲਾਹੌਰ ਦੇ ਅਮੀਰ ਲੋਕ ਲੱਗਦਾ ਹੈ ਰੋਟੀ-ਪਾਣੀ ਰਾਤ ਦਾ ਬਾਹਰ ਹੀ ਖਾਂਦੇ ਹਨ। ਪਰ ਗਰੀਬਾਂ ਲਈ ਉਹ ਸ਼ਹਿਰ ਸ਼ਾਇਦ ਚੰਗੀ ਰੋਟੀ ਵੀ ਨਸੀਬ 'ਚ ਨਹੀਂ ਕਰਵਾਉਂਦਾ। ਇੰਨੇ ਵੱਡੇ ਸ਼ਹਿਰ 'ਚ ਘੱਟੋ-ਘੱਟ ਰੋਟੀ ਤਾਂ ਢਿੱਡ ਭਰ ਕੇ ਹਰ ਗਰੀਬ ਨੂੰ ਵੀ ਮਿਲਣੀ ਚਾਹੀਦੀ ਹੈ। ਅਸੀਂ ਦੇਖਿਆ ਬਰਕੇ 'ਚ ਔਰਤ ਉਚੀ-ਉਚੀ ਰੋ ਕੇ ਲੋਕਾਂ ਅੱਗੇ ਦੁਹਾਈ ਦੇ ਰਹੀ ਸੀ। ਮੇਰੀ ਮਦਦ ਕਰੋ, ਮੇਰਾ ਮੀਆਂ (ਪਤੀ) ਮੈਨੂੰ ਛੱਡ ਕੇ ਭੱਜ ਗਿਆ ਤੇ ਮੇਰੇ ਕੋਲ ਤਿੰਨ ਬੱਚੇ ਹਨ। ਉਹ ਵਿਚਾਰੀ ਮੰਗਤੀ ਨਾ ਬਣੇ ਤਾਂ ਕੀ ਕਰੇ, ਕਿਉਂਕਿ ਬੱਚੇ ਘਰ ਛੱਡ ਕੇ ਉਹ ਕਿਧਰੇ ਕੰਮ ਵੀ ਸ਼ਾਇਦ ਨਾ ਕਰ ਸਕੇ।

ਲਾਹੌਰ ਦੇ ਲੋਕਾਂ ਨੂੰ ਕੁਝ ਮਦਦ ਕਰਕੇ ਆਪਣੇ ਗੁਆਂਢੀਆਂ ਦਾ ਹਾਲ ਪੁੱਛ ਕੇ ਉਹਨਾਂ ਦੀ ਕੁਝ ਮਦਦ ਜ਼ਰੂਰ ਕਰਨੀ ਚਾਹੀਦੀ ਹੈ ਨਾ ਕਿ ਉਹ ਰਾਤਾਂ ਨੂੰ ਦਰ-ਦਰ ਮੰਗਣ ਜੋਗੀਆਂ ਹੀ ਰਹਿ ਜਾਣ।

ਅਸੀਂ ਲਾਹੌਰ ਤੋਂ ਦਸੰਬਰ 3 ਨੂੰ ਵਾਹਘਾ ਸਰਹੱਦ ਰਾਹੀਂ ਵਾਪਸ ਚੜ੍ਹਦੇ ਪੰਜਾਬ ਵੱਲ ਚੱਲ ਪਏ ਤੇ ਸ਼ਾਮ ਤੱਕ ਮੁੜਕੇ ਆਪਣੇ ਸ਼ਹਿਰ ਨਵਾਂਸ਼ਹਿਰ ਪਹੁੰਚ ਗਏ ਸੀ। ਲਾਹੌਰ ਸ਼ਹਿਰ ਦੀ ਇਕ ਖਾਸ ਗੱਲ ਸੀ ਕਿ ਸਵੇਰੇ 6 ਵਜੇਤੋਂ 8 ਕੁ ਵਜੇ ਤੱਕ ਸਫਾਈ ਕਰਮਚਾਰੀ ਸਾਰਾ ਸ਼ਹਿਰ ਸ਼ੀਸ਼ੇ ਵਾਂਗ ਚਮਕਾ ਦਿੰਦੇ ਹਨ। ਤੇ ਸ਼ਹਿਰ ਦੀਆਂ ਸੜਕਾਂ ਤੇ ਇਕ ਪੱਤਾ ਵੀ ਨਜ਼ਰ ਨਹੀਂ ਆਵੇਗਾ।



Balbir Singh M.A.
Tel : 510-938-7771

ਇਸ ਸਫਾਈ ਪਸੰਦ ਸ਼ਹਿਰ ਲਈ ਮੈਂ ਪੰਜਾਬ ਤੇ ਪਾਕਿਸਤਾਨ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਤੇ ਆਸ ਕਰਦਾ ਹਾਂ ਕਿ ਚੜ੍ਹਦੇ ਪੰਜਾਬ ਦੇ ਸ਼ਹਿਰ ਵੀ ਇਕ ਦਿਨ ਸਾਫ-ਸੁਥਰੇ ਹੋਇਆ ਕਰਨਗੇ।

ਇਹ ਯਾਦਗਾਰੀ ਫੇਰੀ ਮੇਰੇ ਬਜ਼ੁਰਗਾਂ ਦੇ ਨਾਂ ਸੀ, ਜੋ ਉਸੇ ਸ਼ਹਿਰ ਦੇ ਵਾਸੀ ਸਨ ਤੇ 2000 'ਚ ਮੇਰੀ ਮਾਤਾ ਤੇ 2002 'ਚ ਮੇਰੇ ਪਿਤਾ ਜੀ ਇਕੋ ਰੱਟ ਲਾਈ ਰੱਖਦੇ ਸਨ ਕਿ ਕਾਕਾ ਸਾਨੂੰ ਪਿੰਡ ਲੈ ਕੇ ਚੱਲ। ਸਾਡਾ ਇੱਥੇ ਹੁਣ ਰਹਿਣ ਨੂੰ ਜੀਅ ਨਹੀਂ ਕਰਦਾ। ਪਿੰਡ ਜਾ ਕੇ ਆਰਾਮ-ਚੈਨ ਨਾਲ ਮਰਾਂਗੇ।

ਮੈਂ ਜਦੋਂ ਵੀ ਕਹਿਣਾ ਕਿ ਭਾਪਾ ਜੀ ਤੁਸੀਂ ਆਪਣੇ ਪਿੰਡ ਤਾਂ ਬੈਠੇ ਹੋ, ਹੋਰ ਤੁਹਾਡਾ ਪਿੰਡ ਕਿੱਥੇ ਐ। ਉਹਨਾਂ ਨੇ ਝੱਟ ਕਹਿ ਦੇਣਾ ਕਿ ਇਹ ਨਹੀਂ ਸਾਡਾ ਪਿੰਡ ਤਾਂ ਲਾਹੌਰ ਹੈ, ਉਸਨੂੰ ਉਹ (ਲੌਰ੍ਹ) ਕਹਿੰਦੇ ਸਨ।

ਮੈਂ ਬਹੁਤ ਉਸ ਵੇਲੇ ਮਜਬੂਰ ਸੀ ਪਰ ਕੁਦਰਤ ਦੇ ਰੰਗ ਵੇਖੋ, ਅੱਜ 20 ਸਾਲਾਂ ਬਾਅਦ ਅਸੀਂ ਉਥੇ ਜਾ ਆਏ ਹਾਂ, ਜਿੱਥੇ ਮੇਰੇ ਭਾਪਾ ਜੀ ਕਾਲਜ 'ਚ ਜਾਂਦੇ ਸਨ ਤੇ ਬਾਕੀ ਭੱਠੇ ਦਾ ਤੇ ਦੁਕਾਨ ਦਾ ਕੰਮ ਸੰਭਾਲਦੇ ਸਨ। ਮੈਂ ਵਾਹਗਾ ਸਰਹੱਦ 'ਤੇ ਗੇਟ ਤੋਂ ਲੰਘਣ ਲੱਗਾ, ਪਿੱਛੇ ਦੂਰ ਤੱਕ ਲਾਹੌਰ ਵੱਲ ਵੇਖਦਾ ਕਿ ਸ਼ਾਇਦ ਕਿਧਰੇ ਮੇਰੇ ਮਾਤਾ-ਪਿਤਾ ਸਰਹੱਦ ਉਸ ਪਾਰ ਸੱਚੀ ਅੱਜ ਉਥੇ ਤਾਂ ਨਹੀਂ ਖੜ੍ਹੇ, ਜਿੱਥੇ ਲਈ ਉਹ 2002 ਵਿਚ ਆਖਰੀ ਵਕਤ ਤੱਕ ਸਾਨੂੰ ਕਹਿੰਦੇ ਹੀ ਚਲੇ ਗਏ ਕਿ ਕਾਕਾ ਸਾਨੂੰ ਲੌਰ੍ਹ ਲੈ ਚੱਲ। ਉਥੇ ਜਾ ਕੇ ਰਹਿਣ ਨੂੰ ਜੀਅ ਕਰਦਾ।

**- ਬਲਬੀਰ ਸਿੰਘ ਐਮ. ਏ.**



ਸੁਰਿੰਦਰ ਕੌਰ ਅਤੇ ਰਾਜਿੰਦਰ ਕੌਰ ਗੁਰਦੁਆਰਾ ਸ਼ਹੀਦਗੰਜ ਸਿੰਘ-ਸਿੰਘਣੀਆਂ ਵਿਖੇ



ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਲੇਖਕ



ਗੁਰਦੁਆਰਾ ਸ਼ਹੀਦਗੰਜ ਸਿੰਘ-ਸਿੰਘਣੀਆਂ ਵਿਖੇ ਸਥਿਤ ਖੂਨੀ ਖੂਹ



ਗੁਰਦੁਆਰ ਸ਼ਹੀਦਗੰਜ ਸਿੰਘ-ਸਿੰਘਣੀਆਂ ਵਿਖੇ ਪੁਰਾਤਨ ਚੱਕੀਆਂ ਜੋ ਸੰਘਰਸ਼ ਦੇ ਦਿਨਾਂ ਵਿਚ ਸਿੰਘਣੀਆਂ ਨੇ ਚਲਾਈਆਂ









ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਬੀਬੀ ਰਾਜਿੰਦਰ ਕੌਰ



# ਵਿਦੇਸ਼ ਭੱਜਣ ਲਈ ਕਿਉਂ ਕਾਹਲੇ ਨੇ ਨੌਜਵਾਨ

ਘੱਟ ਵਿਕਸਿਤ ਦੇਸ਼ਾਂ ਦੇ ਨੌਜਵਾਨਾਂ ਨੂੰ ਆਪਣਾ ਭਵਿੱਖ ਨਜ਼ਰ ਨਹੀਂ ਆ ਰਿਹਾ, ਉਹ ਵਿਕਸਿਤ ਦੇਸ਼ ਜਿਵੇਂ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਯੂਰਪ ਵੱਲ ਨੂੰ ਜਾ ਰਹੇ ਹਨ। ਭਾਰਤ ਦੀ ਗੱਲ ਕਰੀਏ ਤਾਂ ਵਧੀਆ ਪੜ੍ਹੇ- ਲਿਖੇ ਨੌਜਵਾਨਾਂ ਦੀ ਗਿਣਤੀ ਜ਼ਿਆਦਾ ਹੈ ਤੇ

**ਰਵਨਜੋਤ ਕੌਰ ਸਿੱਧੂ 'ਰਾਵੀ'**

ਰੁਜ਼ਗਾਰ ਦੇ ਸਾਧਨ ਭਾਰਤ 'ਚ ਬਹੁਤ ਘੱਟ ਹੋਣ ਕਰਕੇ ਅੱਜ ਦਾ ਨੌਜਵਾਨ ਬਾਹਰ ਵੱਲ ਨੂੰ ਰੁਖ਼ ਕਰ ਰਿਹਾ ਹੈ । ਸਰਕਾਰਾਂ ਦੇ ਕੀਤੇ ਵਾਅਦੇ ਖੋਖਲੇ ਸਾਬਿਤ ਹੋ ਚੁੱਕੇ ਹਨ। ਦੇਸ਼ ਭਰ 'ਚ ਸਰਕਾਰੀ ਨੌਕਰੀਆਂ ਦੀ ਨਿਯੁਕਤੀ ਕੁਝ ਕੁ ਫ਼ੀਸਦੀ ਹੁੰਦੀ ਹੈ ਤੇ ਬਹੁਤ ਸਾਰੇ ਵਿਭਾਗਾਂ 'ਚ ਮੁਲਾਜ਼ਮਾਂ ਦੀ ਘਾਟ ਹੋਣ ਦੇ ਬਾਵਜੂਦ



ਨਿਯੁਕਤੀਆਂ ਨਹੀਂ ਕੀਤੀਆਂ ਜਾਂਦੀਆਂ। ਹਰ ਨੌਜਵਾਨ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਸਰਕਾਰ ਵੱਲੋਂ ਕੋਈ ਰੁਜ਼ਗਾਰ ਜਾਂ ਸਰਕਾਰੀ ਨੌਕਰੀ ਦੀ ਮੰਗ ਕਰਦਾ ਹੈ ਪਰ ਰੁਜ਼ਗਾਰ ਦੇ ਸਾਧਨਾਂ ਦੀ ਬਹੁਤ ਜ਼ਿਆਦਾ ਕਮੀ ਹੈ ਤੇ ਬਹੁਤੇ ਪੜ੍ਹੇ- ਲਿਖੇ ਨੌਜਵਾਨ ਗ਼ਲਤ ਰਸਤੇ ਪੈ ਕੇ ਨਸ਼ਿਆਂ ਦੀ ਭੈੜੀ ਦਲਦਲ 'ਚ ਫਸ ਚੁੱਕੇ ਹਨ। ਕੋਈ ਸਮਾਂ ਹੁੰਦਾ ਸੀ ਜਦੋਂ ਬਹੁਤ ਘੱਟ ਲੋਕ ਵਿਦੇਸ਼ਾਂ 'ਚ ਜਾਂਦੇ ਸਨ । ਹੁਣ ਸਕੂਲਾਂ- ਕਾਲਜਾਂ ਨਾਲੋਂ ਆਈਲੈਟਸ ਸੈਂਟਰ ਜ਼ਿਆਦਾ ਖੁੱਲ੍ਹ ਚੁੱਕੇ ਹਨ। ਸਕੂਲ ਦੀ ਪੜ੍ਹਾਈ ਖ਼ਤਮ ਹੁੰਦਿਆਂ ਹੀ ਆਈਲੈਟਸ ਕਰਵਾ ਕੇ ਬੱਚਿਆਂ ਨੂੰ ਵਿਦੇਸ਼ ਭੇਜ ਦਿੱਤਾ ਜਾਂਦਾ ਹੈ, ਜਿਨ੍ਹਾਂ ਦੀ ਅਜੇ ਉਮਰ ਖੇਡਣ ਦੀ ਹੁੰਦੀ ਹੈ ਪਰ ਵਿਦੇਸ਼ ਜਾ ਕੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ- ਨਾਲ ਕੰਮ ਕਰਨਾ ਤੇ ਆਪਣੀਆਂ ਫੀਸਾਂ ਦਾ ਵੀ ਉਨ੍ਹਾਂ ਨੂੰ ਆਪ ਹੀ ਦੇਖਣਾ ਪੈਂਦਾ ਹੈ। ਕੀ ਸਕੂਲ ਦੀ ਪੜ੍ਹਾਈ ਤੋਂ ਬਾਅਦ ਵਿਆਹ ਕਰ ਕੇ ਬਾਹਰ ਭੇਜਣਾ ਸਹੀ ਹੈ? ਅਜੇ ਵਿਆਹ ਵਾਲੀ ਬੱਚਿਆਂ ਦੀ ਉਮਰ ਨਹੀ ਹੁੰਦੀ ਤੇ ਭਵਿੱਖ ਬਣਾਉਣ ਦੀ ਚਿੰਤਾ ਬੱਚਿਆਂ 'ਚ ਘਰ ਕਰ ਜਾਂਦੀ ਹੈ ਤੇ ਇਨ੍ਹਾਂ ਕਾਰਨਾਂ ਕਰਕੇ ਉਹ ਆਪਣੇ ਸਹੀ ਫ਼ੈਸਲੇ ਨਹੀਂ ਕਰ ਪਾਉਂਦੇ ਤੇ ਰਸਤੇ ਤੋਂ ਭਟਕ ਜਾਂਦੇ ਹਨ। ਇੱਥੇ ਮਾਪਿਆਂ ਨੂੰ ਸੋਚ ਵਿਚਾਰ ਕਰਨਾ ਚਾਹੀਦਾ ਹੈ ਤੇ ਵਿਆਹ ਵਾਲੇ ਵਪਾਰ ਨਾਲੋਂ ਬੱਚੇ ਨੂੰ ਮਾਨਸਿਕ ਰੂਪ 'ਚ ਆਜ਼ਾਦੀ ਹੋਣੀ ਚਾਹੀਦੀ ਤਾਂ ਜੋ ਸਹੀ ਸਮੇਂ ਉਹ ਆਪਣੇ ਸਹੀ ਫ਼ੈਸਲੇ ਲੈ ਸਕਣ। ਪੰਜਾਬ ਤੋਂ ਬਹੁਤ ਜ਼ਿਆਦਾ ਮੁੰਡੇ-ਕੁੜੀਆਂ ਬਾਹਰ ਵੱਲ ਜਾ ਰਹੇ ਹਨ। ਹੁਸ਼ਿਆਰ ਵਿਦਿਆਰਥੀਆਂ ਦਾ ਵਿਦੇਸ਼ਾਂ 'ਚ ਜਾ ਵਸਣਾ ਪੰਜਾਬ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਪੰਜਾਬ ਨੂੰ ਅੱਜ ਲੋੜ ਹੈ ਪੰਜਾਬ 'ਚ ਪੜ੍ਹੇ- ਲਿਖੇ ਨੌਜਵਾਨਾਂ ਦੀ ਜੋ ਆਪਣੇ ਖੇਤਰ 'ਚ ਹੋਰਾਂ ਬੱਚਿਆਂ ਦਾ ਮਾਰਗ ਦਰਸ਼ਨ ਕਰ ਸਕਣ। ਪੰਜਾਬ ਨੂੰ ਅੱਗੇ ਲੈ ਕੇ ਜਾਣ ਵਾਸਤੇ ਨੌਜਵਾਨੀ ਦੀ ਬਹੁਤ ਲੋੜ ਹੈ ਪਰ ਜੇ ਪੰਜਾਬ 'ਚੋਂ ਨੌਜਵਾਨ ਇਸੇ ਤਰ੍ਹਾਂ ਬਾਹਰ ਵੱਲ ਨੂੰ ਲਗਾਤਾਰ ਰੁਖ਼ ਕਰਦੇ ਰਹਿਣਗੇ ਤਾਂ ਪੰਜਾਬ ਦੀ ਹਾਲਤ ਬਹੁਤ ਤਰਸਯੋਗ ਹੋ ਜਾਵੇਗੀ। ਵਰਤਮਾਨ ਸਮੇਂ 'ਚ ਅਣਗਿਣਤ ਅਜਿਹੇ ਕੇਸ ਦਰਜ ਹੁੰਦੇ ਹਨ, ਜਿਨ੍ਹਾਂ 'ਚ ਕਈ ਮੁੰਡੇ-ਕੁੜੀਆਂ ਨੂੰ ਬਾਹਰ ਲਿਜਾਣ ਦੇ ਨਾਂ 'ਤੇ ਲੱਖਾਂ ਰੁਪਏ ਦੀਆਂ ਠੱਗੀਆਂ ਮਾਰ ਕੇ ਏਜੰਟ ਰਫੂ ਚੱਕਰ ਹੋ ਚੁੱਕੇ ਹਨ। ਸੋ ਪੰਜਾਬ 'ਚੋਂ ਬਹੁਗਿਣਤੀ ਨੌਜਵਾਨ ਵਰਗ ਦਾ ਵਿਦੇਸ਼ਾਂ ਵੱਲ ਜਾਣਾ ਚਿੰਤਾ ਦਾ ਵਿਸ਼ਾ ਹੈ।

# ਬੇਮੌਸਮੀ ਬਾਰਿਸ ਨੇ ਹਾੜ੍ਹੀ ਦਾ ਗਣਿਤ ਵਿਗਾੜਿਆ

ਪੰਜਾਬ ਵਿਚ ਵਿਸਾਖੀ ਤਕ ਕਿਸਾਨ ਆਪਣੀ ਕਣਕ ਦੀ ਫ਼ਸਲ ਵੇਚ-ਵੱਟ ਕੇ ਵਿਹਲੇ ਹੋ ਜਾਂਦੇ ਸਨ ਪਰ ਐਤਕੀਂ ਗੜੇਮਾਰ ਨੇ ਕਿਸਾਨਾਂ ਦੀਆਂ ਸੱਧਰਾਂ 'ਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ। ਪੰਜਾਬ ਵਿਚ ਹਾਲੇ ਕਿਤਿਓਂ ਵੀ ਕਣਕ ਨੂੰ ਦਾਤੀ ਪੈਣ ਦੀਆਂ ਖ਼ਬਰਾਂ ਨਹੀਂ ਆਈਆਂ ਹਨ। ਅਜਿਹੇ ਵਿਚ ਧਨੀ ਰਾਮ ਚਾਤ੍ਰਿਕ ਦੇ ਗੀਤ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਇਸ ਵਾਰ ਸੱਚ ਪ੍ਰਤੀਤ ਹੁੰਦਾ ਨਹੀਂ ਦਿਸ ਰਿਹਾ। ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿਚ ਲਗਾਤਾਰ ਮੀਂਹ ਅਤੇ ਗੜੇਮਾਰੀ ਨਾਲ ਕਣਕ ਦੀ ਫ਼ਸਲ ਨੂੰ ਕਾਫ਼ੀ ਨੁਕਸਾਨ ਪੁੱਜਾ ਹੈ। ਕਿਸਾਨਾਂ ਦੀ ਪੱਕੀ ਫ਼ਸਲ ਦੇ ਖੇਤਾਂ ਵਿਚ ਪਾਣੀ ਭਰ ਗਿਆ ਹੈ। ਖੜ੍ਹੀ ਫ਼ਸਲ ਦੇ ਖੇਤਾਂ ਦੇ ਖੇਤ ਵਿਛ ਗਏ ਹਨ। ਫ਼ਾਜ਼ਿਲਕਾ ਜ਼ਿਲ੍ਹੇ 'ਚ ਤਾਂ ਵਾਵਰੋਲੇ ਕਾਰਨ ਵੱਡਾ ਨੁਕਸਾਨ ਹੋਣ ਦੀਆਂ ਵੀਡੀਓਜ਼ ਵਾਇਰਲ ਹੋ ਰਹੀਆਂ ਹਨ। ਅੰਦਾਜ਼ੇ ਲਾਏ ਜਾ ਰਹੇ ਹਨ ਕਿ ਇਸ ਨਾਲ ਫ਼ਸਲ ਦੇ ਝਾੜ ਵਿਚ ਦੋ ਫ਼ੀਸਦੀ ਤਕ ਫ਼ਰਕ ਪੈ ਸਕਦਾ ਹੈ। ਕਿਸਾਨ ਜਥੇਬੰਦੀਆਂ ਖ਼ਰਾਬ ਫ਼ਸਲਾਂ ਦੇ ਮੁਆਵਜ਼ੇ ਦੀ ਰਾਸ਼ੀ ਵਧਾਉਣ ਦੇ ਨਾਲ-ਨਾਲ ਹੋਰ ਮੰਗਾਂ ਪੂਰੀਆਂ ਕਰਨ ਬਾਰੇ ਵੀ ਕਹਿ ਰਹੀਆਂ ਹਨ। ਮਾਰਚ ਮਹੀਨੇ ਔਸਤ ਨਾਲੋਂ ਵੱਧ ਮੀਂਹ ਪੈਣ ਨਾਲ ਕਿਸਾਨਾਂ ਨੂੰ ਇਹ ਮਾਰ ਝੱਲਣੀ ਪਈ ਹੈ। ਮੌਸਮ ਵਿਭਾਗ ਦੀ ਪੇਸ਼ੀਨਗੋਈ ਇਹ ਵੀ ਹੈ ਕਿ ਹਾਲੇ ਆਉਣ ਵਾਲੇ ਦਿਨਾਂ 'ਚ ਹੋਰ ਮੀਂਹ ਪੈ ਸਕਦਾ ਹੈ ਜਿਸ ਨੂੰ ਲੈ ਕੇ ਕਿਸਾਨਾਂ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਖਿੱਚੀਆਂ ਹੋਈਆਂ ਹਨ। ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਸਿਰ ਪਹਿਲਾਂ ਹੀ ਕਰਜ਼ੇ ਦੀ ਪੰਡ ਬਹੁਤ ਭਾਰੀ ਹੈ, ਇਸ ਕਾਰਨ ਉਹ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਖੇਤੀ ਲਾਗਤਾਂ ਲਗਾਤਾਰ ਵਧ ਰਹੀਆਂ ਹਨ ਜਿਸ ਕਾਰਨ ਵੱਡੀ ਗਿਣਤੀ ਵਿਚ ਕਿਸਾਨ ਖੇਤੀ




ਵਿੱਚੋਂ ਬਾਹਰ ਹੁੰਦੇ ਜਾ ਰਹੇ ਹਨ। ਅਜਿਹੇ ਵਿਚ ਜ਼ਰੂਰੀ ਹੋ ਜਾਂਦਾ ਹੈ ਕਿ ਕਿਸਾਨਾਂ ਸਿਰ ਪਈ ਮੁਸੀਬਤ ਨੂੰ ਹੱਲ ਕੀਤਾ ਜਾਵੇ। ਮੌਸਮ ਦੀ ਮਾਰ ਤੋਂ ਤੰਗ ਕਿਸਾਨਾਂ ਦੀ ਬਾਂਹ ਫੜਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੜੇਮਾਰ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਮੋਗਾ, ਮੁਕਤਸਰ, ਬਠਿੰਡਾ ਤੇ ਪਟਿਆਲਾ ਦੇ ਪਿੰਡਾਂ ਦਾ ਦੌਰਾ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਬਾਰਿਸ਼ ਤੇ ਗੜੇਮਾਰ ਕਾਰਨ ਖ਼ਰਾਬ ਹੋਈਆਂ ਫ਼ਸਲਾਂ ਦੇ ਮੁਆਵਜ਼ੇ 'ਚ 25 ਫ਼ੀਸਦੀ ਤਕ ਵਾਧਾ ਕਰ ਦਿੱਤਾ ਜਾਵੇਗਾ। ਫ਼ਸਲ ਦੇ 75 ਫ਼ੀਸਦੀ ਤੋਂ ਵੱਧ ਨੁਕਸਾਨ 'ਤੇ ਕਿਸਾਨਾਂ ਨੂੰ 15 ਹਜ਼ਾਰ ਰੁਪਏ ਤੇ 33 ਤੋਂ 75 ਫ਼ੀਸਦੀ ਤਕ ਨੁਕਸਾਨ 'ਤੇ 6750 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਮੁਆਵਜ਼ਾ ਦਿੱਤਾ ਜਾਵੇਗਾ। ਮਜ਼ਦੂਰਾਂ ਨੂੰ ਵੀ 10 ਫ਼ੀਸਦੀ ਮੁਆਵਜ਼ਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਫ਼ਸਲਾਂ ਦੇ ਨੁਕਸਾਨ 'ਤੇ ਪਹਿਲਾਂ ਇਹ ਮੁਆਵਜ਼ਾ ਰਾਸ਼ੀ 12 ਹਜ਼ਾਰ ਰੁਪਏ ਤੇ 5400 ਰੁਪਏ ਪ੍ਰਤੀ ਏਕੜ ਸੀ। ਬਹੁਤ ਸਾਰੇ ਕਿਸਾਨਾਂ ਤਕ ਤਾਂ ਇਹ ਰਾਸ਼ੀ ਪੁੱਜਦੀ ਵੀ ਨਹੀਂ ਸੀ। ਜਿਨ੍ਹਾਂ ਤਕ ਪੁੱਜਦੀ ਵੀ ਸੀ ਉਹ ਬਹੁਤ ਨਿਗੂਣੀ ਰਾਸ਼ੀ ਹੁੰਦੀ ਸੀ। ਬਿਨਾਂ ਸ਼ੱਕ ਮੁੱਖ ਮੰਤਰੀ ਭਗਵੰਤ ਮਾਨ ਦਾ ਅਜਿਹੇ ਕਦਮ ਦਾ ਸਵਾਗਤ ਕਰਨਾ ਬਣਦਾ ਹੈ। ਅੱਜ ਤਕ ਜਿੰਨੀਆਂ ਵੀ ਸੂਬੇ ਦੀਆਂ ਪਿਛਲੀਆਂ ਸਰਕਾਰਾਂ ਆਈਆਂ, ਉਨ੍ਹਾਂ 'ਚੋਂ ਜ਼ਿਆਦਾਤਰ ਨੇ ਕਿਸਾਨਾਂ ਨਾਲ ਕੀਤੇ ਵਾਅਦੇ ਵਫ਼ਾ ਨਹੀਂ ਕੀਤੇ। ਉਨ੍ਹਾਂ ਨੂੰ ਇਸ ਦਾ ਖ਼ਮਿਆਜ਼ਾ ਵੀ ਭੁਗਤਣਾ ਪਿਆ ਕਿਉਂਕਿ ਪੰਜਾਬ ਖੇਤੀਬਾੜੀ ਆਧਾਰਤ ਸੂਬਾ ਹੈ ਤੇ ਇਸ ਦੀ ਸਾਰੀ ਆਰਥਿਕਤਾ ਵੀ ਇਸ ਦੁਆਲੇ ਹੀ ਘੁੰਮਦੀ ਹੈ। ਕਿਸਾਨੀ ਵੱਡਾ ਵੋਟ ਬੈਂਕ ਵੀ ਹੈ ਤੇ ਇਸ ਦੀ ਨਾਰਾਜ਼ਗੀ ਕਿਸੇ ਵੀ ਸਿਆਸੀ ਪਾਰਟੀ ਨੂੰ ਮੁਸ਼ਕਲ 'ਚ ਪਾ ਦਿੰਦੀ ਹੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਹੇਠਲੇ ਪੱਧਰ ਤਕ ਮੁੱਖ ਮੰਤਰੀ ਦੇ ਹੁਕਮਾਂ ਨੂੰ ਇੰਨ-ਬਿੰਨ ਲਾਗੂ ਕਰਵਾਉਣ ਤਾਂ ਕਿ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਹੋ ਸਕੇ।

# ਅਮਰੀਕਾ 'ਚ ਇਸ ਮਹੀਨੇ ਗੋਲ਼ੀਬਾਰੀ ਦੀਆਂ 130 ਘਟਨਾਵਾਂ 'ਚ 57 ਮੌਤਾਂ

**ਸੁਰਜੀਤ ਸਿੰਘ ਫਲੋਰਾ**

ਅਮਰੀਕਾ ਵਿਚ ਵਿਨਾਸ਼ਕਾਰੀ ਸਮੂਹਿਕ ਗੋ਼ਲੀਬਾਰੀ, ਨਸਲਵਾਦ ਦੀਆਂ ਨਫ਼ਰਤੀ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ ਅਤੇ ਦੇਸ਼ ਦੇ ਸਭ ਸੂਬੇ ਇਨ੍ਹਾਂ ਦੀ ਲਪੇਟ 'ਚ ਆਏ ਹੋਏ ਹਨ। ਨਤੀਜੇ ਵਜੋਂ ਇਕੱਲੇ ਮਾਰਚ ਵਿਚ ਹੀ ਇਨ੍ਹਾਂ ਕਾਰਨ ਦਰਜਨਾਂ ਲੋਕ ਮਾਰੇ ਗਏ ਹਨ ਜਿਨ੍ਹਾਂ ਵਿਚ ਬੱਚੇ ਤੇ ਔਰਤਾਂ ਵੀ ਸ਼ਾਮਲ ਸਨ। ਹਾਲਾਤ ਦੀ ਗੰਭੀਰਤਾ ਦਾ ਅਨੁਮਾਨ ਇਸੇ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਮਹੀਨੇ ਅਮਰੀਕਾ 'ਚ ਹੁਣ ਤਕ ਗੋ਼ਲੀਬਾਰੀ ਦੀਆਂ 38 ਘਟਨਾਵਾਂ ਵਿਚ ਘੱਟੋ-ਘੱਟ 57 ਲੋਕਾਂ ਦੀ ਮੌਤ ਹੋ ਚੁੱਕੀ ਹੈ ਜਦਕਿ 133 ਹੋਰ ਜ਼ਖ਼ਮੀ ਹੋਏ ਹਨ। ਜੇਕਰ ਜਨਵਰੀ 2023 ਤੋਂ 29 ਮਾਰਚ ਤਕ ਝਾਤ ਮਾਰੀਏ ਤਾਂ ਹੁਣ ਤਕ 130 ਸਮੂਹਿਕ ਗੋ਼ਲੀਬਾਰੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

ਕੈਲੀਫੋਰਨੀਆ ਦੇ ਸੈਕਰਾਮੈਂਟੋ ਕਾਊਂਟੀ ਦੇ ਇਕ ਗੁਰਦੁਆਰੇ ਵਿਚ ਨਗਰ ਕੀਰਤਨ ਦੌਰਾਨ 2 ਲੋਕਾਂ ਨੂੰ ਗੋ਼ਲੀ ਮਾਰ ਦਿੱਤੀ ਗਈ। ਅਮਰੀਕਾ ਸਰਕਾਰ ਕੁਝ ਠੋਸ ਕਦਮ ਚੁੱਕਣ ਦੀ ਬਜਾਏ ਦੋਸ਼ ਲਗਾਉਣ ਨੂੰ ਤਰਜੀਹ ਦਿੰਦੀ ਹੈ। ਮਾਪਿਆਂ ਨੂੰ ਦੋਸ਼ ਦਿਉ, ਅਧਿਆਪਕਾਂ ਨੂੰ ਦੋਸ਼ੀ ਠਹਿਰਾਓ। ਧਰਮ ਨੂੰ ਦੋਸ਼ੀ ਠਹਿਰਾਓ (ਬਸ਼ਰਤੇ ਇਹ ਈਸਾਈ ਧਰਮ ਨਾ ਹੋਵੇ)। ਮਾਨਸਿਕ ਬਿਮਾਰੀ ਨੂੰ ਦੋਸ਼ੀ ਠਹਿਰਾਓ (ਭਾਵੇਂ ਦੋਸ਼ੀ ਇਸ ਤੋਂ ਪੀੜਤ ਹੈ ਜਾਂ ਨਹੀਂ)। ਪਰ ਬੰਦੂਕਾਂ ਨੂੰ ਦੋਸ਼ ਨਾ ਦਿਉ। ਜ਼ਾਹਰਾ ਤੌਰ 'ਤੇ ਲੋਕ ਹੀ ਲੋਕਾਂ ਨੂੰ ਮਾਰਦੇ ਹਨ ਅਤੇ ਅਸੀਂ ਇਸ ਬਾਰੇ ਕੁਝ ਨਹੀਂ ਕਰ ਸਕਦੇ ਹਾਂ। ਅਮਰੀਕੀ ਹੁਕਮਰਾਨ ਬਾਰੂਦ ਦਾ ਭੰਡਾਰ ਖ਼ਤਮ ਕਰਨ ਲਈ ਕੋਈ ਕਦਮ ਨਹੀਂ ਚੁੱਕਦੇ। ਇਹ ਕਿਹੋ ਜਿਹਾ ਦੇਸ਼ ਹੈ ਤੇ ਉਸ ਦੀ ਸਰਕਾਰ ਕਿਹੋ ਜਿਹੀ ਹੈ ਜੋ ਆਪਣੇ ਹੀ ਲੋਕਾਂ ਦੀ ਹਿਫ਼ਾਜ਼ਤ ਨਹੀਂ ਕਰ




ਰਹੀ ਤੇ ਨਿੱਤ ਦੂਸਰੇ ਦੇਸ਼ਾਂ ਵਿਚ ਜਾ ਕੇ ਵੀ ਲੋਕਾਂ ਦੀਆਂ ਜਾਨਾਂ ਨਾਲ ਖੇਡਦੇ ਰਹਿੰਦੇ ਹਨ।

ਜ਼ਿਆਦਾਤਰ ਦੇਸ਼ਾਂ ਵਿਚ ਇਹ ਫ਼ੈਸਲਾ ਲਿਆ ਗਿਆ ਹੈ ਕਿ ਬੰਦੂਕ ਦੀ ਮਾਲਕੀ ਨੂੰ ਗੰਭੀਰਤਾ ਨਾਲ ਸੀਮਤ ਕਰਨਾ ਫ਼ਾਇਦੇਮੰਦ ਹੈ ਕਿਉਂਕਿ ਭਾਵੇਂ ਬੰਦੂਕ ਮਾਲਕ ਜ਼ਿਆਦਾਤਰ ਲੋਕ ਕਾਨੂੰਨ ਦੀ ਪਾਲਣਾ ਕਰਦੇ ਹਨ ਪਰ ਕੁਝ ਸਨਕੀ ਲੋਕ ਇਨ੍ਹਾਂ ਰਾਹੀਂ ਆਪਣਾ ਜਾ ਹੋਰਾਂ ਦਾ ਨੁਕਸਾਨ ਵੀ ਕਰ ਦਿੰਦੇ ਹਨ। ਆਟੋਮੈਟਿਕ ਤੇ ਅਰਧ-ਆਟੋਮੈਟਿਕ ਹਥਿਆਰਾਂ ਸਦਕਾ ਉਹ ਮਿੰਟਾਂ-ਸਕਿੰਟਾਂ 'ਚ ਵੱਡੀ ਗਿਣਤੀ ਵਿਚ ਲੋਕਾਂ ਦੀ ਜਾਨ ਲੈ ਸਕਦੇ ਹਨ। ਕਈ ਵਾਰ ਅਮਰੀਕਾ ਵਿਚ ਬੰਦੂਕ ਦੇ ਅਧਿਕਾਰਾਂ ਦੇ ਵਕੀਲ ਉਨ੍ਹਾਂ ਉਦਾਹਰਨਾਂ ਦਾ ਵੇਰਵਾ ਦੇਣ ਵਾਲੀਆਂ ਖ਼ਬਰਾਂ ਸਾਂਝੀਆਂ ਕਰਨਾ ਪਸੰਦ ਕਰਦੇ ਹਨ ਜਿਨ੍ਹਾਂ ਵਿਚ ਜ਼ਿਕਰ ਹੁੰਦਾ ਹੈ ਕਿ ਕਿਸੇ ਬੰਦੂਕ ਮਾਲਕ ਨੇ ਘਰੇ ਵੜੇ ਹਥਿਆਰਬੰਦ ਚੋਰ ਨੂੰ ਮਾਰ ਕੇ ਜਾਂ ਭਜਾ ਕੇ ਚੋਰੀ ਦੀ ਕੋਸ਼ਿਸ਼ ਨੂੰ ਨਾਕਾਮ ਕੀਤਾ ਪਰ ਪਾਬੰਦੀਸ਼ੁਦਾ ਬੰਦੂਕ ਨਿਯੰਤਰਣ ਦੇ ਸਮਰਥਕ ਅਮਰੀਕਾ ਅਤੇ ਵਿਦੇਸ਼ਾਂ ਵਿਚ ਆਮ ਤੌਰ 'ਤੇ ਅਜਿਹੀਆਂ ਕਹਾਣੀਆਂ ਤੋਂ ਪ੍ਰਭਾਵਿਤ ਨਹੀਂ ਹੁੰਦੇ। ਕਿਸੇ ਨੂੰ ਵੀ ਆਪਣੇ ਘਰ ਦੀ ਰੱਖਿਆ ਲਈ ਬੰਦੂਕ ਦੀ ਲੋੜ ਨਹੀਂ ਪਵੇਗੀ ਜੇਕਰ ਕੋਈ ਬੰਦੂਕ ਪ੍ਰਾਪਤ ਨਹੀਂ ਕਰ ਸਕੇਗਾ। ਕਦੇ ਵੀ ਕੋਈ ਇਹ ਦਲੀਲ ਨਹੀਂ ਦਿੰਦਾ ਕਿ ਜੇ ਕੋਈ ਪਰਮਾਣੂ ਹਥਿਆਰਾਂ ਨੂੰ ਗ਼ੈਰ-ਕਾਨੂੰਨੀ ਬਣਾਉਂਦਾ ਹੈ ਤਾਂ ਸਿਰਫ਼ ਅਪਰਾਧੀ ਪਰਮਾਣੂ ਹਥਿਆਰਾਂ ਦੇ ਮਾਲਕ ਹੋਣਗੇ। ਇਹ ਇਸ ਲਈ ਹੈ ਕਿਉਂਕਿ ਪਰਮਾਣੂ ਹਥਿਆਰਾਂ ਦੀ ਮਲਕੀਅਤ ਅਤੇ ਵਰਤੋਂ ਨਾਲ ਜੁੜੀ ਸੱਭਿਆਚਾਰਕ ਪਛਾਣ ਦੀ ਕੋਈ ਭਾਵਨਾ ਨਹੀਂ ਹੈ।

# ਪੰਜਾਬ ਦੇ ਧਰਤੀ ਹੇਠਲੇ ਪਾਣੀ ਬਾਰੇ ਡਰਾਉਣੇ ਜਲ ਅੰਕੜੇ

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਦੌਰਾਨ ਇਹ ਸਪਸ਼ਟ ਕਰ ਦਿੱਤਾ ਹੈ ਕਿ ਪੰਜਾਬ 'ਤੇ ਕੋਈ 'ਵਾਟਰ ਸੈਸ' ਨਹੀਂ ਲੱਗੇਗਾ। ਇਹ ਵੱਡੀ ਰਾਹਤ ਵਾਲੀ ਖ਼ਬਰ ਹੈ। ਪਿਛਲੇ ਕੁਝ ਦਿਨਾਂ ਤੋਂ ਇਹ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਸੀ ਕਿ ਹਿਮਾਚਲ ਪ੍ਰਦੇਸ਼ ਹੁਣ ਪੰਜਾਬ 'ਚ ਆਉਣ ਵਾਲੇ ਪਾਣੀ 'ਤੇ ਕੋਈ ਟੈਕਸ ਲਾਵੇਗਾ। ਪੰਜਾਬ ਸੂਬੇ ਦਾ ਨਾਂ ਹੀ ਪਾਣੀ 'ਤੇ ਆਧਾਰਤ ਹੈ ਪਰ ਹੁਣ ਇਹ ਪਾਣੀ ਦੇ ਹੀ ਡੂੰਘੇ ਸੰਕਟ 'ਚੋਂ ਲੰਘ ਰਿਹਾ ਹੈ। ਇੱਥੋਂ ਦੀ ਧਰਤੀ ਹੇਠਲਾ ਪਾਣੀ ਇੰਨਾ ਜ਼ਿਆਦਾ ਗੰਧਲਾ ਤੇ ਜ਼ਹਿਰੀਲਾ ਹੋ ਚੁੱਕਾ ਹੈ ਕਿ ਇੱਥੇ ਕੈਂਸਰ ਰੋਗੀਆਂ ਦੀ ਗਿਣਤੀ 'ਚ ਨਿੱਤ ਵਾਧਾ ਹੁੰਦਾ ਜਾ ਰਿਹਾ ਹੈ। ਪੰਜਾਬ 'ਚ 10 ਵਰ੍ਹੇ ਪਹਿਲਾਂ ਇਕ ਸਰਵੇਖਣ ਹੋਇਆ ਸੀ ਜਿਸ ਅਨੁਸਾਰ ਹਰੇਕ ਇਕ ਲੱਖ ਦੀ ਆਬਾਦੀ ਪਿੱਛੇ ਕੈਂਸਰ ਦੇ 90 ਮਰੀਜ਼ ਸਨ। ਇਸ ਗਿਣਤੀ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਹੇਠਾਂ ਨੂੰ ਜਾ ਰਿਹਾ ਹੈ। ਇਸ ਦਾ ਮਾੜਾ ਅਸਰ ਧਰਤੀ ਦੀ ਉਪਜਾਊ ਸ਼ਕਤੀ 'ਤੇ ਵੀ ਪਿਆ ਹੈ। ਫਲੋਰਾਈਡ ਤੇ ਆਰਸੈਨਿਕ (ਸੰਖੀਆ) ਤੋਂ ਦੂਸ਼ਿਤ ਪਾਣੀ ਦਾ ਸਿੱਧਾ ਅਸਰ ਗ਼ਰੀਬਾਂ 'ਤੇ ਪੈ ਰਿਹਾ ਹੈ। ਬੱਚੇ ਕੁਪੋਸ਼ਣ ਦੇ ਸ਼ਿਕਾਰ ਹੋ ਰਹੇ ਹਨ। ਪਿਛਲੀ ਮਰਦਮਸ਼ੁਮਾਰੀ 2011 'ਚ ਹੋਈ ਸੀ। ਉਸ ਮੁਤਾਬਕ ਪੰਜਾਬ 'ਚ 11 ਲੱਖ ਕਾਮੇ ਸਨ ਜਿਨ੍ਹਾਂ 'ਚੋਂ ਅੱਧੇ ਖੇਤੀਬਾੜੀ ਖੇਤਰ ਨਾਲ ਜੁੜੇ ਹੋਏ ਸਨ। ਪੰਜਾਬ ਦੇ 23 ਜ਼ਿਲ੍ਹਿਆਂ 'ਚੋਂ 16 ਦੇ ਧਰਤੀ ਹੇਠਲੇ ਪਾਣੀ 'ਚ ਫਲੋਰਾਈਡ ਦੀ ਮਾਤਰਾ ਪ੍ਰਵਾਨਿਤ ਹੱਦ ਤੋਂ ਜ਼ਿਆਦਾ 1 ਲਿਟਰ 'ਚ 1.15 ਮਿਲੀਗ੍ਰਾਮ ਹੈ। ਹਰੇ ਇਨਕਲਾਬ ਨੇ ਪੰਜਾਬ ਨੂੰ ਭਾਰਤ ਲਈ ਅੰਨ-ਭੰਡਾਰ ਤਾਂ ਬਣਾ ਦਿੱਤਾ ਹੈ ਪਰ ਪਾਣੀ ਦੇ ਨਾਲ-ਨਾਲ ਖਾਦਾਂ ਤੇ ਕੀਟਨ-ਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਦੇ ਕਿਤੇ ਜ਼ਿਆਦਾ ਮਾੜੇ ਅਸਰ ਹੁਣ ਵਿਖਾਈ ਦੇਣ ਲੱਗ ਪਏ ਹਨ। ਸਾਲ 1980 ਦੇ ਮੁਕਾਬਲੇ ਪੰਜਾਬ 'ਚ ਸਾਲ 2018 ਦੌਰਾਨ ਭਾਵ 38 ਸਾਲਾਂ 'ਚ ਖਾਦਾਂ ਦੀ ਵਰਤੋਂ ਵਿਚ 146.46 ਫ਼ੀਸਦੀ ਦਾ ਵਾਧਾ ਹੋ ਗਿਆ ਹੈ। ਕਿਸਾਨ ਇਸ ਵੇਲੇ 232 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਖਾਦਾਂ ਦੀ ਵਰਤੋਂ ਕਰ ਰਹੇ ਹਨ ਜਦਕਿ ਰਾਸ਼ਟਰੀ ਪੱਧਰ ਦੀ ਔਸਤ ਖਾਦ-ਵਰਤੋਂ 133 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਹੈ। ਇਹ ਸਾਰੇ ਅੰਕੜੇ ਸੱਚਮੁੱਚ ਡਰਾਉਣੇ ਹਨ। ਅੰਮ੍ਰਿਤਸਰ, ਬਠਿੰਡਾ, ਫ਼ਿਰੋਜ਼ਪੁਰ, ਗੁਰਦਾਸਪੁਰ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੀ ਧਰਤੀ ਹੇਠਲੇ ਪਾਣੀ 'ਚ ਸਿੱਕਾ ਵੱਧ ਮਾਤਰਾ 'ਚ ਪਾਇਆ ਗਿਆ ਹੈ। ਇੰਜ ਹੀ ਫ਼ਤਹਿਗੜ੍ਹ ਸਾਹਿਬ, ਲੁਧਿਆਣਾ, ਨਵਾਂਸ਼ਹਿਰ ਅਤੇ ਪਟਿਆਲਾ 'ਚ ਕੈਡਮੀਅਮ, ਸੰਗਰੂਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਤਰਨ ਤਾਰਨ, ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਗੁਰਦਾਸਪੁਰ, ਕਪੂਰਥਲਾ, ਮਾਨਸਾ, ਰੋਪੜ 'ਚ ਕ੍ਰੋਮੀਅਮ, ਮਾਨਸਾ, ਬਠਿੰਡਾ, ਮੋਗਾ, ਫ਼ਰੀਦਕੋਟ, ਬਰਨਾਲਾ ਅਤੇ ਸੰਗਰੂਰ ਦੇ ਪਾਣੀ 'ਚ ਰੇਡੀਓ-ਐਕਟਿਵ ਸਮੱਗਰੀ ਪਾਈ ਗਈ ਹੈ। ਇੰਜ ਲਗਪਗ ਸਮੁੱਚੇ ਪੰਜਾਬ ਦੇ ਪਾਣੀਆਂ 'ਚ ਹੀ ਜ਼ਹਿਰ ਦਾ ਪੱਧਰ ਬਹੁਤ ਜ਼ਿਆਦਾ ਹੈ। ਫ਼ਾਜ਼ਿਲਕਾ, ਮੋਗਾ, ਸੰਗਰੂਰ, ਬਰਨਾਲਾ 'ਚ ਤਾਂ ਯੂਰੇਨੀਅਮ ਵੀ ਵੱਧ ਪਾਇਆ ਗਿਆ ਹੈ। ਆਉਣ ਵਾਲੀਆਂ ਨਸਲਾਂ ਨੂੰ ਅਸੀਂ ਕਿਹੋ ਜਿਹਾ ਪਾਣੀ ਦੇਵਾਂਗੇ, ਇਸ ਬਾਰੇ ਹਾਲ ਦੀ ਘੜੀ ਕੁਝ ਵੀ ਨਹੀਂ ਕਿਹਾ ਜਾ ਸਕਦਾ ਪਰ ਅਸੀਂ ਸਭ ਧਰਤੀ ਹੇਠਲੇ ਪਾਣੀ ਦਾ ਗੰਧਲਾਪਣ ਦੂਰ ਕਰ ਕੇ ਉਸ ਨੂੰ ਸ਼ੁੱਧ ਕਰਨ 'ਚ ਆਪਣਾ ਯੋਗਦਾਨ ਪਾ ਸਕਦੇ ਹਾਂ। ਇਸ ਸਰਬ-ਸਾਂਝੇ ਸਮਾਜਿਕ ਕਾਰਜ 'ਚ ਸਮੂਹ ਵਿਅਕਤੀਆਂ ਤੋਂ ਲੈ ਕੇ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨਾਂ ਨੂੰ ਹੁਣ ਪਾਣੀ ਦੇ ਸ਼ੁੱਧੀਕਰਨ ਦੀ ਪ੍ਰਕਿਰਿਆ 'ਚ ਜੁਟ ਜਾਣਾ ਚਾਹੀਦਾ ਹੈ।

# ਖ਼ਤਮ ਹੋ ਸਕਦੀ ਹੈ ਪੰਜਾਬ ’ਚੋਂ ਬੇਰੁਜ਼ਗਾਰੀ




ਡਾ ਰਣਜੀਤ ਸਿੰਘ

ਖੇਤੀ ਦੇ ਨਾਲੋ-ਨਾਲ ਪੰਜਾਬ ਦੇ ਸਨਅਤੀ ਵਿਕਾਸ ਵਿਚ ਵੀ ਖੜੋਤ ਆ ਗਈ ਹੈ। ਇੱਥੇ ਜਦੋਂ ਹਰੇ ਇਨਕਲਾਬ ਨਾਲ ਜਾਣਿਆ ਜਾਂਦਾ ਖੇਤੀ ਵਿਕਾਸ ਹੋਇਆ ਸੀ ਉਦੋਂ ਹੀ ਸਨਅਤ ਵਿਚ ਵੀ ਚੋਖਾ ਵਿਕਾਸ ਹੋਇਆ ਸੀ। ਸੂਬੇ ਵਿਚ ਕਈ ਸਨਅਤੀ ਕੇਂਦਰ ਸਥਾਪਤ ਹੋਏ ਸਨ। ਖੇਤੀ ਦੇ ਨਾਲ ਹੁਣ ਸਨਅਤੀ ਵਿਕਾਸ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਖੇਤੀ ਜੋਤਾਂ ਦੇ ਘਟ ਰਹੇ ਆਕਾਰ ਕਾਰਨ ਵਿਹਲੇ ਹੋ ਰਹੇ ਪੇਂਡੂ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਸੋਚਣਾ ਪਵੇਗਾ ਕਿ ਇੱਥੇ ਕਿਹੋ ਜਿਹੀ ਸਨਅਤ ਵਿਕਸਤ ਕੀਤੀ ਜਾਵੇ।

ਪੰਜਾਬ ’ਚ ਅਜਿਹੀ ਸਨਅਤ ਦੀ ਲੋੜ ਹੈ ਜਿਹੜੀ ਘੱਟ ਤੋਂ ਘੱਟ ਪ੍ਰਦੂਸ਼ਣ ਫੈਲਾਵੇ ਅਤੇ ਘੱਟੋ-ਘੱਟ ਧਰਤੀ ਦੀ ਵਰਤੋਂ ਕਰੇ ਕਿਉਂਕਿ ਕਿਸਾਨਾਂ ਦੇ ਉਜਾੜੇ ਨਾਲ ਸਨਅਤਾਂ ਦੀ ਕਾਇਮੀ ਲਾਭ ਦੀ ਥਾਂ ਨੁਕਸਾਨ ਵਧੇਰੇ ਕਰਦੀ ਹੈ। ਵੱਡੀ ਫੈਕਟਰੀ ਦੀ ਸਥਾਪਨਾ ਸੈਂਕੜੇ ਕਿਸਾਨਾਂ ਦਾ ਉਜਾੜਾ ਕਰਦੀ ਹੈ। ਇਸ ਨਾਲ ਪ੍ਰਦੂਸ਼ਣ ਵਿਚ ਵੀ ਵਾਧਾ ਹੁੰਦਾ ਹੈ। ਫੈਕਟਰੀ ਮਾਲਕ ਉਜਾੜੇ ਗਏ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਪਰਵਾਸੀ ਕਾਮਿਆਂ ਉੱਤੇ ਵਧੇਰੇ ਨਿਰਭਰ ਕਰਦੇ ਹਨ। ਪੰਜਾਬ ਵਿਚ ਸੈਰ-ਸਪਾਟਾ, ਵਿੱਦਿਆ ਅਤੇ ਸਿਹਤ-ਸਹੂਲਤਾਂ ਨੂੰ ਸਨਅਤ ਦੇ ਰੂਪ ਵਿਚ ਵਿਕਸਤ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਖੇਤੀ ਉਪਜ ਆਧਾਰਤ ਛੋਟੇ ਕਾਰਖਾਨੇ ਵੀ ਲਗਾਏ ਜਾ ਸਕਦੇ ਹਨ। ਇਨ੍ਹਾਂ ਸਨਅਤਾਂ ਦਾ ਵਿਕਾਸ ਪੰਜਾਬੀਆਂ ਨੂੰ ਰੁਜ਼ਗਾਰ ਦੇਵੇਗਾ, ਕਿਸਾਨਾਂ ਦਾ ਉਜਾੜਾ ਰੁਕੇਗਾ, ਸਰਕਾਰੀ ਆਮਦਨ ਵਿਚ ਵਾਧਾ ਹੋਵੇਗਾ ਤੇ ਪ੍ਰਦੂਸ਼ਣ ’ਚ ਵੀ ਵਾਧਾ ਨਹੀਂ ਹੋਵੇਗਾ। ਪੰਜਾਬ ’ਚ ਸੈਰ-ਸਪਾਟਾ ਵਿਭਾਗ ਤੇ ਇਕ ਕਾਰਪੋਰੇਸ਼ਨ ਵੀ ਹੈ। ਇਸ ਮਹਿਕਮੇ ਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ ਜਾਂਦੀ। ਸ਼ਾਇਦ ਇਹੀ ਸਮਝਿਆ ਜਾਂਦਾ ਹੈ ਕਿ ਪੰਜਾਬ ਵਿਚ ਪਹਾੜ ਅਤੇ ਸਮੁੰਦਰੀ ਕੰਢੇ ਨਹੀਂ ਹਨ, ਇਸੇ ਕਰਕੇ ਇੱਥੇ ਸੈਲਾਨੀ ਨਹੀਂ ਆ ਸਕਦੇ ਪਰ ਸਾਨੂੰ ਰਾਜਸਥਾਨ ਵੱਲ ਵੇਖਣਾ ਚਾਹੀਦਾ ਹੈ। ਉੱਥੇ ਰਾਜਿਆਂ ਦੇ ਮਹਿਲਾਂ ਅਤੇ ਰੇਗਿਸਤਾਨ ਦੇ ਸਹਾਰੇ ਹੀ ਸੈਲਾਨੀਆਂ ਨੂੰ ਖਿੱਚਿਆ ਗਿਆ ਹੈ। ਪੰਜਾਬ ’ਚ ਇਹੋ ਜਿਹੀ ਸੈਰ-ਸਪਾਟਾ ਸਨਅਤ ਵਿਕਸਤ ਹੋਵੇ। ਸਰਕਾਰੀ ਕਦਮ ਵੀ ਚੁੱਕੇ ਗਏ ਹਨ ਪਰ ਇੱਕਾ-ਦੁੱਕਾ ਯਤਨ ਵਧੇਰੇ ਪ੍ਰਭਾਵਸ਼ਾਲੀ ਨਹੀਂ ਹੁੰਦੇ ਸਗੋਂ ਇਕ ਵੱਡੇ ਪੱਧਰ ਦੀ ਸਮੁੱਚੀ ਯੋਜਨਾ ਦੀ ਲੋੜ ਹੈ। ਪੰਜਾਬ ’ਚ ਧਾਰਮਿਕ ਤੇ ਹਰਿਆਵਲ ਯਾਤਰਾਵਾਂ ਬਹੁਤ ਸਫਲ ਹੋ ਸਕਦੀਆਂ ਹਨ। ਇੱਥੇ ਸਿੱਖਾਂ ਦੇ ਤਿੰਨ ਤਖ਼ਤ ਹਨ। ਯਾਤਰੂਆਂ ਲਈ ਇਹ ਯਾਤਰਾ ਦੀ ਸੁੰਦਰ ਤਿਕੋਣ ਬਣ ਸਕਦੀ ਹੈ।

ਸੈਲਾਨੀਆਂ ਵੱਲੋਂ ਭਾਖੜਾ ਤੋਂ ਸ਼ੁਰੂ ਹੋ ਕੇ ਅਨੰਦਪੁਰ ਸਾਹਿਬ, ਚੰਡੀਗੜ੍ਹ, ਛੱਤਬੀੜ, ਫ਼ਤਿਹਗੜ੍ਹ ਸਾਹਿਬ, ਪਟਿਆਲਾ ਤੇ ਦਮਦਮਾ ਸਾਹਿਬ ਦੀ ਯਾਤਰਾ ਕੀਤੀ ਜਾ ਸਕਦੀ ਹੈ। ਇੱਥੋਂ ਹਰੀਕੇ ਪੱਤਣ, ਤਰਨ ਤਾਰਨ ਹੁੰਦੇ ਹੋਏ ਅੰਮ੍ਰਿਤਸਰ ਤੇ ਜਲੰਧਰ ਘੁੰਮਿਆ ਜਾ ਸਕਦਾ ਹੈ। ਅੰਮ੍ਰਿਤਸਰ ਪਹਿਲਾਂ ਹੀ ਕੌਮਾਂਤਰੀ ਹਵਾਈ ਅੱਡਾ ਹੈ ਤੇ ਮੁਹਾਲੀ ਤਿਆਰ ਹੋ ਗਿਆ ਹੈ। ਇਨ੍ਹਾਂ ਦੋਵਾਂ ਥਾਵਾਂ ਤੋਂ ਯਾਤਰਾ ਸ਼ੁਰੂ ਕਰ ਕੇ ਇੱਥੇ ਹੀ ਸਮਾਪਤ ਹੋ ਸਕਦੀ ਹੈ। ਪੰਜਾਬ ਵਿਚ ਯੋਜਨਾਬੱਧ ਯਾਤਰਾਵਾਂ ਦਾ ਪ੍ਰਬੰਧ ਨਹੀਂ ਕੀਤਾ ਗਿਆ ਹੈ। ਜੇਕਰ ਵਧੀਆ ਏਸੀ ਬੱਸਾਂ ਰਾਹੀਂ ਸਾਫ਼-ਸੁਥਰੇ ਖਾਣੇ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇ ਤਾਂ ਹਜ਼ਾਰਾਂ ਵਿਦੇਸ਼ੀ ਸਿੱਖ ਅਤੇ ਗ਼ੈਰ-ਸਿੱਖ ਇਸ ਦਾ ਲਾਭ ਜ਼ਰੂਰ ਉਠਾਉਣਗੇ। ਤਲਵੰਡੀ ਸਾਬੋ ਨੂੰ ਵਿਕਸਤ ਕਰਨ ਦੀ ਲੋੜ ਹੈ। ਇਸ ਇਲਾਕੇ ਵਿਚ ਹਰ ਪਾਸੇ ਅੰਗੂਰਾਂ ਅਤੇ ਕਿੰਨੂਆਂ ਦੇ ਬਗੀਚੇ ਹਨ। ਇਸੇ ਤਰ੍ਹਾਂ ਪੰਜਾਬ ਦੀ ਸਾਰੀ ਧਰਤੀ ਸਾਲ ਵਿਚ ਦਸ ਮਹੀਨੇ ਫ਼ਸਲਾਂ ਦੀ ਹਰੀ ਚਾਦਰ ਨਾਲ ਢਕੀ ਰਹਿੰਦੀ ਹੈ। ਪਿੰਡਾਂ ਵਿਚ ਸ਼ਾਨਦਾਰ ਕੋਠੀਆਂ ਹਨ। ਅਜਿਹੇ ਵਿਕਸਤ ਪਿੰਡ ਹੋਰ ਸੂਬਿਆਂ ਵਿਚ ਨਹੀਂ ਹਨ। ਇਸ ਨਜ਼ਾਰੇ ਨੂੰ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾਇਆ ਜਾ ਸਕਦਾ ਹੈ। ਵਿਵਸਥਾ ਅਜਿਹੀ ਹੋਵੇ ਕਿ ਹਵਾਏ ਅੱਡੇ ਤੋਂ ਹੀ ਸੈਲਾਨੀਆਂ ਦਾ ਸਵਾਗਤ ਕਰ ਕੇ ਸਾਰਾ ਪ੍ਰਬੰਧ ਸਬੰਧਤ ਅਦਾਰੇ ਵੱਲੋਂ ਕੀਤਾ ਜਾਵੇ। ਇਸ ਸਬੰਧੀ ਬੁਕਿੰਗ ਵਿਦੇਸ਼ਾਂ ਵਿਚ ਵੀ ਹੋ ਸਕਦੀ ਹੈ। ਸਿੰਗਾਪੁਰ, ਦੁਬਈ, ਮਲੇਸ਼ੀਆ ਆਦਿ ਦੇਸ਼ਾਂ ਵੱਲੋਂ ਅਜਿਹੀਆਂ ਸਹੂਲਤਾਂ ਸਾਰੇ ਸੰਸਾਰ ਵਿਚ ਹਨ। ਹਿਮਾਚਲ ਅਤੇ ਕਸ਼ਮੀਰ ਨੂੰ ਜਾਣ ਵਾਲੇ ਯਾਤਰੀ ਵੀ ਪੰਜਾਬ ਦੀ ਪ੍ਰਾਹੁਣਚਾਰੀ ਦਾ ਆਨੰਦ ਮਾਣਨਾ ਚਾਹੁੰਣਗੇ। ਪੰਜਾਬੀ ਪ੍ਰਾਹੁਣਚਾਰੀ ਲਈ ਪ੍ਰਸਿੱਧ ਹਨ ਪਰ ਇੱਥੇ ਯਾਤਰੀਆਂ ਅਤੇ ਸੈਲਾਨੀਆਂ ਲਈ ਢੁੱਕਵਾਂ ਅਤੇ ਸੁਖਾਵਾਂ ਪ੍ਰਬੰਧ ਨਹੀਂ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿਚ ਬਹੁਤ ਸਾਰੇ ਤਕਨੀਕੀ ਕਾਲਜ ਖੁੱਲ੍ਹ ਗਏ ਹਨ। ’ਵਰਸਿਟੀਆਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ।




ਜੇ ਇੱਥੇ ਮਿਆਰੀ ਵਿੱਦਿਆ ਪ੍ਰਦਾਨ ਕੀਤੀ ਜਾਵੇ, ਦੂਜੇ ਸੂਬਿਆਂ ਅਤੇ ਵਿਦੇਸ਼ੀ ਵਿਦਿਆਰਥੀਆਂ ਦਾ ਪੂਰਾ ਧਿਆਨ ਰੱਖਿਆ ਜਾਵੇ ਤਾਂ ਵਿੱਦਿਆ ਨੂੰ ਵੀ ਸਨਅਤ ਦੇ ਰੂਪ ਵਿਚ ਵਿਕਸਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਲੋਕਾਂ ਨੂੰ ਰੁਜ਼ਗਾਰ ਵੀ ਮਿਲੇਗਾ ਅਤੇ ਸਰਕਾਰੀ ਆਮਦਨ ਵੀ ਵਧ ਸਕਦੀ ਹੈ। ਇਹ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਇਨ੍ਹਾਂ ’ਚੋਂ ਬਹੁਤੇ ਕਾਲਜ ਮਿਆਰੀ ਵਿੱਦਿਆ ਨਹੀਂ ਦੇ ਰਹੇ ਅਤੇ ਵਿਦਿਆਰਥੀਆਂ ਲਈ ਵੀ ਪੂਰੀਆਂ ਸਹੂਲਤਾਂ ਨਹੀਂ ਹਨ। ਜੇ ਇਹ ਆਪਣਾ ਮਿਆਰ ਉੱਚਾ ਕਰ ਲੈਣ ਤਾਂ ਇਸ ਸਬੰਧੀ ਦੂਜੇ ਸੂਬਿਆਂ ਤੇ ਵਿਦੇਸ਼ਾਂ ’ਚ ਪ੍ਰਚਾਰ ਕੀਤਾ ਜਾ ਸਕਦਾ ਹੈ। ਹੁਣ ਵਿਦੇਸ਼ੀ ਵਿਦਿਆਰਥੀਆਂ ਨੂੰ ਅਪਣੱਤ ਦੀ ਘਾਟ ਰੜਕਦੀ ਹੈ ਜਿਸ ਕਰਕੇ ਉਹ ਉਦਰੇਵਾਂ ਮਹਿਸੂਸ ਕਰਦੇ ਹਨ। ਅਮਰੀਕਾ ਵਰਗੇ ਦੇਸ਼ ਵਿਚ ਵੀ ਬਾਹਰੋਂ ਆਏ ਵਿਦਿਆਰਥੀਆਂ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਮੈਂ ਜਦੋਂ ਕੁਝ ਸਮੇਂ ਲਈ ਅਮਰੀਕਾ ਪੜ੍ਹਨ ਗਿਆ ਸਾਂ ਤਾਂ ਵਿਭਾਗ ਦਾ ਮੁਖੀ ਆਪ ਹਵਾਈ ਅੱਡੇ ’ਤੇ ਲੈਣ ਆਇਆ ਸੀ। ਉਸੇ ਨੇ ਮੇਰੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਕੀਤਾ। ਯੂਨੀਵਰਸਿਟੀ ਵਿਚ ਜਾਣ-ਪਛਾਣ ਕਰਵਾਈ ਅਤੇ ਹਰੇਕ ਲੋੜ ਦਾ ਧਿਆਨ ਰੱਖਿਆ। ਜੇ ਅਸੀਂ ਵੀ ਅਜਿਹਾ ਕਰ ਸਕੀਏ ਤਾਂ ਇਹ ਸਨਅਤ ਦਾ ਰੂਪ ਧਾਰਨ ਕਰ ਸਕਦੀ ਹੈ।

ਅਸੀਂ ਵਿਦੇਸ਼ੀਆਂ ਦਾ ਸਵਾਗਤ ਕਰਨ ਦੀ ਥਾਂ ਉਨ੍ਹਾਂ ਨੂੰ ਖ਼ਰਾਬ-ਖੁਆਰ ਕਰਨ ਦਾ ਵਧੇਰੇ ਯਤਨ ਕੀਤਾ ਹੈ। ਪੰਜਾਬ ਵਿਚ ਕੁਝ ਵੱਡੇ ਅਤੇ ਵਧੀਆ ਹਸਪਤਾਲ ਹਨ। ਇਨ੍ਹਾਂ ਵਿਚ ਹਜ਼ਾਰਾਂ ਲੋਕ ਕੰਮ ਕਰ ਰਹੇ ਹਨ। ਜੇਕਰ ਇਸ ਗਿਣਤੀ ਵਿਚ ਵਾਧਾ ਕੀਤਾ ਜਾਵੇ, ਵਿਦੇਸ਼ੀਆਂ ਲਈ ਵੱਖਰੇ ਪ੍ਰਬੰਧ ਕੀਤੇ ਜਾਣ ਅਤੇ ਉਨ੍ਹਾਂ ਦੀ ਪੂਰੀ ਸੇਵਾ ਅਤੇ ਦੇਖ-ਭਾਲ ਕੀਤੀ ਜਾਵੇ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਵਿਦੇਸ਼ੀ ਇੱਥੇ ਇਲਾਜ ਕਰਵਾਉਣ ਆਉਣਗੇ। ਪੰਜਾਬ ਦੇ ਪਿੰਡਾਂ ਵਿਚ ਖੇਤੀ ਉਪਜ ਆਧਾਰਤ ਛੋਟੇ ਕਾਰਖਾਨੇ ਸਥਾਪਤ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿਚ ਖੇਤੀ ਉਪਜ, ਫ਼ਲ, ਸਬਜ਼ੀਆਂ, ਦੁੱਧ ਆਦਿ ਦਾ ਪਦਾਰਥੀਕਰਨ ਕੀਤਾ ਜਾ ਸਕਦਾ ਹੈ। ਹੁਣ ਅਜਿਹੀਆਂ ਇਕਾਈਆਂ ਬਹੁਤ ਘੱਟ ਹਨ। ਪੰਜਾਬ ਵਿਚ ਵਿਕਣ ਵਾਲਾ ਬਹੁਤ ਸਾਰਾ ਤਿਆਰ ਮਾਲ ਵੀ ਦੂਜੇ ਸੂਬਿਆਂ ਵਿੱਚੋਂ ਆਉਂਦਾ ਹੈ। ਪਿੰਡਾਂ ਵਿਚ ਸਥਾਪਤ ਅਜਿਹੀਆਂ ਇਕਾਈਆਂ ਪੇਂਡੂ ਲੋਕਾਂ ਨੂੰ ਰੁਜ਼ਗਾਰ ਦੇਣਗੀਆਂ। ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ ਅਤੇ ਖੇਤੀ ਵਿਚ ਵਿਭਿੰਨਤਾ ਆਵੇਗੀ। ਨਵੀਆਂ ਸਨਅਤੀ ਇਕਾਈਆਂ ਸਥਾਪਤ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਕੇਵਲ ਉਨ੍ਹਾਂ ਇਕਾਈਆਂ ਨੂੰ ਹੀ ਮਨਜ਼ੂਰੀ ਮਿਲੇ ਜੋ ਵਾਤਾਵਰਨ ਤੇ ਪਾਣੀ ਨੂੰ ਪ੍ਰਦੂਸ਼ਿਤ ਨਾ ਕਰਦੀਆਂ ਹੋਣ। ਨਵੇਂ ਕਾਰਖਾਨੇ ਵੱਡੇ ਸ਼ਹਿਰਾਂ ਲਾਗੇ ਲਗਾਉਣ ਦੀ ਥਾਂ ਸੂਬੇ ਦੇ ਦੂਰ-ਦਰਾਡੇ ਦੇ ਇਲਾਕਿਆਂ ’ਚ ਲਗਾਏ ਜਾਣ ਜਿਵੇਂ ਮਾਨਸਾ, ਫ਼ਰੀਦਕੋਟ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਆਦਿ ਜ਼ਿਲ੍ਹਿਆਂ ’ਚ ਤਾਂ ਜੋ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਉਪਜਾਊ ਧਰਤੀ ਨੂੰ ਸਾਂਭਿਆ ਜਾ ਸਕੇ। ਲੁਧਿਆਣੇ ’ਚ ਸਭ ਤੋਂ ਵੱਧ ਕਾਰਖਾਨੇ ਹਨ ਪਰ ਇਨ੍ਹਾਂ ਨੇ ਸੌ ਤੋਂ ਵੱਧ ਪਿੰਡ ਖਾ ਲਏ ਹਨ। ਕਿਸਾਨ ਆਪਣੀ ਜ਼ਮੀਨ ਵੇਚ ਕੇ ਹੋਰ ਥਾਈਂ ਚਲੇ ਗਏ ਹਨ। ਇਨ੍ਹਾਂ ਪਿੰਡਾਂ ’ਚ ਦੂਜੇ ਸੂਬਿਆਂ ਤੋਂ ਆਏ ਕਾਮੇ ਰਹਿੰਦੇ ਹਨ ਤੇ ਉਹ ਹੀ ਫੈਕਟਰੀਆਂ ’ਚ ਕੰਮ ਕਰਦੇ ਹਨ। ਸੂਬੇ ਦੇ ਸਨਅਤੀ ਸਿਖਲਾਈ ਕੇਂਦਰਾਂ ਨੂੰ ਸਮੇਂ ਦੇ ਹਾਣੀ ਬਣਾਇਆ ਜਾਵੇ ਤਾਂ ਜੋ ਪੰਜਾਬੀ ਬੱਚਿਆਂ ਨੂੰ ਹੁਨਰਮੰਦ ਬਣਾਇਆ ਜਾ ਸਕੇ।

ਹੁਣ ਸੂਬੇ ਵਿਚ ਹੁਨਰੀ ਕਾਮੇ ਵੀ ਦੂਜਿਆਂ ਸੂਬਿਆਂ ਤੋਂ ਹੀ ਆਏ ਹਨ। ਇਕ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਕੋਈ 25 ਲੱਖ ਕਾਮੇ ਦੂਜੇ ਸੂਬਿਆਂ ਤੋਂ ਆ ਕੇ ਕੰਮ ਕਰਦੇ ਹਨ ਜਦਕਿ ਪੰਜਾਬੀ ਬੇਰੁਜ਼ਗਾਰੀ ਦਾ ਰੋਣਾ ਰੋਂਦੇ ਹਨ। ਜੇ ਸੋਚੀ-ਸਮਝੀ ਵਿਉਂਤਬੰਦੀ ਨਾਲ ਸਨਅਤੀ ਵਿਕਾਸ ਕੀਤਾ ਜਾਵੇ ਤਾਂ ਪੰਜਾਬ ਵਿੱਚੋਂ ਬੇਰੁਜ਼ਗਾਰੀ ਖ਼ਤਮ ਹੋ ਸਕਦੀ ਹੈ। ਕਦੇ ਬਾਦਲ ਸਰਕਾਰ ਨੇ ਫੋਕਲ ਪੁਆਇੰਟ ਸਥਾਪਤ ਕੀਤੇ ਸਨ ਪਰ ਮੁੜ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਇਨ੍ਹਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ ਤਾਂ ਜੋ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਸਨਅਤੀ ਵਿਕਾਸ ਲਈ ਲੋੜੀਂਦਾ ਮਾਹੌਲ ਵੀ ਸਿਰਜਣ ਦੀ ਲੋੜ ਹੈ। ਹੁਣ ਸਰਕਾਰੀ ਦਫ਼ਤਰਾਂ ਵਿਚ ਬਹੁਤ ਖ਼ੱਜਲ-ਖੁਆਰੀ ਹੁੰਦੀ ਹੈ। ਪਤਾ ਲੱਗਿਆ ਹੈ ਕਿ ਫੈਕਟਰੀਆਂ ਦੀ ਦੇਖ-ਰੇਖ ਲਈ 14 ਤੋਂ ਵੱਧ ਮਹਿਕਮੇ ਹਨ। ਹਰੇਕ ਇੰਸਪੈਕਟਰ ਨੇ ਮਹੀਨਾ ਬੰਨ੍ਹਿਆ ਹੋਇਆ ਹੈ। ਫੈਕਟਰੀ ਦਾ ਚਲਾਨ ਗ਼ਲਤ ਕੰਮ ਕਰਨ ਕਰ ਕੇ ਨਹੀਂ ਸਗੋਂ ਮਹੀਨਾ ਨਾ ਦੇਣ ਦੀ ਸੂਰਤ ਵਿਚ ਹੁੰਦਾ ਹੈ। ਨਵੀਂ ਸਰਕਾਰ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦਾ ਯਤਨ ਕਰ ਰਹੀ ਹੈ। ਪੰਜਾਬ ਵਿਚ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਸਨਅਤੀ ਵਿਕਾਸ ਹੋ ਸਕੇ ਤਾਂ ਜੋ ਬੇਰੁਜ਼ਗਾਰੀ ਖ਼ਤਮ ਹੋ ਸਕੇ। ਪ੍ਰਚਾਰ ਉੱਤੇ ਲੋੜ ਤੋਂ ਵੱਧ ਪੈਸਾ ਖ਼ਰਚ ਕਰਨ ਦੀ ਲੋੜ ਨਹੀਂ ਪਵੇਗੀ। ਸਗੋਂ ਸਰਕਾਰ ਦਾ ਕੀਤਾ ਕੰਮ ਆਪਣੇ-ਆਪ ਬੋਲੇਗਾ।

# ਨਵੀਂ ਖੇਤੀ ਨੀਤੀ : ਜ਼ਮੀਨੀ ਹਕੀਕਤ ਨੂੰ ਵਾਚਣ ਦੀ ਲੋੜ

ਡਾ. ਸੁਖਦੇਵ ਸਿੰਘ

ਸਮੇਂ ਤੇ ਲੋੜ ਅਨੁਸਾਰ ਇਨਸਾਨੀ ਜ਼ਿੰਦਗੀ ਵਿੱਚ ਨਿੱਜੀ, ਪਰਿਵਾਰਕ, ਸਮੁਦਾਇਕ, ਸਮਾਜ ਤੇ ਦੇਸ਼ ਪੱਧਰੀ ਤੱਰਕੀ ਜੀਵਨ ਦਾ ਮੂਲ ਅਧਾਰ ਹੈ। ਇਹ ਤੱਰਕੀ ਉਪਲਭਦ ਸਥਾਨਕ ਕੁਦਰਤੀ ਸਾਧਨਾਂ, ਆਰਥਿਕ ਸੋਮਿਆਂ, ਮੱਨੁਖੀ ਸ਼ਕਤੀ ਦੀ ਸੁਯੋਗ ਵਰਤੋਂ ਤੇ ਵਿਉਂਤਬੰਦੀ ’ਤੇ ਨਿਰਭਰ ਕਰਦੀ ਹੈ। ਪੰਜਾਬ ਜੋ ਹੁਣ ਤੱਕ ਖੇਤੀ ਪ੍ਰਧਾਨ ਸੂਬਾ ਰਿਹਾ ਤੇ ਬਹੁਤ ਹੱਦ ਤੱਕ ਅੱਜ ਵੀ ਹੈ, ਦੇ ਮੁੱਖ ਕਿੱਤੇ ‘ਖੇਤੀਬਾੜੀ’ ਬਾਰੇ ਨਵੀਂ ਖੇਤੀ ਨੀਤੀ ਬਣਨ ਜਾ ਰਹੀ ਹੈ। ਇਸ ਤੋਂ ਪਹਿਲਾਂ ਵੀ ਖੇਤੀਬਾੜੀ ਬਾਰੇ ਨੀਤੀਆਂ ਬਣੀਆਂ ਪਰ ਉਨ੍ਹਾਂ ’ਤੇ ਅਮਲ ਸੀਮਿਤ ਰਿਹਾ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਖੇਤੀ ਮਾਹਿਰਾਂ ਵਲੋਂ ਸੁਝਾਈਆਂ ਸਿਫਾਰਿਸ਼ਾਂ ’ਤੇ ਅਮਲ ਘੱਟ ਕਿਉਂ ਹੋਇਆ। ਖੇਤੀ ਮਾਹਿਰਾਂ, ਕਿਸਾਨਾਂ, ਰਾਜਨੀਤੀਵਾਨਾਂ ਜਾਂ ਲਾਗੂ ਕਰਨ ਵਾਲੀ ਅਫਸਰਸ਼ਾਹੀ ਦੇ ਪੱਧਰ ’ਤੇ ਖਾਮੀਆਂ ਰਹੀਆਂ ਜਾਂ ਖੇਤੀ ਦੀਆਂ ਸੁਧ-ਾਰਵਾਦੀ ਤੇ ਕੁਦਰਤ-ਪੱਖੀ ਕੋਸ਼ਿਸ਼ਾਂ ਦੀ ਘਾਟ ਰਹੀ। ਅਜੋਕੇ ਦੌਰ ਵਿੱਚ ਪੂੰਜੀਵਾਦ ਦੇ ਹੜ੍ਹ ਨੇ ਅਜਿਹੇ ਹਾਲਾਤ ਪੈਦਾ ਕਰ ਦਿਤੇ ਹਨ ਜਿਸ ਤਹਿਤ ਆਮ ਲੋਕ, ਗਰੀਬ, ਛੋਟੇ ਕਿਸਾਨ ਆਦਿ ਤਾਂ ਆਰਥਿਕ ਸਮਾਜਿਕ ਪੱਖ ਤੋਂ ਨਿਘਾਰ ਵੱਲ ਜਾ ਹੀ ਰਹੇ ਨੇ ਪਰ ਨਾਲ ਹੀ ਕੁਦਰਤੀ ਸਾਧਨਾਂ ਦਾ ਨਾ-ਭਰਨਯੋਗ ਨੁਕਸਾਨ ਏਨਾ ਹੋ ਗਿਆ ਹੈ ਜਿਸ ਬਿਨਾਂ ਜੀਵਨ ਜੀਣਾ ਹੀ ਔਖਾ ਹੋ ਜਾਣਾ ਹੈ। ਅਜੋਕੇ ਇਨਸਾਨੀ ਵਰਤਾਰੇ ਨੂੰ ਵੇਖ ਕਿ ਇੱਕ ਵਾਰ ਤਾਂ ਰੱਬ ਵੀ ਸ਼ਾਇਦ ਕਹਿ ਦੇਵੇ “ਹੇ ਬੰਦਿਆ ਤੈਥੋਂ ਬਲਿਹਾਰ ਜਾਵਾਂ”।

ਦੁਨੀਆਂ ਦੇ ਕਰੀਬ ਵੀਹ ਹਜ਼ਾਰ ਧੰਦਿਆਂ ਦੇ ਵਿਸ਼ਾਲ ਤਾਣੇ ਬਾਣੇ ਵਿੱਚੋਂ ਖੇਤੀਬਾੜੀ ਮਨੁੱਖਤਾ ਦਾ ਮੁੱਢ-ਕਦੀਮੀ ਧੰਦਾ ਹੈ ਜੋ ਇੱਕ ਸਦੀ ਪਹਿਲਾਂ ਤਕ ਸੰਸਾਰ ਦੇ ਵਧੇਰੇ ਮੁਲਕਾਂ ਵਿੱਚ ਮੁੱਖ ਧੰਦਾ ਸੀ ਅਤੇ ਵਧੇਰੇ ਦੇਸ਼ਾਂ ਵਿੱਚ ਹੁਣ ਵੀ ਹੈ। ਭਾਰਤ ਤਾਂ ਖੇਤੀ ਪ੍ਰਧਾਨ ਮੁਲਕ ਵੱਜੋਂ ਜਾਣਿਆ ਜਾਂਦਾ ਹੈ ਕਿਉਂਕਿ ਏਸ ਦੀ ਵਧੇਰੇ ਜਨਸੰਖਿਆ ਕੁੱਲ ਛੇ ਲੱਖ 40 ਹਜ਼ਾਰ ਪਿੰਡਾਂ ਵਿੱਚ ਰਹਿੰਦੀ ਹੈ। ਕਬਾਇਲੀ ਯੁੱਗਾਂ ਤੋਂ ਲੈ ਕੇ ਅੱਜ ਦੇ ਤਕਨੀਕੀ ਯੁੱਗ ਤੱਕ ਖੇਤੀਬਾੜੀ ਨੇ



ਵਿਕਾਸ ਦੇ ਕਈ ਪੜਾਅ ਦੇਖੇ ਹਨ ਤੇ ਨਵੀਆਂ ਤਕਨੀਕਾਂ ਦੀ ਉਪਜ ਨੇ ਏਸ ਧੰਦੇ ਵਿੱਚ ਅਨੇਕਾਂ ਤਬਦੀਲੀਆਂ ਉਪਜਾਈਆਂ ਹਨ ਤੇ ਉਪਜਾ ਰਹੀ ਹੈ। ਕੁਝ ਸਮਾਂ ਪਹਿਲਾਂ ਤੱਕ ਖੇਤੀਬਾੜੀ ਕੁਦਰਤੀ ਗੇੜ ਸੰਗ ਵਿਚਰਦੀ ਤੇ ਤਕਰੀਬਨ ਜੀਵਨ ਨਿਬਾਹਕ ਪੱਧਰ ਦੀ ਸੀ ਜੋ ਮੌਜੂਦਾ ਸਮੇਂ ਵਿੱਚ ਤਜਾਰਤੀ ਰੁਖ਼ ਧਾਰ ਚੁੱਕੀ ਹੈ। ਸਮਾਜ ਵਿੱਚ ਨਵੇਂ ਰੁਜ਼ਗਾਰ ਸਾਧਨਾਂ ਦੀ ਆਮਦ ਨੇ ਖੇਤੀ ਵਿੱਚੋਂ ਜਨਸੰਖਿਆ ਨੂੰ ਬਾਹਰ ਖਿਚਿਆ ਹੈ ਪਰ ਹਾਲੇ ਵੀ ਦੇਸ਼ ਦੀ ਜਨਸੰਖਿਆ ਦਾ ਬਹੁਤ ਵੱਡਾ ਹਿੱਸਾ ਖੇਤੀਬਾੜੀ ਤੇ ਸਬੰਧਤ ਧੰਦਿਆਂ ਨਾਲ ਸਿਧੇ ਜਾਂ ਅਸਿਧੇ ਰੂਪ ਵਿੱਚ ਜੁੜਿਆ ਹੋਇਆ ਹੈ ਅਤੇ ਦੇਸ਼ ਦੀ ਕੁੱਲ ਕਿਰਤ ਸ਼ਕਤੀ (ਲੇਬਰ ਫੋਰਸ) ਦਾ ਅੱਧ ਏਸੇ ਹੀ ਸੈਕਟਰ ਵਿੱਚ ਹੈ। ਨੈਸ਼ਨਲ ਸੈਂਪਲ ਸਰਵੇ ਆਫਿਸ ਦੇ 2021-22 ਦੇ ਅੰਕੜਿਆਂ ਮੁਤਾਬਿਕ ਭਾਰਤ ਦੀ 45.5 ਪ੍ਰਤੀਸ਼ਤ ਲੇਬਰ ਫੋਰਸ ਖੇਤੀ ਕੰਮਾਂ ਵਿੱਚ ਲਗੀ ਹੈ। ਪੰਜਾਬ ਭਾਰਤ ਦੇ ਅਕਾਰ ਪੱਖੋਂ ਛੋਟਾ ਪਰ ਖੇਤੀ ਪੱਖੋਂ ਵੱਡਾ ਸੂਬਾ ਜਾਣਿਆ ਜਾਂਦਾ ਹੈ ਕਿਉਂਕਿ ਆਜ਼ਾਦੀ ਤੋਂ ਬਾਅਦ ਪੰਜਾਬ ਹੀ ਅਜਿਹਾ ਸੂਬਾ ਸੀ ਜਿਸ ਦੇ ਕਿਸਾਨਾਂ ਨੇ ਦੇਸ਼ ਦੀ ਅਨਾਜ ਪੂਰਤੀ ਲਈ ‘ਹਰੇ ਇਨਕਲਾਬ’ ਤਹਿਤ ਲਿਆਂਦੀਆਂ ਨਵੀਆਂ ਤਕਨੀਕਾਂ, ਬੀਜਾਂ, ਫਸਲ ਕਿਸਮਾਂ, ਰਸਾਇਣਕ ਖਾਦਾਂ, ਮਸ਼ੀਨਰੀ ਤੇ ਟਿਊਬਵੈਲ ਰਾਹੀਂ ਪਾਣੀ ਦੀ ਵਰਤੋਂ ਨੂੰ ਏਸ ਹੱਦ ਤਕ ਅਪਣਾ ਲਿਆ ਕਿ ਦੇਸ਼ ਦੀ ਅਨਾਜ ਪੂਰਤੀ ਹੀ ਨਹੀਂ ਕੀਤੀ ਬਲਕਿ ਦੇਸ਼ ਅਨਾਜ ਨਿਰਯਾਤਕ ਦੇਸ਼ਾਂ ਦੀ ਕਤਾਰ ਵਿੱਚ ਆ ਗਿਆ। 1950-51 ਤਕ ਭਾਰਤ ਵਿਚਲੀ 5 ਕਰੋੜ ਟਨ ਦੇ ਕਰੀਬ ਅਨਾਜ ਦੀ ਉਪਜ ਅੱਜ 32.3 ਕਰੋੜ ਟਨ ਨੂੰ ਪਾਰ ਕਰ ਗਈ ਹੈ। ਅਮਰੀਕਾ ਦੀ ਓਹਾਈਓ ਸਟੇਟ ਯੂਨੀਵਰਸਿਟੀ ਦੇ ਮਾਹਰਾਂ ਦੀ ‘ਇੰਡੀਆਜ਼ ਫੂਡ ਕਰਾਈਸਸ ਐਂਡ ਸੈਟਪ ਟੂ ਮੀਟ ਇਟ’ ਨਾਮੀ ਰਿਪੋਰਟ ਦੀਆਂ ਸਿਫਾਰਿਸ਼ਾਂ ਅਪਣਾ ਕੇ ਪਹਿਲਾਂ ਤੀਬਰ ਖੇਤੀ ਜ਼ਿਲ੍ਹਾ ਪ੍ਰੋਗਰਾਮ ਤੇ ਫੇਰ ਤੀਬਰ ਖੇਤੀ ਏਰੀਆ ਪ੍ਰੋਗਰਾਮ ਦੇ ਲਾਗੂ ਹੋਣ ਸਦਕਾ ਖੇਤੀ ਦੀ ਕਾਇਆ ਕਲਪ ਹੋ ਗਈ। ਅਨਾਜ ਦੀ ਉਪਜ ਵਿੱਚ ਤਾਂ ਢੇਰ ਵਾਧਾ ਹੋਇਆ ਪਰ ਏਸ ਦੀ ਕੀਮਤ ਬਹੁਤ ਵੱਡੀ ਚੁਕਾਣੀ ਪਈ ਜੋ ਕੁਦਰਤੀ ਸਰੋਤਾਂ ਦਾ ਘਾਣ, ਰਵਾਇਤੀ ਫਸਲਾਂ ਦੀ ਅਲੋਪਤਾ, ਦਰਖਤਾਂ ਦੀ ਕਟਾਈ, ਜ਼ਮੀਨ ਦੀ ਕੁਦਰਤੀ ਬਣਤਰ ਨੂੰ ਛੱਡ ਸਮਤਲਤਾ ਦੀ ਆਮਦ ਤੇ ਧਰਤੀ ਮਾਤਾ ਦੀ ਸਿਹਤ, ਉਪਜਾਊ ਤੱਤਾਂ ਤੇ ਹਵਾ ਪਾਣੀ ਨੂੰ ਏਸ ਹੱਦ ਤਕ ਖਰਾਬ ਕਰ ਲਿਆ ਕਿ ਗੁਰੂ ਨਾਨਕ ਜੀ ਦੀ ਬਾਣੀ ਦਾ ਅਟਲ ਸੱਚ ‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ’ ਨੂੰ ਵੀ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਜੇ ਅਜੋਕਾ ਵਰਤਾਰਾ ਨਾ ਬਦਲਿਆ ਤਾਂ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਖੇਡ ਤਾਂ 10-15 ਸਾਲਾਂ ਵਿੱਚ ਹੀ ਖਤਮ ਹੋ ਜਾਵੇਗੀ।

ਖੇਤੀ ਦੇ ਵਿਕਾਸ ਤੇ ਏਸ ਨੂੰ ਲਾਹੇਵੰਦ ਬਣਾਉਣ ਹਿੱਤ ਵਿਚਾਰ ਵਟਾਂਦਰੇ ਵਿੱਚ ਸਭ ਤੋਂ ਅਹਿਮ ਹੈ, ਪਿਛਲੇ 50 ਸਾਲਾਂ ਵਿੱਚ ਇਕਲੇ ਪੰਜਾਬ ਵਿੱਚ ਹੀ ਨਹੀਂ ਬਲਕਿ ਪੂਰੇ ਸਮਾਜ ਵਿੱਚ ਵੱਖ ਵੱਖ ਕਾਰਨਾਂ ਕਰਕੇ ਆਈ ਤਬਦੀਲੀ ਤੇ ਪੂੰਜੀਵਾਦ ਦੇ ਪਸਾਰ ਕਰਕੇ ਕੁਦਰਤ ਪ੍ਰਤੀ ਸੋਚ ਤੇ ਮਨੁੱਖਤਾ ਦੇ ਆਪਸੀ ਰਿਸ਼ਤਿਆਂ ਦੇ ਬਦਲਾਅ ਨੂੰ ਸਮਝਣਾ। ਅੱਜ ਸੰਸਾਰ ਬਹੁਤ ਸੁੰਗੜ ਗਿਆ ਹੈ ਤੇ ਵਿਕਸਤ ਦੇਸ਼ਾਂ ਤੇ ਉਨ੍ਹਾਂ ਦੁਆਰਾ ਖੜ੍ਹੀਆਂ ਕੀਤੀਆਂ ਆਲਮੀ ਸੰਸਥਾਵਾਂ ਦੀਆਂ ਨੀਤੀਆਂ ਹਰੇਕ ਸਮਾਜ ਉਤੇ ਪ੍ਰਭਾਵ ਪਾਉਂਦੀਆਂ ਹਨ। ਏਸ ਤੋਂ ਛੁਟ ਲੋਕਾਂ ਵਿੱਚ ਆਈ ਜਾਗਰਤੀ, ਨਵੀਆਂ ਲੋੜਾਂ, ਇਛਾਵਾਂ, ਜੀਵਨ ਦੇ ਬਦਲ ਰਹੇ ਢੱਬ, ਖਪਤਵਾਦ, ਸ਼ਹਿਰੀਕਰਨ, ਪਰਵਾਸ ਦੇ ਰੁਝਾਨ ਤੇ ਕਾਰਨ, ਰਾਜ ਦੇ

(ਬਾਕੀ ਅਗਲੇ ਸਫੇ ‘ਤੇ)

# ਦੁਨੀਆਂ ਦੇ ਆਰਥਿਕ ਤਾਣੇ-ਬਾਣੇ ਨੂੰ ਪ੍ਰਭਾਵਿਤ ਕਰ ਰਿਹਾ ਹੈ ਵੱਡੀਆਂ ਬੈਂਕਾਂ ਦਾ ਸੰਕਟ



ਸੁਸ਼ਮਾ ਰਾਮਚੰਦਰਨ

ਸਿਲੀਕੌਨ ਵੈਲੀ ਨਾਲ ਨਾਕਾਮੀ ਦਾ ਸ਼ਬਦ ਜੋੜਨਾ ਬਹੁਤ ਔਖਾ ਲੱਗਦਾ ਹੈ। ਸਟਾਰਟਅੱਪ ਕੰਪਨੀਆਂ ਲਈ ਇਹ ਬਹੁਤ ਹੀ ਮੁਕੱਦਸ ਮੁਕਾਮ ਗਿਣੀ ਜਾਂਦੀ ਹੈ ਜਿਸ ਦੇ ਕਲਾਵੇ ਵਿਚ ਦੁਨੀਆਂ ਦੀਆਂ ਸਫ਼ਲਤਾ ਦੀਆਂ ਸਭ ਤੋਂ ਵੱਡੀਆਂ ਕਹਾਣੀਆਂ ਉਗਮਦੀਆਂ ਹਨ। ਇਹ ਜਗ੍ਹਾ ਐਪਲ, ਗੂਗਲ, ਇੰਟੈੱਲ, ਐਚਪੀ, ਫੇਸਬੁੱਕ, ਅਡੋਬ ਅਤੇ ਈਬੇਅ ਜਿਹੀਆਂ ਨਾਮੀ ਤੇ ਵੱਡੀਆਂ ਤਕਨੀਕੀ ਕੰਪਨੀਆਂ ਦਾ ਸਦਰਮੁਕਾਮ ਬਣੀ ਹੋਈ ਹੈ। ਇਸ ਲਈ ਜਦੋਂ ਇਸ ਜਗ੍ਹਾ ਨਾਲ ਕਿਸੇ ਮੋਹਰੀ ਬੈਂਕ ਦੇ ਡੁੱਬ ਜਾਣ ਅਤੇ ਫਿਰ ਉਸ ਦਾ ਕੰਟਰੋਲ ਯੂਐੱਸ ਫੈਡਰਲ ਡਿਪਾਜ਼ਿਟ ਇੰਸ਼ੋਰੈਂਸ ਕਾਰਪੋਰੇਸ਼ਨ (ਐਫਡੀਆਈਸੀ) ਦੇ ਹੱਥਾਂ ਵਿਚ ਲੈਣ ਦੀ ਖ਼ਬਰ ਸੁਣਨ ਨੂੰ ਮਿਲਦੀ ਹੈ ਤਾਂ ਲੋਕ ਦੰਗ ਰਹਿ ਜਾਂਦੇ ਹਨ। ਹਾਲ ਹੀ ਵਿਚ ਸਿਲੀਕੌਨ ਵੈਲੀ ਬੈਂਕ (ਐੱਸਵੀਬੀ) ਦਾ ਨਾਂ ਫੋਰਬਸ ਵੱਲੋਂ ਜਾਰੀ ਕੀਤੀ ਸਰਬੋਤਮ ਬੈਂਕਾਂ ਦੀ ਸੂਚੀ ਵਿਚ ਸ਼ੁਮਾਰ ਹੋਇਆ ਸੀ ਤੇ ਹੁਣ ਇਹ ਬੈਂਕ ਡੁੱਬ ਗਿਆ ਹੈ ਕਿਉਂਕਿ ਅਦਾਰੇ ਨੂੰ ਚਲਾਉਣ ਲਈ ਇਸ ਕੋਲ ਲੋੜੀਂਦੇ ਫੰਡ ਨਹੀਂ ਬਚੇ ਸਨ। ਇਸ ਸੰਕਟ ਦਾ ਅਨੁਮਾਨ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਇਹ ਅਮਰੀਕਾ ਦਾ 16ਵਾਂ ਸਭ ਤੋਂ ਵੱਡਾ ਬੈਂਕ ਹੈ ਜਿਸ ਕੋਲ ਅੰਦਾਜ਼ਨ 200 ਅਰਬ ਡਾਲਰ ਦੇ ਅਸਾਸੇ ਹਨ। ਬੈਂਕ ਦੇ ਡੁੱਬਣ ਨਾਲ ਪੈਣ ਵਾਲੇ ਅਸਰ ਅਮਰੀਕਾ ਤੱਕ ਹੀ ਮਹਿਦੂਦ ਨਹੀਂ ਰਹਿਣਗੇ ਸਗੋਂ ਇਸ ਦੀਆਂ ਛੱਲਾਂ ਭਾਰਤ ਤੱਕ ਪਹੁੰਚ ਰਹੀਆਂ ਹਨ। ਬੈਂਕ ਡੁੱਬਣ ਦੀ ਖ਼ਬਰ ਆਉਣ ਤੋਂ ਬਾਅਦ ਭਾਰਤੀ ਸਟਾਰਟਅੱਪਸ ਵਿਚ ਘਬਰਾਹਟ ਫੈਲ ਗਈ ਕਿਉਂਕਿ ਕਈ ਭਾਰਤੀ ਸਟਾਰਟਅੱਪਸ ਅਤੇ ਤਕਨੀਕੀ ਕੰਪਨੀਆਂ ਤੇ ਵੈਂਚਰ ਕੈਪੀਟਲ ਫੰਡ (ਜ਼ਿਆਦਾ ਜੋਖ਼ਮ ਭਰੇ ਕਾਰੋਬਾਰਾਂ ਦੇ ਪ੍ਰੋਜੈਕਟ) ਕੰਪਨੀਆਂ ਦੀਆਂ ਜਮਾਂਪੂੰਜੀਆਂ ਇਸ ਬੈਂਕ ਕੋਲ ਰੱਖੀਆਂ ਹੋਈਆਂ ਸਨ। ਐੱਸਵੀਬੀ ਨਵੇਂ ਉੱਦਮਾਂ ਲਈ ਆਸਾਨ ਸ਼ਰਤਾਂ ’ਤੇ ਕਰਜ਼ਾ ਦਿੰਦਾ ਸੀ ਅਤੇ ਪਿਛਲੇ ਕੁਝ ਦਹਾਕਿਆਂ ਤੋਂ ਇਹ ਸਟਾਰਟਅੱਪ ਕੰਪਨੀਆਂ ਲਈ ਸਭ ਤੋਂ ਪਸੰਦੀਦਾ ਬੈਂਕ ਬਣਿਆ ਹੋਇਆ ਸੀ। ਇਕ ਅੰਦਾਜ਼ੇ ਮੁਤਾਬਿਕ ਅਮਰੀਕਾ ਵਿਚਲੀਆਂ 50 ਫ਼ੀਸਦੀ ਵੈਂਚਰ ਕੈਪੀਟਲ ਆਧਾਰਿਤ ਸਟਾਰਟਅੱਪਸ ਦੀਆਂ ਜਮ੍ਹਾਂਪੂੰਜੀਆਂ ਐੱਸਵੀਬੀ ਕੋਲ ਸਨ। ਜਿੱਥੋਂ ਤੱਕ ਭਾਰਤ ਦਾ ਸਵਾਲ ਹੈ ਤਾਂ ਐਕਸੀਲਰੇਟਰ ਵਾਈਕੰਬੀਨੇਟਰ ਦੀ ਸਹਾਇਤਾਯਾਫ਼ਤਾ ਪ੍ਰਾਪਤ ਘੱਟੋਘੱਟ 60 ਵੈਂਚਰਾਂ ਦੇ ਖਾਤੇ ਇਸੇ ਬੈਂਕ ਵਿਚ ਸਨ। ਇਸ ਘਟਨਾਕ੍ਰਮ ਦੇ ਨਿਕਲਣ ਵਾਲੇ ਸਿੱਟਿਆਂ ਬਾਰੇ ਅਜੇ ਖੁਲਾਸੇ ਹੋ ਰਹੇ ਹਨ ਪਰ ਇਹ ਤੱਥ ਆ ਚੁੱਕੇ ਹਨ ਕਿ ਬੈਂਕ ਬੰਦ ਕਰ ਦਿੱਤਾ ਗਿਆ ਹੈ ਅਤੇ ਇਸ ਦਾ ਕੰਟਰੋਲ ਐਫਡੀਆਈਸੀ ਨੇ ਆਪਣੇ ਹੱਥਾਂ ਵਿਚ ਲੈ ਲਿਆ ਹੈ। ਸ਼ੁਰੂਆਤੀ ਤੌਖ਼ਲੇ ਇਹ ਸਨ ਕਿ ਖਾਤਾਧਾਰਕਾਂ ਨੂੰ 250000 ਡਾਲਰ ਤੱਕ ਬੀਮੇ ਦੀ ਰਕਮ ਮੋੜੀ ਜਾਵੇਗੀ ਜਿਸ ਕਰਕੇ ਬਹੁਤ ਸਾਰੀਆਂ ਸਟਾਰਟਅੱਪਸ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿਉਂਕਿ ਉਨ੍ਹਾਂ ਨੇ ਵੱਡੀਆਂ ਵੱਡੀਆਂ ਰਕਮਾਂ ਬੈਂਕ ਕੋਲ ਰੱਖੀਆਂ ਹੋਈਆਂ ਸਨ। ਬਹੁਤ ਸਾਰੇ ਲੋਕਾਂ ਨੂੰ ਉਜਰਤਾਂ ਦੀਆਂ ਅਦਾਇਗੀਆਂ ਦੇ ਮੁੱਦੇ ਇਸੇ ਹਫ਼ਤੇ ਜਾਰੀ ਹੋਣ ਦੀ ਆਸ ਸੀ। ਬਹਰਹਾਲ, ਸਥਿਤੀ ਉਦੋਂ ਬਦਲ ਗਈ ਜਦੋਂ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਕਿ ਐੱਸਵੀਬੀ ਅਤੇ ਸਿਗਨੇਚਰ ਬੈਂਕ ਦੇ ਗਾਹਕਾਂ ਨੂੰ ਉਨ੍ਹਾਂ ਦੇ ਸਾਰੇ ਫੰਡਾਂ ਤੱਕ ਰਸਾਈ ਹਾਸਲ ਹੈ। ਸਾਫ਼ ਜ਼ਾਹਰ ਹੈ ਕਿ ਇਹ ਮੌਜੂਦਾ ਪ੍ਰਸ਼ਾਸਨ ਲਈ ਇਕ ਸਿਆਸੀ ਫ਼ੈਸਲਾ ਰਿਹਾ ਹੋਵੇਗਾ ਤੇ ਉਹ ਇਹ ਚਾਹੁੰਦਾ ਹੋਵੇਗਾ ਕਿ ਅਮਰੀਕੀ ਬੈਂਕਿੰਗ ਪ੍ਰਣਾਲੀ ਦੀ ਭਰੋਸੇਯੋਗਤਾ ਮੁਤੱਲਕ ਉੱਠ ਰਹੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਜਾਣ।

ਇਹ ਖ਼ਬਰ ਆਉਣ ਤੋਂ ਪਹਿਲਾਂ ਹੀ ਜ਼ਿਆਦਾਤਰ ਵਿਸ਼ਲੇਸ਼ਕਾਂ ਨੇ ਸਿਲੀਕੌਨ ਬੈਂਕ ਦੇ ਡੁੱਬਣ ਨਾਲ ਹੋਰਨਾਂ ਬੈਂਕਾਂ ’ਤੇ ਪੈਣ ਵਾਲੇ ਅਸਰਾਂ ਦੀ ਸੰਭਾਵਨਾ ਨੂੰ ਮੁੱਢੋਂ ਰੱਦ ਕਰ ਦਿੱਤਾ ਸੀ। ਇਹ ਕਿਹਾ ਜਾ ਰਿਹਾ ਹੈ ਕਿ ਇਸ ਦਾ 2008 ਦੇ ਵਿੱਤੀ ਸੰਕਟ ਵਰਗਾ ਅਸਰ ਨਹੀਂ ਪਵੇਗਾ। ਵੱਡਾ ਫ਼ਿਕਰ ਇਹ ਹੈ ਕਿ ਮੁੜ ਵਿੱਤੀ ਸੰਕਟ ਪੈਦਾ ਨਾ ਹੋ ਜਾਵੇ ਜਿਸ ਕਰਕੇ ਪੱਛਮੀ ਦੇਸ਼ਾਂ ਦੇ ਕਈ ਵੱਡੇ ਬੈਂਕ ਢਹਿ ਢੇਰੀ ਹੋ ਗਏ ਹਨ। ਤੱਥ ਇਹ ਹੈ ਕਿ ਇਸ ਨੁਕਤੇ ’ਤੇ ਕੋਈ ਜ਼ਾਮਨੀ ਨਹੀਂ ਦਿੱਤੀ ਜਾ ਸਕਦੀ, ਖ਼ਾਸਕਰ ਇਸ ਤੱਥ ਦੇ ਮੱਦੇਨਜ਼ਰ ਕਿ ਹਾਲੀਆ ਦਿਨਾਂ ਵਿਚ ਐੱਸਵੀਬੀ ਇਕਲੌਤਾ ਬੈਂਕ ਨਹੀਂ ਹੈ ਜੋ ਡੁੱਬਿਆ ਹੈ। ਪਿਛਲੇ ਹਫ਼ਤੇ ਦੋ ਹੋਰ ਅਮਰੀਕੀ ਬੈਂਕ ਬੰਦ ਹੋ ਗਏ ਹਨ। ਇਨ੍ਹਾਂ ’ਚੋਂ ਇਕ ਸਿਲਵਰਗੇਟ ਮੁਕਾਬਲਤਨ ਛੋਟਾ ਬੈਂਕ ਸੀ ਜੋ ਆਮ ਤੌਰ ’ਤੇ ਕ੍ਰਿਪਟੋ ਕਰੰਸੀ ਖੇਤਰ ਲਈ ਸੇਵਾਵਾਂ ਦਿੰਦਾ ਸੀ। ਕ੍ਰਿਪਟੋ ਕਰੰਸੀ ਦੀਆਂ ਕੀਮਤਾਂ ਵਿਚ ਭਾਰੀ ਗਿਰਾਵਟ ਹੋਣ ਅਤੇ ਐਫਟੀਐਕਸ ਦਾ ਦੀਵਾਲਾ ਨਿਕਲਣ ਤੋਂ ਬਾਅਦ ਇਸ ਬੈਂਕ ਦੀ ਹਾਲਤ ਵੀ ਡਾਵਾਂਡੋਲ ਸੀ। ਦੂਜੇ ਬੈਂਕ ਦਾ ਨਾਂ ਸਿਲਵਰ-ਗੇਟ ਹੈ ਜੋ ਪਿਛਲੇ ਹਫ਼ਤੇ ਦੇ ਅਖੀਰ ਵਿਚ ਬੰਦ ਹੋ ਗਿਆ। ਇਹ ਕਾਫ਼ੀ ਗੰਭੀਰ ਮਾਮਲਾ ਹੈ ਕਿਉਂਕਿ ਇਸ ਦੇ ਅਸਾਸਿਆਂ ਦੀ ਕੀਮਤ 100 ਅਰਬ ਡਾਲਰ ਦੇ ਕਰੀਬ ਦੱਸੀ ਜਾਂਦੀ ਹੈ। ਇਹ ਘਟਨਾਵਾਂ ਦੱਸ ਰਹੀਆਂ ਹਨ ਕਿ ਅਮਰੀਕੀ ਬੈਂਕਿੰਗ ਪ੍ਰਣਾਲੀ ਵਿਚ ਸਭ ਅੱਛਾ ਨਹੀਂ ਚੱਲ ਰਿਹਾ।

ਕਈ ਹੋਰ ਪੱਛਮੀ ਦੇਸ਼ਾਂ ਨੇ ਵੀ ਪੇਸ਼ਬੰਦੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਬਰਤਾਨੀਆ ਵਿਚ ਐਚਐੱਸਬੀਸੀ ਨੇ ਐੱਸਵੀਬੀ ਦੀ ਬਰਤਾਨਵੀ ਸ਼ਾਖਾ ਆਪਣੇ ਕੰਟਰੋਲ ਵਿਚ ਲੈ ਲਈ ਹੈ। ਉਂਝ, ਇਨ੍ਹਾਂ ਦੇਸ਼ਾਂ ਅੰਦਰ ਨਿਗਰਾਨ ਅਦਾਰਿਆਂ ਨੂੰ ਸਖ਼ਤੀ ਵਰਤਣ ਦੀ ਲੋੜ ਹੈ। ਮਿਸਾਲ ਦੇ ਤੌਰ ’ਤੇ ਅਮਰੀਕਾ ਵਿਚ 2008 ਦੇ ਵਿੱਤੀ ਸੰਕਟ ਤੋਂ ਬਾਅਦ ਸਖ਼ਤ ਨਿਗਰਾਨੀ ਰੱਖੇ ਜਾਣ ਦੇ ਬਾਵਜੂਦ ਬੈਂਕਾਂ ਦੀ ਹਾਲਤ ਵਿਚ ਬਹੁਤਾ ਸੁਧਾਰ ਨਹੀਂ ਆ ਸਕਿਆ ਅਤੇ ਐੱਸਵੀਬੀ ਕਾਂਡ ਇਸ ਦਾ ਸਭ ਤੋਂ ਵੱਡਾ ਪ੍ਰਮਾਣ ਮੰਨਿਆ ਜਾ ਰਿਹਾ ਹੈ।

ਇਸ ਬੈਂਕ ਦੇ ਡੁੱਬਣ ਦੇ ਕਾਰਨ ਕੁਝ ਨੁਕਤਿਆਂ ਦੁਆਲੇ ਘੁੰਮਦੇ ਹਨ। ਪਹਿਲਾ, ਅਮਰੀਕੀ ਵਿਆਜ ਦਰਾਂ ਵਿਚ ਤਿੱਖਾ ਵਾਧਾ ਜਿਨ੍ਹਾਂ ਕਰਕੇ ਬੈਂਕਾਂ ਦੇ ਦੀਰਘਕਾਲੀ ਬੌਂਡਾਂ ਦੇ ਵੱਡੇ ਪੋਰਟਫੋਲੀਓ ਦੀ ਕੀਮਤ ਘਟ ਗਈ। ਇਹ ਸਭ ਕੁਝ ਉਸ ਸਮੇਂ ਹੋ ਰਿਹਾ ਹੈ ਜਦੋਂ ਤਕਨੀਕੀ ਸਟਾਰਟਅੱਪ ਕੰਪਨੀਆਂ ਲਈ ਫੰਡਾਂ ਦੀ ਘਾਟ ਆ ਰਹੀ ਸੀ ਅਤੇ ਵੈਂਚਰਜ਼ ਨੂੰ ਬੈਂਕਾਂ ਵਿਚ ਪਏ ਫੰਡਾਂ ਦੀ ਜ਼ਿਆਦਾ ਲੋੜ ਭਾਸ ਰਹੀ ਸੀ। ਫੰਡਾਂ ਦੀ ਆਮਦ ਵਿਚ ਆ ਰਹੀ ਗਿਰਾਵਟ ਐੱਸਵੀਬੀ ਦੇ ਕਿਆਸ ਨਾਲੋਂ ਕਿਤੇ ਜ਼ਿਆਦਾ ਵਧ ਗਈ। ਇਕ ਹੋਰ ਸਮੱਸਿਆ ਇਹ ਸੀ ਕਿ ਬੈਂਕਾਂ ਦੇ ਗਾਹਕਾਂ ਵਜੋਂ ਵੱਖੋ ਵੱਖਰੇ ਪੋਰਟਫੋਲੀਓ ਦੀ ਬਜਾਏ ਵੈਂਚਰ ਸਰਮਾਇਆਦਾਰਾਂ ਦੀ ਗਿਣਤੀ ਵਿਚ ਇਜ਼ਾਫ਼ਾ ਹੋ ਗਿਆ। ਆਖ਼ਰੀ ਗੱਲ ਇਹ ਹੈ ਕਿ ਕੁਝ ਰਿਪੋਰਟਾਂ ਤੋਂ ਸੰਕੇਤ ਮਿਲੇ ਹਨ ਕਿ ਬੈਂਕ ਦੇ ਫੰਡਾਂ ਦਾ ਜ਼ਿਆਦਾਤਰ ਹਿੱਸਾ ਵੈਂਚਰ ਕੈਪੀਟਲ ਫਰਮਾਂ ਦੇ ਕਰੀਬ 50 ਸੀਈਓਜ਼ ਦੇ ਖਾਤਿਆਂ ਨਾਲ ਜੁੜਿਆ ਹੋਇਆ ਸੀ। ਇਨ੍ਹਾਂ ’ਚੋਂ ਕਈ ਸੀਈਓਜ਼ ਉਦੋਂ ਘਬਰਾ ਗਏ ਜਦੋਂ ਪਿਛਲੇ ਹਫ਼ਤੇ ਐੱਸਵੀਬੀ ਨੇ 2.25 ਅਰਬ ਡਾਲਰ ਦੇ ਫੰਡ ਜੁਟਾਉਣ ਲਈ 21 ਅਰਬ ਡਾਲਰ ਦੀਆਂ ਸਕਿਉਰਿਟੀਆਂ ਵੇਚਣ ਦਾ ਫ਼ੈਸਲਾ ਕਰ ਲਿਆ। ਕਈ ਸੀਈਓਜ਼ ਨੇ ਆਪਣੇ ਸਟਾਰਟਅੱਪਸ ਨੂੰ ਯਕਦਮ ਪੈਸੇ ਕਢਵਾਉਣ ਲਈ ਆਖ ਦਿੱਤਾ ਜਿਸ ਕਰਕੇ ਬੈਂਕ ਕਸੂਤੀ ਸਥਿਤੀ ਵਿਚ ਫਸ ਗਿਆ ਤੇ ਅੰਤ ਨੂੰ ਡੁੱਬ ਗਿਆ।

ਭਾਰਤ ਦੇ ਤਕਨੀਕੀ ਸਟਾਰਟਅੱਪਸ ਨੂੰ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣਾ ਪੈਸਾ ਸ਼ਾਇਦ ਵਾਪਸ ਮਿਲ ਜਾਵੇ ਪਰ ਵੱਖ ਵੱਖ ਬੈਂਕਾਂ ਵਿਚ ਪੈਸਾ ਰੱਖਣਾ ਸਮਝਦਾਰੀ ਵਾਲੀ ਗੱਲ ਜਾਪਦੀ ਹੈ। ਦੂਜਾ, ਵਿੱਤੀ ਖੇਤਰ ਵਿਚ ਵਾਰ ਵਾਰ ਇਸ ਕਿਸਮ ਦੀਆਂ ਘਟਨਾਵਾਂ ਵਾਪਰਨ ਨਾਲ ਅਮਰੀਕਾ ਵਰਗੇ ਮੁਲਕਾਂ ਵਿਚ ਆਵਾਸ ਤਬਦੀਲ ਕਰਨਾ ਲੰਮੇ ਦਾਅ ਤੋਂ ਫ਼ਾਇਦੇਮੰਦ ਨਹੀਂ ਰਹੇਗਾ। ਭਾਰਤੀ ਬੈਂਕਿੰਗ ਨਿਗਰਾਨ ਅਦਾਰਾ ਵਧੇਰੇ ਸਖ਼ਤ ਹੋ ਸਕਦਾ ਹੈ ਪਰ ਜ਼ਿਆਦਾ ਧਰਵਾਸ ਵਾਲੀ ਗੱਲ ਤਾਂ ਇਹ ਹੈ ਕਿ ਕੀ ਫੰਡ ਸੁਰੱਖਿਅਤ ਹਨ।

ਪੱਛਮੀ ਦੇਸ਼ਾਂ ਦੇ ਮੁਕਾਬਲੇ ਭਾਰਤੀ ਬੈਂਕਿੰਗ ਪ੍ਰਣਾਲੀ ਕੋਲ ਔਖੇ ਹਾਲਾਤ ’ਚੋਂ ਉਭਰਨ ਦੀ ਸਮੱਰਥਾ ਜ਼ਿਆਦਾ ਜਾਪਦੀ ਹੈ। ਇੱਥੇ ਇਹੋ ਜਿਹੇ ਹਾਲਾਤ ਬਣਨ ਦੀ ਸੰਭਾਵਨਾ ਇਸ ਲਈ ਨਹੀਂ ਹੈ ਕਿਉਂਕਿ ਨਿਗਰਾਨ ਕਿਸੇ ਵੀ ਬੈਂਕ ਨੂੰ ਆਪਣੇ ਫੰਡਾਂ ਦਾ ਵੱਡਾ ਹਿੱਸਾ ਸਿਰਫ਼ ਬੌਂਡਾਂ ਵਿਚ ਰੱਖਣ ਦੀ ਆਗਿਆ ਨਹੀਂ ਦੇਣਗੇ। ਮੈਕੁਆਇਰ ਜਿਹੀਆਂ ਆਲਮੀ ਵਿੱਤੀ ਸੇਵਾਵਾਂ ਦੇਣ ਵਾਲੀਆਂ ਏਜੰਸੀਆਂ ਪਹਿਲਾਂ ਹੀ ਆਖ ਚੁੱਕੀਆਂ ਹਨ ਕਿ ਇੱਥੋਂ ਦੇ ਬੈਂਕਿੰਗ ਖੇਤਰ ਦੇ ਲਪੇਟ ਵਿਚ ਆਉਣ ਦਾ ਖ਼ਤਰਾ ਬਹੁਤ ਘੱਟ ਹੈ ਕਿਉਂਕਿ ਘਰੇਲੂ ਜਮਾਂਪੂੰਜੀਆਂ ਅਤੇ ਸਰਕਾਰੀ ਸਕਿਉਰਿਟੀਆਂ ਵਿਚ ਨਿਵੇਸ਼ ’ਤੇ ਨਿਰਭਰਤਾ ਬਹੁਤ ਜ਼ਿਆਦਾ ਹੈ। ਸਾਫ਼ ਹੈ ਕਿ ਭਾਰਤ ਜਿਹੇ ਉਭਰਦੇ ਅਰਥਚਾਰਿਆਂ ਵਿਚ ਨਿਗਰਾਨੀ ਦੇ ਮੁੱਦਿਆਂ ਨੂੰ ਲੈ ਕੇ ਪੱਛਮੀ ਦੇਸ਼ਾਂ ਦੇ ਸਮੀਖਿਅਕਾਂ ਵੱਲੋਂ ਹਾਲੀਆ ਸਮਿਆਂ ਵਿਚ ਜਤਾਏ ਜਾਂਦੇ ਤੌਖ਼ਲੇ ਨਿਰਮੂਲ ਹਨ। ਦਰਅਸਲ, ਹੁਣ ਸਮਾਂ ਆ ਗਿਆ ਹੈ ਕਿ ਵਿਕਸਤ ਅਰਥਚਾਰੇ ਆਪੋ ਆਪਣੇ ਨਿਗਰਾਨੀ ਦੇ ਮੁੱਦਿਆਂ ਦੀ ਪੜਚੋਲ ਕਰਨ ਅਤੇ ਬੈਂਕਾਂ ਨੂੰ ਡੁੱਬਣ ਤੋਂ ਬਚਾਉਣ ਲਈ ਦਰੁਸਤੀ ਕਦਮ ਉਠਾਉਣ ਕਿਉਂਕਿ ਬੈਂਕਾਂ ਡੁੱਬਣ ਨਾਲ ਵਿਅਕਤੀਆਂ ਤੇ ਕਾਰਪੋਰੇਟ ਦੋਵਾਂ ਨੂੰ ਸੱਟ ਵੱਜਦੀ ਹੈ। ਚਲੰਤ ਸੰਕਟ ਬਾਬਤ ਕੀਤੀ ਝਟਪਟ ਕਾਰਵਾਈ ਸਲਾਹੁਣਯੋਗ ਹੈ ਪਰ ਇਨ੍ਹਾਂ ਨੂੰ ਬਚਾਉਣ ਲਈ ਕੀਤੀ ਜਾ ਰਹੀ ਚਾਰਾਜੋਈ ਮਸਲੇ ਦਾ ਦੀਰਘਕਾਲੀ ਹੱਲ ਨਹੀਂ ਹੈ। ਭਵਿੱਖ ਵਿਚ ਅਜਿਹੇ ਸੰਕਟਾਂ ਦੀ ਰੋਕਥਾਮ ਦਾ ਹੱਲ ਲੱਭਣਾ ਜ਼ਰੂਰੀ ਹੈ, ਨਹੀਂ ਤਾਂ ਦੁਨੀਆ ਭਰ ਦੀਆਂ ਵਿੱਤੀ ਪ੍ਰਣਾਲੀਆਂ ਇਸ ਦੀ ਲਪੇਟ ਵਿਚ ਆ ਸਕਦੀਆਂ ਹਨ।

Zee foods llc

ਜ਼ੀ ਫੂਡ ਐਲ. ਐਲ. ਸੀ. ਵੱਲੋਂ
ਹਰ ਕਿਸਮ ਦੇ ਸਵਾਦ ਅਤੇ ਫਲੇਵਰ ਵਿਚ
ਕੁਲਫੀਆਂ ਅਤੇ ਆਈਸਕ੍ਰੀਮ



ਹਰ ਤਰ੍ਹਾਂ ਦੇ ਛੋਟੇ-ਵੱਡੇ ਪੈਕਟਾਂ ਵਿਚ ਮਿਲ ਸਕਦੀਆਂ ਹਨ
ਸੰਪਰਕ ਕਰੋ- ਅਕਰਮ ਖਾਨ (ਜਲੰਧਰ ਵਾਲੇ)
1 (510) 453-1757

# ਨਵੀਂ ਖੇਤੀ ਨੀਤੀ : ਜ਼ਮੀਨੀ ਹਕੀਕਤ ਨੂੰ ਵਾਚਣ ਦੀ ਲੋੜ

(ਸਫਾ 9 ਦੀ ਬਾਕੀ)

ਆਰਥਿਕ, ਰਾਜਨੀਤਕ ਹਾਲਾਤ, ਸਮਾਜਿਕ ਅਲਾਮਤਾਂ, ਰਿਸ਼ਵਤਖੋਰੀ ਆਦਿ ਖੇਤੀ ਸਮੇਤ ਹਰੇਕ ਸੈਕਟਰ ਵਿੱਚ ਪ੍ਰਭਾਵ ਛੱਡਦੇ ਹਨ। ਵਧ ਰਹੀ ਵਸੋਂ ਤੇ ਜ਼ਮੀਨ ਦੀ ਪੁਸ਼ਤੀ ਵੰਡ ਕਰਕੇ ਘਟ ਰਹੇ ਜੋਤਾਂ ਦੇ ਅਕਾਰ, ਮਹਿੰਗੇ ਖੇਤੀ ਸਾਜ਼ੋ-ਸਾਮਾਨ ਖਾਸ ਕਰਕੇ ਖਾਦਾਂ, ਬੀਜ, ਕੀਟ ਨਾਸ਼ਕ, ਮਸ਼ੀਨਰੀ, ਟਿਊਬਵੈਲ, ਵਾਤਾਵਰਨ ਦਾ ਅਣਸੁਖਾਵਾਂ ਮਿਜ਼ਾਜ, ਵਧ ਰਹੇ ਕਰਜ਼ੇ ਦੀ ਮਿਕਦਾਰ ਆਦਿ ਕਰਕੇ ਛੋਟੇ ਤੇ ਸੀਮਾਂਤ ਕਿਸਾਨਾਂ ਲਈ ਵਿਸ਼ੇਸ਼ ਤਵੱਜੋ ਦੇਣੀ ਚਾਹੀਦੀ ਹੈ। ਅੱਜ ਦੇ ਅੱਤ ਤਕਨੀਕੀ ਯੁੱਗ ਤੇ ਮੀਡੀਆ ਦੀ ਭਰਮਾਰ ਨੇ ਰਵਾਇਤੀ ਢਾਂਚਿਆਂ ਤੇ ਖੇਤੀ ਢੰਗਾਂ ਵਿੱਚ ਬਹੁਤ ਤਬਦੀਲੀ ਉਪਜਾਈ ਹੈ। ਕਿਸੇ ਵੇਲੇ ਖੇਤਾਂ ਵਿੱਚ ਕੁਦਰਤ ਸੰਗ ਮੌਲਦੀ ਤੇ ਧੜਕਦੀ ਜ਼ਿੰਦਗੀ ਅੱਜ ਖਾਲੀਪਨ ਦਾ ਅਹਿਸਾਸ ਦੇ ਰਹੀ ਹੈ ਕਿਉਂਕਿ ਮਸ਼ੀਨਰੀ ਦੀ ਆਮਦ ਕਾਰਨ ਖੇਤੀ ਦੀ ਬੀਜਾਈ ਕਟਾਈ ਜਲਦੀ ਜੋ ਜਾਣਾ ਤੇ ਖੇਤੀ ਵਲੋਂ ਪਾਸਾ ਵੱਟਣ ਕਰਕੇ ਖੇਤਾਂ ਵਿੱਚ ਰੌਣਕ ਬਹੁਤ ਘਟ ਗਈ ਹੈ। ਕਈ ਖੋਜਾਂ ਤੇ ਸਰਵੇਖਣਾ ਤੋਂ ਪਤਾ ਚਲਦਾ ਹੈ ਹੁਣ 95% ਤੋਂ ਵਧੇਰੇ ਕਿਸਾਨ ਤੇ ਮਜ਼ਦੂਰ ਆਪਣੇ ਬੱਚਿਆਂ ਨੂੰ ਖੇਤੀ ਨਾਲੋਂ ਹੋਰ ਧੰਦਿਆਂ ਵਿੱਚ ਲਾਉਣਾ ਜਾਂ ਬਾਹਰ ਭੇਜਣਾ ਚਾਹੁੰਦੇ ਹਨ। ਇਹ ਰੁਝਾਨ ਖੇਤੀ ਬਾਰੇ ਮੁੜ ਵਿਚਾਰ ਦੀ ਮੰਗ ਕਰਦਾ ਹੈ। ਅੱਜ ਆਲਮ ਇਹ ਹੈ ਥੋੜ੍ਹੀ ਜ਼ਮੀਨ, ਮਹਿੰਗਾ ਪੱਠਾ-ਦੱਥਾ, ਤੂੜੀ, ਖਲ ਆਦਿ ਕਰਕੇ ਪਿੰਡਾਂ ਵਿੱਚ ਲੋਕਾਂ ਨੇ ਪਸ਼ੂ ਰੱਖਣੇ ਵੀ ਛੱਡ ਦਿਤੇ ਹਨ ਤੇ ਦੁੱਧ ਡੇਅਰੀਆਂ ਜਾਂ ਪੈਕਟਾਂ ਰਾਹੀਂ ਵਿਕ ਰਿਹਾ ਹੈ। ਘਟ ਰਿਹਾ ਪਸ਼ੂਧਨ ਤੇ ਵੱਧ ਦੁੱਧ ਉਤਪਾਦਨ ਸਵਾਲ ਖੜ੍ਹੇ ਕਰਦਾ ਹੈ। ਜਿੰਨਾ ਪਨੀਰ ਪੰਜਾਬ ਵਿਕਦਾ ਹੈ ਉਂਨਾ ਅਸਲੀ ਦੁੱਧ ਤੋਂ ਸੰਭਵ ਹੀ ਨਹੀਂ। ਖੇਤੀ ਅਧਾਰਤ ਮਜ਼ਦੂਰਾਂ ਬਾਰੇ ਬਦਲਵੇਂ ਹਾਲਾਤ ਮੁਤਾਬਿਕ ਵਿਸ਼ੇਸ਼ ਵਿਚਾਰ ਦੀ ਲੋੜ ਹੈ।

1960 ਤੋਂ ਪਹਿਲਾਂ ਧਰਤੀ ਹੇਠਲਾ ਪਾਣੀ ਬਹੁਤ ਉਪਰ ਸੀ ਪਰ ਹੁਣ ਵਧੇਰੇ ਇਲਾਕਿਆਂ ਵਿੱਚ 300-400 ਫੁਟ ਡੂੰਘਾਈ ਤੋਂ ਲਿਆ ਜਾ ਰਿਹਾ ਹੈ। ਨਹਿਰੀ ਪਾਣੀ ਦੀ ਵਰਤੋਂ ਬਹੁਤ ਸੀਮਤ ਹੋ ਗਈ ਹੈ ਕਿਉਂਕਿ ਜਲ ਸ੍ਰੋਤਾਂ ਵਲੋਂ ਪਾਣੀ ਦੇ ਵਹਾਉ ਦਾ ਘਟਣਾ ਤੇ ਨਵੀਂਆਂ ਪੱਕੀਆਂ ਕੀਤੀਆਂ ਨਹਿਰਾਂ ਦੀ ਗਲਤ ਬਣਤਰ ਕਾਰਨ ਕਿਸਾਨਾਂ ਕੋਲ ਲੋੜੀਂਦਾ ਪਾਣੀ ਨਹੀਂ ਪਹੁੰਚਦਾ। ਪੰਜਾਬ ਵਿੱਚ ਖੇਤੀ ਦੇ ਝੋਨੇ-ਕਣਕ ਦੇ ਫਸਲੀ ਚੱਕਰ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਪ੍ਰਸ਼ਨ ਉਠਦਾ ਹੈ ਕਿ ਝੋਨਾ ਜੋ ਕਿ ਪਾਣੀ ਦੀ ਖਪਤ ਦੀ ਜੜ੍ਹ ਹੈ, ਤੋਂ ਨਿਜ਼ਾਤ ਕਿਵੇਂ ਪਾਈ ਜਾਵੇ। ਇਹ ਤਦ ਹੀ ਹੋ ਸਕਦਾ ਹੈ ਜੇ ਘੱਟ ਪਾਣੀ ਖਾਣ ਵਾਲੀਆਂ ਬਦਲਵੀਆਂ ਫਸਲਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਇਹ ਤਾਂ ਹੀ ਸੰਭਵ ਹੈ ਜੇ ਕਿਸਾਨਾਂ ਦਾ ਆਪਣਾ ਰੁਝਾਨ ਤੇ ਉਪਜ ਦੀ ਖਰੀਦ ਸਬੰਧੀ ਸਰਕਾਰ ਦੀ ਮਦਦ ਹੋਵੇ। ਕਿਸਾਨ ਤਾਂ ਕੀ ਕੋਈ ਵੀ ਇਨਸਾਨ ਉਦੋਂ ਤਕ ਕੋਈ ਕੰਮ ਨਹੀਂ ਕਰਦਾ ਜਦ ਤਕ ਉਸ ਨੂੰ ਦੋ ਪੈਸੇ ਦੀ ਬੱਚਤ ਨਹੀਂ ਹੁੰਦੀ। ਧਰਤੀ ਦੀ ਸਤਹੀ ਬਣਤਰ ਨੂੰ ਮੱਦੇਨਜ਼ਰ ਰੱਖ ਕੇ ਬਦਲਵੀਆਂ ਫਸਲਾਂ ਨੂੰ ਇਲਾਕਾਈ ਵੰਡ ਦਿੱਤੀ ਜਾ ਸਕਦੀ ਹੈ। ਬਦਲਵੀਆਂ ਫਸਲਾਂ ਵਿੱਚ ਦਾਲਾਂ, ਸਬਜ਼ੀਆਂ, ਫਲ, ਫੁੱਲ, ਮੱਕੀ, ਮਿਲਟਜ਼ ਆਦਿ ਹੋ ਸਕਦੇ ਹਨ ਜਿਨ੍ਹਾਂ ਦੀ ਮਾਰਕੀਟ ਵਿੱਚ ਵੀ ਮੰਗ ਦੀ ਘਾਟ ਨਹੀਂ। ਜੇ ਇਨ੍ਹਾਂ ਦੀ ਉਪਜ ਦੀ ਪ੍ਰਾਸੈਸਿੰਗ ਕਰ ਕੇ ਮਾਲ ਵੇਚਿਆ ਜਾਵੇ ਤਾਂ ਸੋਨੇ ’ਤੇ ਸੁਹਾਗੇ ਵਾਲੀ ਗੱਲ ਹੋ ਸਕਦੀ ਹੈ। ਹੋਰ ਫਸਲਾਂ ਦੇ ਉਤਪਾਦ ਲਈ ਵੀ ਛੋਟੇ ਪ੍ਰਾਸੈਸਿੰਗ ਯੂਨਿਟ ਕਿਸਾਨ ਖੁਦ ਸਵੈ ਸਹਾਇਤਾ ਸਮੂਹ ਬਣਾ ਸਰਕਾਰ ਦੀ ਮਦਦ ਤੇ ਖੇਤੀ ਨਾਲ ਸੰਬਧਤ ਵੱਖ ਵੱਖ ਅਦਾਰਿਆਂ ਤੋਂ ਤਕਨੀਕ ਹਾਸਲ ਕਰ ਕੇ ਚਲਾ ਸਕਦੇ ਹਨ। ਸਹਿਕਾਰੀ ਬੈਂਕ ਤੇ ਸਹਿਕਾਰੀ ਐਗਰੀਕਲਚਰ ਸੇਵਾ ਸੁਸਾਇਟੀਆਂ ਦੇ ਢਾਂਚੇ ਦੀ ਮਜ਼ਬੂਤੀ ਅਤੇ ਅਫਸਰਸ਼ਾਹੀ ਤੋਂ ਨਿਜ਼ਾਤ ਦੀ ਨਿਹਾਇਤ ਹੀ ਜ਼ਰੂਰਤ ਹੈ। ਬੇ-ਜ਼ਮੀਨੇ ਪਰ ਖੇਤੀ ਕਰਦੇ ਵਾਹੀਵਾਨਾਂ ਨੂੰ ਸਹਿਕਾਰੀ ਢਾਂਚੇ ਦਾ ਲਾਭ ਮਿਲਣਾ ਚਾਹੀਦਾ ਹੈ।

ਖੇਤੀ ਨਾਲ ਕਿਸਾਨਾਂ ਦੀ ਬਝੱਤ ਬਣਾਈ ਰੱਖਣ ਹਿੱਤ ਜ਼ਰੂਰੀ ਹੈ ਖੇਤੀ ਦੇ ਨਾਲ ਨਾਲ ਗੈਰ-ਖੇਤੀ ਸੈਕਟਰ ਵਿੱਚੋਂ ਮਹੀਨਾਵਾਰੀ ਰੈਗੂਲਰ ਆਮਦਨ ਦੇ ਸਾਧਨਾਂ ਨੂੰ ਉਪਜਾਣਾ। ਇਹ ਨੇੜਲੇ ਸ਼ਹਿਰੀ ਸਥਾਨਾਂ ਵਿੱਚ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ ਜਾਂ ਛੋਟੇ ਉਦਯੋਗਾਂ ਵਿੱਚ ਕਿਸਾਨਾਂ ਦੇ ਘੱਟੋ ਘੱਟ ਇੱਕ ਪਰਵਾਰਕ ਮੈਂਬਰ ਨੂੰ ਮੁਹਈਆ ਕਰਵਾਈ ਜਾਵੇ ਜਾਂ ਪੇਂਡੂ ਇਲਾਕਿਆਂ ਵਿੱਚ ਸਵੈ ਸਹਾਇਤਾ ਸਮੂਹਾਂ ਰਾਹੀਂ ਰੁਜ਼ਗਾਰ ਉਪਜਾਇਆ ਜਾਵੇ। ਖੇਤੀ ਲਈ ਲੋੜੀਂਦੇ ਸਾਧਨ, ਖਾਦਾਂ, ਬੀਜ, ਕੀਟ ਤੇ ਨਦੀਨ ਨਾਸ਼ਕਾਂ ਦੀ ਕਾਲਾ ਬਜ਼ਾਰੀ ਤੇ ਨਕਲੀਪਣ ਨੂੰ ਰੋਕਣ ਦੀ ਵੀ ਭਾਰੀ ਲੋੜ ਹੈ। ਨਹਿਰੀ ਪਾਣੀ ਦੀ ਵਰਤੋਂ ਨੂੰ ਵਧਾਉਣਾ ਫਸਲਾਂ ਲਈ ਹੀ ਨਹੀਂ ਬਲਕਿ ਮਨੁੱਖਤਾ ਦੀ ਹੋਂਦ ਬਚਾਉਣ ਲਈ ਵੀ ਜ਼ਰੂਰੀ ਹੈ। ਖੇਤੀ ਨੀਤੀ ’ਤੇ ਵਿਚਾਰ ਵਟਾਂਦਰੇ ਤੱਦ ਹੀ ਕਾਰਗਰ ਸਿੱਧ ਹੋਣਗੇ ਜੇ ਜ਼ਮੀਨੀ ਹਕੀਕਤਾਂ ਨੂੰ ਮੱਦੇਨਜ਼ਰ ਰੱਖ ਕੇ ਸਮਾਜ ਵਿੱਚ ਲਾਗੂ ਕੀਤੇ ਜਾਣ। ਵਾਰਿਸ ਸ਼ਾਹ ਦਾ ਕਥਨ ਹੈ ‘ਇਲਮ ਉਹੀ ਜਿਸ ’ਤੇ ਅਮਲ ਹੋਵੇ’।

# ਸ਼ੇਰਨੀਆਂ



ਡਾਕਟਰ ਅਜੀਤ ਸਿੰਘ ਕੋਟਕਪੂਰਾ
657-464-4066

ਮੂੰਹ ਹਨੇਰਾ ਹੋਣ ਤੋਂ ਪਹਿਲਾਂ ਦਾ ਸਮਾਂ ਸੀ ਜਦੋਂ ਪਿਲੱਤਣ ਅਤੇ ਕਾਲਖ ਮੂੰਹ ਜੋੜ ਕੇ ਬੈਠਦੀਆਂ ਹਨ ਅਤੇ ਹਨੇਰਾ ਦੋਹਾਂ ਦੀ ਹੀ ਨਹੀਂ ਸੁਣਦਾ ਅਤੇ ਸਾਰੇ ਪਾਸਿਓਂ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ । ਮੈਂ ਆਪਣੇ ਕਮਰੇ ਦੇ ਅੰਦਰ ਉਨ੍ਹਾਂ ਦੇ ਦਫਤਰ ਤੋਂ ਵਾਪਿਸ ਆਉਣ ਦਾ ਇੰਤਜ਼ਾਰ ਕਰ ਰਹੀ ਸਾਂ ਤਾਂ ਜੋ ਇਕੱਠੇ ਬੈਠ ਕੇ ਚਾਹ ਦਾ ਆਨੰਦ ਲੈ ਸਕੀਏ। ਖਿਆਲਾਂ ਦੇ ਅੰਦਰ ਮੈਂ ਆਪਣੇ ਪਿੰਡ ਪੁੱਜ ਗਈ ਤੇ ਆਪਣੀ ਪੁਰਾਣੀ ਬਚਪਨ ਦੀ ਸਹੇਲੀ ਜੈਲੋ ਪੂਰਾ ਨਾਮ ਜਰਨੈਲ ਕੌਰ, ਨੂੰ ਯਾਦ ਕਰਨ ਲਗੀ । ਅਸੀਂ ਦੋਵੇਂ ਸਹੇਲੀਆਂ ਸ਼ੁਰੂ ਤੋਂ ਹੀ ਇਕੱਠੀਆਂ ਖੇਡ ਖੇਡ ਵੱਡੀਆਂ ਹੋਈਆਂ ਸੀ । ਮੈਂ ਕੈਲੋ, ਪੂਰਾ ਨਾਮ ਕਰਨੈਲ ਕੌਰ ,ਚੰਗੇ ਖਾਂਦੇ ਪੀਂਦੇ ਪਰਿਵਾਰ ਵਿਚ ਜੰਮੀ ਸਾਂ । ਸਾਡੇ ਘਰ ਲਵੇਰੀਆਂ ਸਨ ਦੁੱਧ ਵਾਧ ਖੁਲਾ ਡੁਲਾ ਸੀ। ਜਦੋਂ ਕਿ ਜੈਲੋ ਇੱਕ ਗਰੀਬ ਪਰਿਵਾਰ ਵਿਚੋਂ ਸੀ ਅਤੇ ਆਪਣੀ ਵਿਧਵਾ ਮਾਂ ਦਾ ਇਕੋ ਇੱਕ ਸਹਾਰਾ ਸੀ। ਮੈਂ ਆਪਣੀ ਹੋਸ਼ ਵਿਚ ਜੈਲੋ ਦੇ ਪਿਤਾ ਨੂੰ ਨਹੀਂ ਡਿਠਾ ਸੀ । ਜੈਲੋ ਵੀ ਆਖਦੀ ਕਿ ਮੈਂ ਵੀ ਆਪਣੇ ਪਿਤਾ ਦੀ ਤਸਵੀਰ ਹੀ ਦੇਖੀ ਹੈ। ਉਸ ਦੀ ਮਾਂ ਨੇ ਉਸ ਨੂੰ ਦੱਸਿਆ ਸੀ ਕਿ ਉਹ ਕੇਵਲ ਚਾਰ ਪੰਜ ਸਾਲ ਦੀ ਸੀ ਜਦੋਂ ਉਸ ਦੇ ਬਾਪ ਨੂੰ ਕਿਸੇ ਨਾ ਮੁਰਾਦ ਬਿਮਾਰੀ ਨੇ ਖਾ ਲਿਆ ਸੀ ਅਨਪੜ ਮਾਂ ਨੂੰ ਬਿਮਾਰੀ ਦਾ ਨਾਂ ਕੀ ਪਤਾ ਹੋਣਾ ਸੀ ਅਤੇ ਉਹ ਆਪਣੀ ਬੇਟੀ ਨੂੰ ਕੀ ਦੱਸਦੀ ਕਿ ਕਿਹੜੀ ਚੰਦਰੀ ਬਿਮਾਰੀ ਸਾਡੀ ਖੁਸ਼ੀ ਲੁੱਟ ਕੇ ਲੈ ਗਈ ਸੀ । ਇਸਲਈ ਜੈਲੋ ਨੂੰ ਵੀ ਕੋਈ ਇਲਮ ਨਹੀਂ ਸੀ ਪਿਤਾ ਜੀ ਨੂੰ ਕਿਹੜੀ ਬਿਮਾਰੀ ਇਸ ਜਹਾਨ ਤੋਂ ਉਸ ਸਫ਼ਰ ਵਲ ਲੈ ਟੁਰੀ ਜਿਥੋਂ ਕਦੇ ਕੋਈ ਵਾਪਿਸ ਨਹੀਂ ਮੁੜਦਾ ਹੁੰਦਾ । ਜੈਲੋ ਦੇ ਪਿਤਾ ਦੇ ਚਲੇ ਜਾਣ ਤੋਂ ਬਾਅਦ ਹੋਲੀ ਹੋਲੀ ਸਾਰੇ ਰਿਸ਼ਤੇਦਾਰ ਉਨ੍ਹਾਂ ਤੋਂ ਕਿਨਾਰਾ ਕਰ ਗਏ । ਇਕ ਇਕੱਲੀ ਔਰਤ ਦਿਨ ਰਾਤ ਇਕ ਕਰ ਆਪਣੀ ਇਕਲੌਤੀ ਧੀ ਨੂੰ ਪੜਾ ਲਿਖਾ ਰਹੇ ਸਨ । ਉਸ ਦੀਆਂ ਮੰਗਾਂ ਪੂਰੀਆਂ ਕਰਨ ਲਈ ਉਹ ਹਰ ਯਤਨ ਕਰਦੇ ਸਨ ਅਤੇ ਕਦੇ ਵੀ ਉਨ੍ਹਾਂ ਦੇ ਮੱਥੇ ਵੱਟ ਪਿਆ ਨਹੀਂ ਦੇਖਿਆ ਸੀ । ਮੈਨੂੰ ਉਸ ਦੇ ਮੰਮੀ ਜੀ ਬਹੁਤ ਪਿਆਰੇ ਲੱਗਦੇ ਸਨ । ਭਾਵੇਂ ਮੈਂ ਉਨ੍ਹਾਂ ਨੂੰ ਆਂਟੀ ਆਖਦੀ ਸਾਂ । ਇਕ ਦਿਨ ਉਨ੍ਹਾਂ ਦੇ ਘਰ ਬੈਠੇ ਸਾਂ ਤੇ ਮੈਨੂੰ ਜੈਲੋ ਕਹਿਣ ਲੱਗੀ ਕਿ ਜੇ ਤੈਨੂੰ ਮੇਰੀ ਮੰਮੀ ਇਤਨੀ ਚੰਗੀ ਲੱਗਦੀ ਹੈ ਤਾਂ ਤੂੰ ਉਨ੍ਹਾਂ ਨੂੰ ਮੰਮੀ ਬਣਾ ਲੈ । ਮੈਂ ਉਸ ਨੂੰ ਕਿਹਾ ਕਿ ਠੀਕ ਹੈ ਹੁਣ ਤੂੰ ਮੁਕਰ ਨਾ ਜਾਈਂ ਅੱਜ ਤੋਂ ਬਾਅਦ ਤੇਰੀ ਮੰਮੀ ਮੇਰੀ ਤੇ ਮੇਰੀ ਮੰਮੀ ਤੇਰੀ । ਮੈਂ ਆਂਟੀ ਨੂੰ ਗਲਵਕੜੀ ਪਾ ਕੇ ਆਖਿਆ ਕਿ ਅੱਜ ਤੋਂ ਬਾਅਦ ਮੈਂ ਤੁਹਾਨੂੰ ਆਂਟੀ ਨਹੀਂ ਮੰਮੀ ਹੀ ਆਖਿਆ ਕਰਾਂਗੀ ਬੋਲੋ ਤੁਹਾਨੂੰ ਇਹ ਮਨਜ਼ੂਰ ਹੈ । ਉਹ ਮੈਨੂੰ ਪਿਆਰ ਨਾਲ ਘੁੱਟ ਕੇ ਆਖਣ ਲੱਗੇ ਕਿ ਅੱਜ ਤੋਂ ਮੇਰੇ ਦੋ ਬੇਟੇ ਹੋ ਗਏ ਅਤੇ ਨਾਲੇ ਖਿੜ ਖਿੜ ਕੇ ਹੱਸਣ ਲੱਗ ਪਏ।

ਆਂਟੀ ਨਹੀਂ ਸੱਚ ਮੰਮੀ ਪਿਆਰ ਨਾਲ ਜੈਲੋ ਨੂੰ ਬੇਟਾ ਜਾਂ ਲੱਡੂ ਪੁੱਤ ਆਖਿਆ ਕਰਦੇ ਸਨ । ਮੈਨੂੰ ਜਾਪਦਾ ਹੈ ਕਿ ਉਨ੍ਹਾਂ ਦਾ ਕੋਈ ਪੁੱਤ ਨਾ ਹੋਣ ਕਾਰਨ ਉਸ ਨੂੰ ਲੱਡੂ ਪੁੱਤ ਆਖ ਆਪਣੇ ਮਨ ਦੀ ਅਧੂਰੀ ਰੀਝ ਨੂੰ ਪੂਰਾ ਕਰਦੇ ਸਨ । ਇਹ ਵੀ ਸੰਭਵ ਹੈ ਉਨ੍ਹਾਂ ਨੂੰ ਪੁੱਤ ਕਹਿਣ ਦੀ ਆਦਤ ਹੋਵੇ। ਪਰੰਤੂ ਜੈਲੋ ਸੋਚਦੀ ਸੀ ਕਿ ਮੰਮੀ ਮੈਨੂੰ ਪੁੱਤ ਆਖ ਇਹ ਦੱਸਣਾ ਚਾਹੁੰਦੇ ਹਨ ਕਿ ਮੈਂ ਸਮਾਜ ਦੇ ਅੰਦਰ ਕੁੜੀ ਬਣ ਨਿਤਾਣੀ ਨਾ ਰਹਿ ਜਾਵਾਂ ਅੱਗੋਂ ਇਸ ਦੁਨੀਆ ਦਾ ਡੱਟ ਕੇ ਮੁਕਾਬਲਾ ਕਰਾਂ । ਮੈਨੂੰ ਇਹ ਗੱਲ ਜਿਆਦਾ ਜਚਦੀ ਸੀ ਕਿਓਂ ਜੋ ਛੋਟੇ ਮੰਮੀ ,ਆਂਟੀ ਨੂੰ ਸੰਬੋਧਨ ਕਰਨ ਲਈ ਇਹ ਸ਼ਬਦ ਜੋੜ ਵਧੇਰੇ ਜਚਿਆ ਸੀ ,ਇਸ ਲਈ ਮੈਂ ਇਸ ਦਾ ਪ੍ਰਯੋਗ ਕਰਨ ਲੱਗ ਗਈ ਸੀ ,ਹਮੇਸ਼ਾ ਹੀ ਆਖਿਆ ਕਰਦੇ ਸੀ ਕਿ ਜੇ ਕਰ ਤੁਸੀਂ ਬਾਹਰਲੀ ਦੁਨੀਆ ਵਿਚ ਕੰਮਜ਼ੋਰ ਬਣ ਨਿਕਲੀਆਂ ਤਾਂ ਤੁਹਾਨੂੰ ਨੋਚ-ਨੋਚ ਖਾ ਜਾਣ ਵਾਲੇ ਤੁਹਾਨੂੰ ਇੱਕ ਸ਼ਿਕਾਰ ਦੀ ਤਰਾਂ ਦੇਖਿਆ ਕਰਨਗੇ ਤੇ ਹਮੇਸ਼ਾ ਹੀ ਸ਼ਿਕਾਰੀ ਬਣ ਤੁਹਾਨੂੰ ਖਾਣ ਬਾਰੇ ਸੋਚਿਆ ਕਰਨਗੇ ਅਤੇ ਜੇ ਸ਼ੇਰਨੀਆਂ ਬਣ ਵਿਚਰੋਂਗੀਆਂ ਤਾਂ ਓਹੀ ਸ਼ਿਕਾਰੀ ਗਿੱਦੜ ਬਣ ਤੁਹਾਨੂੰ ਰਾਹ ਛੱਡ ਜਾਣਗੇ । ਉਸ ਵੇਲੇ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਪੈਂਦੀ ਸੀ ਕਿ ਛੋਟੀ ਮੰਮੀ ਕੀ ਸ਼ਿਕਾਰੀ-ਸ਼ਿਕਾਰ ਬਾਰੇ ਦੱਸੀ ਜਾਂਦੇ ਹਨ । ਪਰ ਅੱਜ ਉਹ ਗੱਲਾਂ ਯਾਦ ਆਉਂਦੀਆਂ ਹਨ ਅਤੇ ਸਮਝ ਵੀ ਪੈਂਦੀ ਹੈ।

ਜੈਲੋ ਦੀ ਮੇਰੇ ਨਾਲ ਹਰ ਗੱਲ ਦੀ ਸਾਂਝ ਸੀ ਅਸੀਂ ਦੋਵੇਂ ਇੱਕ ਪਰਿਵਾਰ ਦਾ ਹਿਸਾ ਬਣ ਕੇ ਹੀ ਵਿਚਰ ਰਹੇ ਸਾਂ । ਕੋਈ ਖੁਸ਼ੀ ਗਮੀ ਤਿਓਹਾਰ ਉਦਾਸੀ ਅਸੀਂ ਹਮੇਸ਼ਾ ਇੱਕਠੀਆਂ ਹੀ ਹੁੰਦੀਆਂ ਸੀ । ਮੈਨੂੰ ਤਾਂ ਇਹ ਵੀ ਯਾਦ ਨਹੀਂ ਕਿ ਮੇਰੇ ਵਿਆਹ ਤੋਂ ਪਹਿਲਾਂ ਕੋਈ ਦਿਨ ਆਪਸ ਵਿਚ ਮਿਲੇ ਬਿਨਾ ਲੰਘਿਆ ਹੋਵੇ । ਸਾਡੀਆਂ ਮੰਮੀਆਂ ਨੇ ਕਹਿਣਾ ਪਤਾ ਨਹੀਂ ਕਿਹੜੀਆਂ ਗੱਲਾਂ ਹਨ ਜਿਹੜੀਆਂ ਇਨ੍ਹਾਂ ਦੀਆ ਮੁਕਦੀਆਂ ਹੀ ਨਹੀਂ ਸਾਨੂੰ ਤਾਂ ਇਸ ਤਰਾਂ ਲੱਗਦਾ ਹੈ ਕਿ ਦੋ ਮੁੰਡੇ ਇਕੋ ਘਰ ਦੇ ਲੱਭਣੇ ਪੈਣੇ ਹਨ ਤਾਂ ਜੋ ਇਹ ਵਿਆਹ ਕੇ ਵੀ ਅੱਡ ਨਾ ਹੋਣ । ਗੱਲਾਂ ਕਿਹੜੀਆਂ ਸਨ ਇਹ ਤਾਂ ਸਾਨੂੰ ਵੀ ਪਤਾ ਨਹੀਂ ਸੀ । ਸਾਨੂੰ ਗੱਲਾਂ ਕਰਨ ਦੀ ਆਦਤ ਸ਼ੁਰੂ ਤੋਂ ਹੀ ਸੀ ਕਿਓਂ ਜੋ ਸਕੂਲ ਵਿਚ ਅਸੀਂ ਇਕੋ ਬੇਂਚ ਤੇ ਬੈਠ ਕੇ ਹੀ ਪੜ੍ਹਾਈ ਕੀਤੀ ਸੀ । ਪਤਾ ਹੀ ਨਾ ਲੱਗਾ ਕਦੋਂ ਸਕੂਲ ਤੋਂ ਕਾਲਿਜ ਹੋ ਗਿਆ ਉਥੇ ਵੀ ਇੱਕਠੀਆਂ ਬੈਠ ਲੈਕਚਰ ਲਾਉਣੇ ਤੇ ਗੱਪਾਂ ਹਕਣੀਆਂ । ਪਰ ਕਾਲਿਜ ਦੇ ਮੁਕਦਿਆਂ ਹੀ ਸਾਡੇ ਰਾਹ ਵੱਖੋ ਵੱਖ ਹੋ ਗਏ।

ਜੈਲੋ ਨੇ ਕਾਲਜ ਤੋਂ ਬਾਅਦ ਨੌਕਰੀ ਪ੍ਰਾਪਤ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ । ਉਸ ਨੇ ਕੁਝ ਕੁ ਮੁਕਾਬਲੇ ਦੇ ਇਮਿਤਹਾਨ ਦਿਤੇ ਤੇ ਅਖੀਰ ਆਪਣੀ ਮੇਹਨਤ ਨਾਲ ਮੇਰੇ ਪਿਤਾ ਦੀ ਪਹੁੰਚ ਦਾ ਲਾਭ ਲੈ ਇਕ ਦਫਤਰ ਵਿਚ ਨੌਕਰੀ ਪ੍ਰਾਪਤ ਕਰ ਲਈ । ਉਸ ਦੇ ਮੰਮੀ ਦਾ ਪੈਰ ਹੁਣ ਭੁੰਜੇ ਨਹੀਂ ਲਗਦਾ ਸੀ ਉਸ ਨੂੰ ਖੁਸ਼ੀ ਸੀ ਕਿ ਹੁਣ ਕੁਝ ਆਮਦਨ ਘਰ ਆਵੇਗੀ ਅਸੀਂ ਸੌਖੇ ਦਿਨ ਗੁਜ਼ਾਰ ਸਕਾਂਗੇ। ਉਨ੍ਹਾਂ ਨੇ ਸਾਡੇ ਘਰ ਵੀ ਮਿਠਿਆਈ ਦਿਤੀ ਅਤੇ ਸਾਡੇ ਸਾਰੇ ਪਰਿਵਾਰ ਨਾਲ ਆਪਣੀ ਖੁਸ਼ੀ ਸਾਂਝੀ ਕਰ ਦਿਤੀ ਸੀ । ਉਧਰ ਸਾਡੇ ਪਰਿਵਾਰ ਨੇ ਵੀ ਦੱਸਿਆ ਅਸੀਂ ਕੈਲੋ ਦੀ ਮੰਗਣੀ ਵੀ ਇਕ ਕਨੇਡਾ ਵਸਦੇ ਲੜਕੇ ਨਾਲ ਕਰ ਦਿਤੀ ਹੈ ਅਤੇ ਛੇਤੀ ਹੀ ਵਿਆਹ ਕਰ ਇਸਨੂੰ ਜਹਾਜ਼ੇ ਚੜਾ ਦੇਵਾਂਗੇ । ਸਾਰੇ ਖੁਸ਼ ਸਨ ਮੇਰੇ ਛੋਟੇ ਮੰਮੀ ਨੇ ਥੋੜਾ ਉਦਾਸ ਚੇਹਰਾ ਦਿਖਾਇਆ ਕੇ ਹੁਣ ਕੈਲੋ ਦੂਰ ਚਲੀ ਜਾਵੇਗੀ ਤੇ ਜੈਲੋ ਦੀਆ ਕਮਲੀਆਂ ਸ਼ਮਲੀਆਂ ਕੌਣ ਸੁਣੇਗਾ । ਸਾਡੇ ਘਰ ਦੀ ਰੌਣਕ ਅਧੂਰੀ ਰਹਿ ਜਾਵੇਗੀ । ਮੇਰੀ ਮੰਮੀ ਨੇ ਕਿਹਾ ਕਿ ਕੁੜੀਆਂ ਤਾਂ ਚਿੜੀਆਂ ਨੇ ਇਨ੍ਹਾਂ ਨੇ ਇਕ ਦਿਨ ਉਡਣਾ ਹੀ ਹੈ । ਜੈਲੋ ਕਿੰਨਾ ਕੁ ਚਿਰ ਘਰ ਬੈਠੀ ਰਹੇਗੀ ਅਖੀਰ ਕੋਈ ਚੰਗਾ ਘਰ ਦੇਖ ਇਸ ਨੂੰ ਵੀ ਆਪਣੇ ਘਰ ਤੌਰ ਦਿੱਤੋ ਜਾਵੇਗਾ । ਆਪਾਂ ਵੀ ਤਾਂ ਕੀਤੇ ਹੋਰ ਜੰਮੀਆਂ ਸੀ ਤੇ ਕਿਧਰੇ ਹੋਰ ਡੇਰਾ ਲਾ ਕੇ ਬੈਠੀਆਂ ਹਾਂ । ਇਹ ਤਾਂ ਇਸ ਜੱਗ ਦੀ ਰੀਤ ਹੈ ਸਾਰੇ ਰਾਜੇ ਰਾਣੇ ਨਿਭਾਉਂਦੇ ਰਹੇ ਹਨ । ਅਸੀਂ ਜ਼ਮਾਨੇ ਤੋਂ ਵੱਖਰੇ ਨਹੀਂ ਨਹੀਂ ਹਾਂ । ਇਹ ਗੱਲਾਂ ਕਰਦੇ ਰਾਤ ਦਾ ਖਾਣਾ ਖਾ ਕੇ ਜੈਲੋ ਤੇ ਛੋਟੇ ਮੰਮੀ ਆਪਣੇ ਘਰ ਵਲ ਚੱਲ ਪਈਆਂ।

ਛੋਟੇ ਮੰਮੀ ਨੂੰ ਇਹ ਤਸੱਲੀ ਸੀ ਕਿ ਜੈਲੋ ਨੂੰ ਸਰਕਾਰੀ ਨੌਕਰੀ ਮਿਲ ਗਈ ਹੈ ਇਸ ਕੁੜੀ ਲਈ ਕੋਈ ਚੰਗਾ ਰਿਸ਼ਤਾ ਮਿਲ ਜਾਵੇਗਾ ਅਤੇ ਇਸ ਦੇ ਬਾਪ ਦਾ ਸਪਨਾ ਪੂਰਾ ਹੋ ਜਾਵੇਗਾ ਉਹ ਸਵਰਗ ਵਿਚੋਂ ਆਪਣੀ ਧੀ ਨੂੰ ਖੁਸ਼ ਦੇਖ ਖੁਸ਼ ਹੋ ਜਾਵੇਗਾ । ਜੈਲੋ ਨੂੰ ਨੌਕਰੀ ਤੇ ਜਾਣ ਬੱਸ ਉਪਰ ਜਾਣਾ ਪੈਂਦਾ ਸੀ । ਮੈਂ ਆਪਣੇ ਵਿਆਹ ਦੀ ਤਿਆਰੀ ਵਿਚ ਰੁਝ ਗਈ ਸਾਂ । ਬੱਸ ਵਿਆਹ ਦੀ ਤਰੀਕ ਹੀ ਤਹਿ ਕਰਨੀ ਹੀ ਬਾਕੀ ਸੀ । ਫਿਰ ਵੀ ਮੈਂ ਕਦੇ ਕਦੇ ਛੋਟੀ ਮੰਮੀ ਨੂੰ ਮਿਲਣ ਚਲੀ ਜਾਂਦੀ ਸਾਂ । ਉਨ੍ਹਾਂ ਨੂੰ ਆਪਣੇ ਵਿਆਹ ਦੀ ਤਿਆਰੀ ਬਾਰੇ ਦੱਸ ਤੇ ਉਨ੍ਹਾਂ ਨਾਲ ਸਲਾਹ ਕਰ ਆਇਆ ਕਰਦੀ ਸਾਂ । ਭਾਵੇਂ ਜੈਲੋ ਨੂੰ ਮਿਲਣ ਦਾ ਮਨ ਸੀ ਪਰ ਉਹ ਰੀਝ ਪੂਰੀ ਨਹੀਂ ਹੋ ਰਹੀ ਸੀ ਕਿਓਂ ਜੋ ਉਹ ਸਵੇਰੇ ਹੀ ਚਲੀ ਜਾਂਦੀ ਸੀ ਅਤੇ ਦੇਰ ਰਾਤ ਘਰ ਮੁੜਦੀ ਸੀ । ਇਕ ਦਿਨ ਮੈਂ ਜਦ ਛੋਟੀ ਮੰਮੀ ਨੂੰ ਮਿਲਣ ਗਈ ਤਾਂ ਉਸ ਨੇ ਦੱਸਿਆ ਕੇ ਤੇਰੀ ਸਹੇਲੀ ਅੱਜ ਘਰ ਹੀ ਹੈ ਉਸ ਨੂੰ ਕੋਈ ਛੁਟੀ ਹੈ । ਉਸ ਦੀ ਤਬੀਅਤ ਵੀ ਸਾਜ਼ਗਾਰ ਨਹੀਂ ਹੈ ਉਸ ਨੂੰ ਮਿਲ ਲੈ ਮੈਂ ਚਾਹ ਬਣਾ ਕੇ ਲੈ ਆਉਂਦੀ ਹਾਂ । ਉਸ ਨੂੰ ਪੁੱਛ ਕੇ ਉਸ ਨੇ ਕਿਹੋ ਜਿਹੇ ਮੁੰਡੇ ਨਾਲ ਵਿਆਹ ਕਰਵਾਉਣਾ ਹੈ ਅਸੀਂ ਲੱਭੀਏ ਕਿ ਉਸ ਨੇ ਕੋਈ ਚੁਣ ਲਿਆ ਹੈ । ਮੈਂ ਅੰਦਰ ਗਈ ਤਾਂ ਦੇਖਿਆ ਕਿ ਉਹ ਸਿਰ ਸੁੱਟ ਕੇ ਰੋ ਰਹੀ ਸੀ। ਮੈਨੂੰ ਬਹੁਤ ਹੈਰਾਨੀ ਹੋਈ ਕਿ ਇਸ ਸ਼ੇਰਨੀ ਨੂੰ ਕੀ ਹੋਇਆ ਹੈ। ਮੈਂ ਉਸ ਨੂੰ ਉਠਾਇਆ ਤੇ ਪੁੱਛਿਆ ਕਿ ਮੇਮਸਾਬ ਕੀ ਗੱਲ ਹੈ ਕਿਸੇ ਨੇ ਧੋਖਾ ਦਿੱਤਾ ਹੈ ਜਾਂ ਹੋਰ ਕੋਈ ਗੱਲ ਹੈ। ਉਹ ਮੈਨੂੰ ਚਿੰਬੜ ਗਈ ਤੇ ਕਹਿਣ ਲਗੀ ਮੈਂ ਮੇਮਸਾਬ ਨਹੀਂ ਹਾਂ ਅਤੇ ਤੇਰੇ ਲਈ ਤਾਂ ਮੈਂ ਓਹੀ ਜੈਲੋ ਹਾਂ । ਜੇ ਤੂੰ ਵਿਆਹ ਕਰਵਾ ਕੇ ਕਨੇਡਾ ਜਾਣਾ ਹੈ ਤਾਂ ਸਾਨੂੰ ਤੰਗ ਕਿਓਂ ਕਰਦੀ ਹੈਂ। ਮੈਨੂੰ ਕੀਹਨੇ ਧੋਖਾ ਦੇਣਾ ਸੀ ਮੈਂ ਤਾਂ ਕੁਝ ਪੈਸੇ ਇਕੱਠੇ ਕਰ ਲਵਾਂ ਫਿਰ ਵਿਆਹ ਬਾਰੇ ਸੋਚਾਂਗੀ ਤੇ ਇਹ ਸੋਚਦੀ ਹਾਂ ਮੇਰੀ ਮਾਂ ਇਕੱਲੀ ਰਹਿ ਜਾਵੇਗੀ ਅਜਿਹਾ ਮੁੰਡਾ ਦੇਖਾਂਗੀ ਜੋ ਘਰ ਜਵਾਈ ਬਣ ਸਕਦਾ ਹੋਵੇ । ਇਹ ਤਾਂ ਸਭ ਠੀਕ ਹੈ ਪਰ ਤੂੰ ਅੱਖਾਂ ਕਿਓਂ ਸੁਜਾਈਆਂ ਨੇ।

ਲੈ ਸੁਣ ਮੇਰਾ ਦੁੱਖ ! ਜਦੋਂ ਸਵੇਰੇ ਬਸ ਚੜਦੀ ਹਾਂ ਭੁੱਖੇ ਕੰਬਖਤ ਲੋਕ ਕੁੜੀਆਂ ਨੂੰ ਆਪਣੀਆਂ ਅੱਖਾਂ ਨਾਲ ਨੋਚਣ ਲੱਗ ਜਾਂਦੇ ਹਨ । ਕੱਲੀ ਕੁੜੀ ਨੂੰ ਦੇਖ ਕਦੀ ਧਕੇ ਮਾਰਦੇ ਨੇ ,ਬਸ ਵਿਚਲੀ ਭੀੜ ਦਾ ਫਾਇਦਾ ਉਠਾ ਕੇ ਨਾਲ ਜੁੜ ਜੁੜ ਖੜੇ ਹੋਂਦੇ ਹਨ ਅਸ਼ਲੀਲ ਹਰਕਤਾਂ ਕਰਦੇ ਹਨ। ਸਵੇਰੇ ਹੀ ਗੁੱਸੇ ਨਾਲ ਖੂਨ ਖੌਲਣ ਲੱਗ ਪੈਂਦਾ ਹੈ । ਹੋਰ ਦੇਖ ਨਵੇਂ ਨਵੇਂ ਕਾਲਿਜ ਦੇ ਮੁੰਡੇ ਹਾਲੇ ਜੰਮ ਮੁਕੇ ਨਹੀਂ ਹੁੰਦੇ ਕੁੜੀਆਂ ਨੂੰ ਛੇੜਨਾ ਸਿੱਖ ਜਾਂਦੇ ਹਨ। ਇੰਜ ਬੋਲਦੇ ਨੇ ਜਿਵੇਂ ਪਤਾ ਨਹੀਂ ਮਾਂ ਦੇ ਢਿੱਡ ਦੇ ਅੰਦਰੋਂ ਗੰਦ ਬਕਣਾ ਸਿੱਖ ਕੇ ਆਏ ਹਨ । ਛੋਟੇ ਮੰਮੀ ਚਾਹ ਲੈ ਕੇ ਆਏ ਤਾਂ ਉਹ ਚੁੱਪ ਕਰ ਗਈ ਤੇ ਮੰਮੀ ਚਾਹ ਦੇ ਨਾਲ ਕੁਝ ਖਾਣ ਨੂੰ ਰੱਖ ਕੇ ਚਲੇ ਗਏ ਬਾਹਰ ਉਨ੍ਹਾਂ ਨੂੰ ਘਰ ਦਾ ਕੰਮ ਅਵਾਜ਼ਾਂ ਮਾਰ ਰਿਹਾ ਸੀ । ਅਸੀਂ ਚਾਹ ਆਪਣੇ ਹੱਥਾਂ ਵਿਚ ਲੈ ਕੇ ਫਿਰ ਗੱਲੀ ਜੁਟ ਗਈਆਂ। ਮੈਂ ਕਿਹਾ ਕੇ ਓ ਸ਼ੇਰਨੀਏ ,ਇਹ ਕੋਈ ਨਵੀਂ ਗੱਲ ਹੈ ਇਹ ਸਭ ਤਾਂ ਸਾਡੇ ਨਾਲ ਹੁੰਦਾ ਹੀ ਰਹਿੰਦਾ ਹੈ । ਜਦੋਂ ਮੈਂ ਕਹਿੰਦੀ ਸੀ ਕਿ ਕਿਓਂ ਨਾ ਆਪਾਂ ਇਹਨਾਂ ਭੂੰਡ ਆਸ਼ਕਾਂ ਨੂੰ ਮਜ਼ਾ ਚਖਾਈਏ ਤੂੰ ਮੈਨੂੰ ਆਖਦੀ ਸੀ ਛੱਡ ਯਾਰ ਕੁੱਤੇ ਤਾਂ ਭੌਂਕਦੇ ਹੀ ਹੁੰਦੇ ਹਨ ਅਤੇ ਹਾਥੀ ਅਜਿਹੇ ਕੁੱਤਿਆਂ ਦੀ ਪ੍ਰਵਾਹ ਕਰੇ ਬਿਨਾ ਆਪਣਾ ਰਸਤਾ ਨਾਪਦੇ ਰਹਿੰਦੇ ਹਨ। ਇਹੋ ਜਿਹੀਆਂ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਨਹੀਂ ਘਬਰਾਈਦਾ ਹੁੰਦਾ । ਜੈਲੋ ਕਹਿੰਦੀ ਕਿ ਇਹ ਕੋਈ ਛੋਟੀ ਜਿਹੀ ਗੱਲ ਹੈ। ਮੈਂ ਕਿਹਾ ਕਿ ਮੇਰਾ ਮਤਲਬ ਸੀ ਕਿ ਕੁੱਤਿਆਂ ਨੂੰ ਭੌਂਕਣ ਦੇ । ਜੈਲੋ ਕਹਿੰਦੀ ਭੌਂਕਣ ਤਕ ਤਾਂ ਠੀਕ ਹੈ ਜੇ ਵੱਢਣ ਲੱਗਣ ਤਾਂ ? ਹੱਛਾ ਦੱਸ ! ਕੋਈ ਖਾਸ ਗੱਲ ਹੋਈ ਹੈ । ਅੱਗੇ ਤਾਂ ਸੁਣ, ਜਦੋਂ ਦਫਤਰ ਪੈਰ ਪਾਉਂਦੀ ਹਾਂ ਤਾਂ ਦਰਜਾ ਚਾਰ ਤੋਂ ਲੈ ਕੇ ਵੱਡੇ ਅਫਸਰ ਤਕ ਇੰਵ ਝਾਕਦੇ ਹਨ ਜਿਵੇਂ ਇਹਨਾਂ ਦੇ ਘਰਾਂ ਅੰਦਰ ਮਾਂਵਾਂ ਭੈਣਾਂ ਤਾਂ ਹਨ ਹੀ ਨਹੀਂ । ਅਸੀਂ ਆਪਣੇ ਦਫਤਰ ਤਿੰਨ ਕੁੜੀਆਂ ਹਾਂ ਇੱਕ ਵਿਚਾਰੀ ਹੈਂਡੀਕੈਪ ਹੈ -ਮੋਹਣੀ ਤੇ ਦੂਜੀ ਦਾ ਰੰਗ ਸਾਂਵਲਾ ਹੈ ਉਹ ਹੈ -ਸ਼ੀਲਾ । ਓਹਨਾ ਦਫਤਰ ਵਾਲਿਆਂ ਦੀਆਂ ਗੰਦੀਆਂ ਨਜ਼ਰਾਂ ਕਿਸੇ ਨੂੰ ਵੀ ਨਹੀਂ ਬਖਸ਼ਦੀਆਂ । ਸਵੇਰੇ ਫਤਿਹ ਬੁਲਾਈਏ ਤਾਂ ਕਹਿਣਗੇ ਕਿਵੇਂ ਹੈ ਸੋਹਣਿਓ ਅੱਜ ਤਾਂ ਬੜੇ ਹੀ ਫੱਬਣ ਡਹੇ ਹੋ। ਕੋਈ ਕਤਲ ਕਰਨ ਦਾ ਇਰਾਦਾ ਹੈ। ਹੱਦ ਤਾਂ ਉਦੋਂ ਹੋ ਗਈ ਜਦੋਂ ਅਫਸਰ ਕੋਲ ਆਪਦਾ ਰੋਣਾ ਰੋਇਆ ਤਾਂ ਉਹ ਕਹਿੰਦਾ ਕਿ ਮੁੰਡੇ ਜੇ ਹਾਸਾ ਮਖੌਲ ਕਰਦੇ ਹਨ ਤਾਂ ਤੁਸੀਂ ਹੱਸ ਕੇ ਟਾਲ ਦਿਆ ਕਰੋ । ਕੋਈ ਹੋਰ ਸਮਸਿਆ ਹੈ ਤਾਂ ਦੱਸੋ ਮੈਂ ਤੁਹਾਡੀ ਰਾਖੀ ਲਈ ਹਾਜ਼ਰ ਹਾਂ। ਅਫਸਰ ਤੋਂ ਵਾਪਸ ਆ ਕੇ ਢਿਲੇ ਜਿਹੇ ਹੋ ਕੇ ਕੰਮ ਤੇ ਲੱਗ ਪਏ ਅਤੇ ਨਾਲ ਹੀ ਤਿੰਨਾਂ ਨੇ ਫੈਸਲਾ ਕਰ ਲਿਆ ਕਿ ਅਸੀਂ ਕਿਸੇ ਨੂੰ ਨਹੀਂ ਬੁਲਾਉਣਾ ਤੇ ਕੇਵਲ ਲੋੜ ਦੀ ਗੱਲ ਹੀ ਕਰਨੀ ਹੈ ।

ਜਦੋਂ ਅਫਸਰ ਨੇ ਨਾ ਸੁਣੀ ਤਾਂ ਉਨ੍ਹਾਂ ਦਾ ਹੌਸਲਾ ਵੱਧ ਗਿਆ ਤੇ ਇਕ ਦਿਨ ਜਦੋਂ ਵਿਚਾਰੀ ਮੋਹਣੀ ਉੱਠ ਕੇ ਅਫਸਰ ਕੋਲ ਕਿਸੇ ਕੰਮ ਲਈ ਜਾਣ ਲੱਗੀ ਤਾਂ ਇਕ ਬੋਲਿਆ ਸੋਹਣਿਓ ਕਿਓਂ ਔਖੇ ਹੁੰਦੇ ਹੋ ਤੁਹਾਡੀ ਫਾਈਲ ਅਸੀਂ ਲੈ ਜਾਂਦੇ ਹਾਂ ਜੇ ਤੁਹਾਡਾ ਜਾਣਾ ਜ਼ਰੂਰੀ ਹੈ ਤਾਂ ਮੈਂ ਤੁਹਾਨੂੰ ਚੁੱਕ ਕੇ ਲੈ ਚਲਦਾ ਹਾਂ । ਬੱਸ ਇਹ ਸੁਣ ਮੈਂ ਸਹਾਰ ਨਾ ਸਕੀ ਤੇ ਆਪਣੀ ਥਾਂ ਤੋਂ ਉੱਠ ਕੇ ਜ਼ਰਾ ਕੜਕਦੀ ਆਵਾਜ਼ ਵਿਚ ਬੋਲ ਪਈ ਕਿ ਮੋਹਣੀ ਆਪ ਤੁਰ ਕੇ ਜਾ ਸਕਦੀ ਹੈ ਇਸ ਤਰਾਂ ਬਕਵਾਸ ਕਰਨ ਦੀ ਲੋੜ ਨਹੀਂ । ਮੇਰੀ ਆਵਾਜ਼ ਸੁਣ ਸਾਰਾ ਦਫਤਰ ਇਕੱਠਾ ਹੋ ਗਿਆ ਤੇ ਪਵਨ ਗੁੱਸੇ ਵਿਚ ਆ ਕੇ ਬੋਲਣ ਲਗਾ ਮੈਂ ਤੈਨੂੰ ਕੁਝ ਆਖਿਆ ਨਹੀਂ ਜੇ ਤੈਨੂੰ ਬੁਰਾ ਲੱਗਾ ਹੈ ਤਾਂ ਮੈਂ ਤੈਨੂੰ ਚੁੱਕ ਲਵਾਂ । ਮੈਂ ਤਾਂ ਗੁੱਸੇ ਨਾਲ ਭਰੀ ਹੋਈ ਸੀ । ਮੈਂ ਅੱਗੇ ਵੱਧ ਕੇ ਉਸ ਦੇ ਇਕ ਚਪੇੜ ਜੜ੍ਹ ਦਿਤੀ । ਜਦੋਂ ਉਹ ਮੈਨੂੰ ਮਾਰਨ ਲਈ ਤਿਆਰ ਹੋਇਆ ਤਾਂ ਬਾਕੀ ਸਾਥੀਆਂ ਨੇ ਹਟਾ ਦਿੱਤਾ ਤੇ ਅਫਸਰ ਨੇ ਕਿਹਾ ਸਾਰੇ ਆਪਣੀਆਂ ਆਪਣੀਆਂ ਸੀਟਾਂ ਤੇ ਜਾਓ ਤੁਸੀਂ ਮੇਰੇ ਕਮਰੇ ਵਿਚ ਆ ਜਾਓ । ਜਦੋਂ ਮੈਂ ਉਸ ਨੂੰ ਸਾਰੀ ਗੱਲ ਦੱਸੀ ਕਿ ਇਹ ਮੋਹਣੀ ਨੂੰ ਛੇੜ ਰਿਹਾ ਸੀ । ਤਾਂ ਅਫਸਰ ਨੇ ਕਿਹਾ ਜਦੋਂ ਤੈਨੂੰ ਕੁਝ ਨਹੀਂ ਆਖਿਆ ਤਾਂ ਕਿਓਂ ਭੜਕੀ ਸੀ । ਜੇ ਆਖਿਆ ਵੀ ਹੁੰਦਾ ਤਾਂ ਤੂੰ ਮੁੰਡਿਆਂ ਨੂੰ ਥੱਪੜ ਮਾਰਿਆ ਕਰੇਂਗੀ। ਇਹ ਤੇਰੀ ਗਲਤੀ ਹੈ ਤੈਨੂੰ ਹੁਣੇ ਪਵਨ ਤੋਂ ਮੁਆਫੀ ਮੰਗਣੀ ਚਾਹੀਦੀ ਹੈ । ਮੈਨੂੰ ਸਾਰਿਆਂ ਦੇ ਸਾਹਮਣੇ ਉਸ ਖਸਮਾਂ ਖਾਣੇ ਕੋਲੋਂ ਮੁਆਫੀ ਮੰਗਣੀ ਪਈ ਤੇ ਹੋਰ ਦੇਖ ਜਿਸ ਦੀ ਖਾਤਿਰ ਮੈਂ ਸਭ ਕੁਝ ਕੀਤਾ ਉਹ ਪਹਿਲਾਂ ਤਾਂ ਚੁੱਪ ਰਹੀ ਫੇਰ ਮੈਨੂੰ ਹੀ ਕਹਿਣ ਲੱਗੀ ਕਿ ਕੀ ਲੋੜ ਸੀ ਬਖੇੜਾ ਖੜਾ ਕਰਨ ਦੀ । ਤੈਨੂੰ ਪਤਾ ਹੈ ਕਿ ਮੁੰਡੇ ਆਪਣੀ ਬੇਇਜ਼ਤੀ ਦਾ ਬਦਲਾ ਕਿਵੇਂ ਲੈਂਦੇ ਹਨ । ਇਹ ਦੱਸ ਜੈਲੋ ਦੀਆਂ ਵਿਚੋਂ ਫੇਰ ਮੀਂਹ ਵਸਣ ਲਗ ਪਿਆ। ਇਕ ਵਾਰ ਤਾਂ ਮੈਨੂੰ ਵੀ ਸਮਝ ਨਾ ਲੱਗੀ ਕਿ ਮੈਂ ਜੈਲੋ ਨੂੰ ਕਿਵੇਂ ਹੋਂਸਲਾ ਦੇਵਾਂ।

ਫਿਰ ਮੈਂ ਹੋਂਸਲਾ ਜੁਟਾ ਕੇ ਬੋਲੀ ਮੈਂ ਜੈਲੋ ਨੂੰ ਜਾਣਦੀ ਹਾਂ ਤੂੰ ਕੰਮਜ਼ੋਰ ਨਹੀਂ ਹੈਂ ਇੱਕ ਬਹਾਦਰ ਲੜਕੀ ਹੀ ਨਹੀਂ ਇਕ ਸ਼ੇਰਨੀ ਹੈਂ । ਬੁਰਾਈ ਵਿਰੁੱਧ ਖੜੀ ਹੋ ਕੇ ਡੱਟ ਕੇ ਮੁਕਾਬਲਾ ਕਰ ਸਕਦੀ ਹੈਂ ਤੂੰ ਸਮਝਦੀ ਹੈਂ ਕੇ ਜ਼ੁਲਮ ਕਰਨਾ ਪਾਪ ਹੈ ਤਾਂ ਜ਼ੁਲਮ ਸਹਿਣਾ ਵੀ ਪਾਪ ਹੈ। ਕੈਲੋ ਤੂੰ ਸੋਚਦੀ ਹੋਵੇਂਗੀ ਮੈਂ ਡਰ ਗਈ ਹਾਂ ਤੇ ਬਾਕੀ ਦਫਤਰ ਵਾਲੇ ਵੀ ਇੰਜ ਹੀ ਸੋਚਣਗੇ । ਮੈਂ ਘਰ ਨਹੀਂ ਬੈਠਾਂਗੀ ਮੈਂ ਤਾਂ ਇੱਟ ਦਾ ਜੁਆਬ ਪੱਥਰ ਨਾਲ ਦੇਵਾਂਗੀ । ਮੈਂ ਡਰ ਕੇ ਖੁਦ ਵਿਚ ਲੁਕ ਕੇ ਨਹੀਂ ਬੈਠਣ ਵਾਲੀ । ਮੈਂ ਇੱਕ ਹੋਰ ਤਰੀਕਾ ਸੋਚਿਆ ਹੈ ਤੂੰ ਵਾਅਦਾ ਕਿ ਮੇਰੀ ਇਹ ਤਰਕੀਬ ਕਿਸੇ ਨੂੰ ਵੀ ਨਹੀਂ ਦਸੇਂਗੀ ਮੇਰੀ ਮੰਮੀ ਨੂੰ ਵੀ ਨਹੀਂ । ਮੈਂ ਜਕੋ ਤੱਕੀ ਵਿਚ ਉਸ ਨੂੰ ਵਾਅਦਾ ਕਰ ਦਿੱਤਾ ।

ਉਹ ਆਪਣੀ ਯੋਜਨਾ ਸਮਝਾਉਣ ਲੱਗੀ ਕਿ ਸਾਰੇ ਦਫਤਰ ਵਿਚ ਇਹ ਗੱਲ ਘੁਮਾ ਦੇਵਾਂਗੀ ਕਿ ਮੈਂ ਕਿਸੇ ਲੈ ਇਲਾਜ ਬਿਮਾਰੀ ਦੀ ਮਰੀਜ਼ ਹਾਂ ਜਿਵੇਂ ਏਡਜ਼ ਜਿਹੀ ਬਿਮਾਰੀ ਹੁੰਦੀ ਹੈ । ਮੈਂ ਇਸ ਨੂੰ ਕਿਹਾ ਕਿ ਕੀ ਤੂੰ ਸੋਚਦੀ ਹੈਂ ਕਿ ਉਹ ਸਾਰੇ ਇਨੇ ਹੀ ਬੇਵਕੂਫ਼ ਹਨ ਜਿਹੜੇ ਤੇਰਾ ਇਹ ਝੂਠ ਸੱਚ ਮੰਨ ਲੈਣਗੇ ਜਦੋਂ ਕਿ ਤੂੰ ਬਿਮਾਰ ਜਾਪਦੀ ਹੀ ਨਹੀਂ । ਤਾਂ ਜੈਲੋ ਨੇ ਆਖਿਆ ਕਿ ਯਤਨ ਕਰ ਦੇਖਦੀ ਹਾਂ। ਮੈਂ ਤਾਂ ਸਭ ਨੂੰ ਡਰਾਉਣਾ ਹੀ ਹੈ ਤੇ ਇਹ ਕਹਿ ਕੇ ਉਹ ਖਿੜ ਖਿੜਾ ਕੇ ਹੱਸਣ ਲੱਗ ਪਈ । ਮੈਂ ਉਸ ਦਾ ਹਾਸਾ ਵੇਖ ਕਿਹਾ ਕਿ ਜੇ ਤੂੰ ਜਾ ਕੇ ਆਖੇਂਗੀ ਕਿ ਸਰ ! ਮੈਂ ਤਾਂ ਕਿਸੇ ਲਾ ਇਲਾਜ ਬਿਮਾਰੀ ਦੀ ਮਰੀਜ਼ ਹਾਂ ਤਾਂ ਉਹ ਤੇਰਾ ਮੈਡੀਕਲ ਕਰਵਾਏਗਾ ਤੇ ਨੌਕਰੀ ਵਿਚੋਂ ਕਢਵਾ ਦੇਵਗਾ। ਮੈਨੂੰ ਨਹੀਂ ਲਗਦਾ ਕਿ ਤੇਰਾ ਇਹ ਪਲਾਨ ਚਲੇਗਾ । ਤੂੰ ਇਹ ਪੰਗਾ ਨਾ ਲੈ । ਲੈਣੇ ਦੇ ਦੇਣੇ ਨਾ ਪੈ ਜਾਣ । ਇਸ ਤੇ ਜੈਲੋ ਆਖਣ ਲੱਗੀ ਕਿ ਮੈਨੂੰ ਇਹ ਪਤਾ ਹੈ ਕੇ ਜੇ ਕਰ ਕੋਈ ਐਚ।ਆਈ ਵੀ ਪਾਜ਼ਿਟਿਵ ਹੋਵੇ ਉਸ ਨੂੰ ਨੌਕਰੀ ਵਿਚੋਂ ਨਹੀਂ ਕੱਢਿਆ ਜਾ ਸਕਦਾ ਇਹ ਗੈਰ ਕਨੂੰਨੀ ਹੁੰਦਾ ਹੈ । ਮੈਂ ਉਸ ਨੂੰ ਆਖਿਆ ਕਿ ਇਸ ਸਕੀਮ ਨੂੰ ਦਫ਼ਾ ਕਰ ।ਮੈਨੂੰ ਤਾਂ ਠੀਕ ਨਹੀਂ ਲਗਦਾ । ਉਸ ਨੇ ਕਿਹਾ ਕਿ ਬਸ ਤੂੰ ਆਪਣੇ ਵਾਅਦੇ ਤੇ ਕਾਇਮ ਰਹੀਂ ਬਿਲਕੁਲ ਵੀ ਹਵਾ ਨਾ ਕੱਢੀ । ਸ਼ਾਮ ਢਲ ਚੁਕੀ ਸੀ ਤੇ ਮੈਂ ਉਸ ਦੀ ਸਕੀਮ ਨੂੰ ਢਿੱਡ ਵਿਚ ਰੱਖ ਆਪਣੇ ਘਰ ਚਲੀ ਗਈ । ਅਗਲੇ ਦਿਨ ਜੈਲੋ ਦਫਤਰ ਤੋਂ ਸਿਧੀ ਹੀ ਸਾਡੇ ਘਰ ਆ ਗਈ ਤੇ ਦਸਣ ਲੱਗੀ ਕਿ ਅੱਜ ਬਹੁਤ ਹੀ ਮਜ਼ਾ ਆਇਆ ਜਿਵੇਂ ਮੈਂ ਸੋਚਿਆ ਸੀ ਉਸੇ ਤਰਾਂ ਹੀ ਹੋਇਆ ਕੋਈ ਵੀ ਮੇਰੇ ਨੇੜੇ ਆਉਣ ਦੀ ਜ਼ੁਰਅਤ ਨਹੀਂ ਕਰਦਾ ਦੋਵੇਂ ਕੁੜੀਆਂ ਵੀ ਮੈਥੋਂ ਦੂਰ ਹੋ ਗਈਆਂ ਹਨ । ਹੁਣ ਉਸ ਦਫਤਰ ਅੰਦਰ ਮੇਰਾ ਰਾਜ ਹੈ ਮੈਂ ਸ਼ੇਰਨੀ ਹਾਂ ਅਤੇ ਬਾਕੀ ਸਾਰੇ ਸ਼ਿਕਾਰ ਦੀ ਤਰਾਂ ਮੈਥੋਂ ਦੂਰ ਦੂਰ ਭੱਜ ਰਹੇ ਹਨ । ਸੱਪ ਮਾਰ ਦਿੱਤਾ ਹੈ ਅਤੇ ਲਾਠੀ ਵੀ ਸਾਬਤ ਸਬੂਤ ਹੈ।

ਮੈਂ ਆਪਣੇ ਕੰਮਾਂ ਵਿਚ ਰੁਝ ਗਈ । ਵਿਆਹ ਦੀ ਤਰੀਕ ਪੱਕੀ ਕਰ ਲਈ ਗਈ । ਸਾਰਾ ਟੱਬਰ ਤਿਆਰੀਆਂ ਵਿਚ ਲੱਗ ਗਿਆ । ਛੋਟੇ ਮੰਮੀ ਨੂੰ ਵੀ ਦੱਸਣ ਲਈ ਮੈਂ ਹੀ ਗਈ ਅਸਲ ਵਿਚ ਮੈਂ ਜੈਲੋ ਦਾ ਹਾਲ ਜਾਣਨਾ ਸੀ । ਉਹ ਮੈਨੂੰ ਖਿੱਚ ਕੇ ਅੰਦਰ ਲੈ ਗਈ ਤੇ ਮੇਰੀ ਗੱਲ ਸੁਣ ਕੇ ਉਦਾਸ ਹੋ ਗਈ ਕਿ ਤੂੰ ਵੀ ਹੁਣ ਮੈਨੂੰ ਛੱਡ ਕੇ ਚਲੀ ਜਾਵੇਂਗੀ । ਮੈਂ ਉਸ ਨੂੰ ਪੁੱਛਿਆ ਕੇ ਤੂੰ ਦੱਸ ਤੇਰਾ ਕਿ ਹਾਲ ਹੈ । ਉਸ ਨੇ ਹੁਣ ਦੱਸਿਆ ਕਿ ਹੁਣ ਮੇਰੇ ਦਫਤਰ ਦਾ ਇਕ ਮੁੰਡਾ ਮਹਿੰਦਰ ਰੋਜ਼ਾਨਾ ਮੈਨੂੰ ਇੱਕਲੀ ਨੂੰ ਰੋਟੀ ਖਾਂਦਾ ਵੇਖ ਮੇਰੇ ਕੋਲ ਬੜੇ ਅਦਬ ਨਾਲ ਬੈਠ ਜਾਂਦਾ ਹੈ । ਮੈਨੂੰ ਲਗਦਾ ਹੈ ਉਸ ਨੂੰ ਮੇਰੇ ਉਪਰ ਤਰਸ ਆਓਂਦਾ ਹੈ ਤੇ ਉਹ ਮੇਰੇ ਕੋਲ ਆਉਣ ਤੋਂ ਬਿਲਕੁਲ ਵੀ ਡਰਦਾ ਨਹੀਂ ਹੈ । ਇੱਕ ਦਿਨ ਉਸ ਨੇ ਮੈਨੂੰ ਕਿਹਾ ਕਿ ਜਰਨੈਲ ਮੈਂ ਤੈਨੂੰ ਇਕੱਲੀ ਨੂੰ ਮਿਲਣਾ ਚਾਹੁੰਦਾ ਹਾਂ । ਮੈਂ ਪੁੱਛਿਆ ਕਿ ਮਤਲਬ ! ਉਸ ਨੇ ਆਖਿਆ ਕਿ ਮੈਂ ਕੋਈ ਜ਼ਰੂਰੀ ਗੱਲ ਕਰਨੀ ਹੈ ਜਿਹੜੀ ਦਫਤਰ ਵਿਚ ਨਹੀਂ ਕੀਤੀ ਜਾ ਸਕਦੀ । ਮੈਂ ਡਰਦੀ ਡਰਦੀ ਉਸ ਨੂੰ ਇਸ ਐਤਵਾਰ ਮਿਲਣ ਦਾ ਸਮਾਂ ਦੇ ਦਿੱਤਾ ਹੈ । ਅਸੀਂ ਅਸ਼ੋਕਾ ਹੋਟਲ ਵਿਚ ਮਿਲਾਂਗੇ । ਤੂੰ ਮੇਰੇ ਨਾਲ ਚਲੀਂ । ਘਰੇ ਕਪੜੇ ਖਰੀਦ ਕਰਨ ਲਈ ਕਹਿ ਕੇ ਚਲਾਂਗੇ । ਤੂੰ ਤਿਆਰ ਰਹੀਂ ।

ਐਤਵਾਰ ਨੂੰ ਅਸੀਂ ਦੋਵੇਂ ਜਣੀਆਂ ਘਰੇ ਦੱਸ ਕੇ ਅਸ਼ੋਕਾ ਹੋਟਲ ਪੁੱਜ ਗਈਆਂ। ਮਹਿੰਦਰ ਸਾਨੂੰ ਉਡੀਕ ਰਿਹਾ ਸੀ । ਉਸ ਨੇ ਤਿਨ ਕੋਕਾ ਕੋਲਾ ਮੰਗਵਾ ਲੈ । ਜੈਲੋ ਨੇ ਕਿਹਾ ਕਿ ਇਹ ਮੇਰੀ ਸਹੇਲੀ ਕਰਨੈਲ ਨਹੀਂ ਸੱਚ ਮੇਰੀ ਭੈਣ ਹੈ ਤੇ ਇਹ ਮੇਰਾ ਕੁਲੀਗ ਮਹਿੰਦਰ ਸਿੰਘ। ਮਹਿੰਦਰ ਨੇ ਕਿਹਾ ਕਿ ਮੈਨੂੰ ਆਏ ਨੂੰ ਤਾਂ ਘੰਟਾ ਕੁ ਹੀ ਹੋਇਆ ਹੈ । ਚੰਗਾ ਹੋਇਆ ਕਿ ਤੁਸੀਂ ਆ ਗਏ ।

ਮਹਿੰਦਰ ਬੋਲਿਆ ਕਿ ਮੈਨੂੰ ਸਮਝ ਨਹੀਂ ਆਓਂਦੀ ਕਿ ਗੱਲ ਕਿਥੋਂ ਸ਼ੁਰੂ ਕਰਾਂ । ਮੈਂ ਤੁਹਾਨੂੰ ਪਹਿਲੇ ਦਿਨ ਤੋਂ ਹੀ ਪਸੰਦ ਕਰਦਾ ਹਾਂ ਪਰ ਡਰਦਾ ਕਦੇ ਤੁਹਾਨੂੰ ਕੁਝ ਆਖ ਨਹੀਂ ਸਕਿਆ ਕਿ ਪਤਾ ਨਹੀਂ ਤੁਹਾਨੂੰ ਕਿਵੇਂ ਲਗੇਗਾ । ਪਰ ਮੈਂ ਰਹਿ ਨਹੀਂ ਸਕਿਆ। ਜੇ ਕਰ ਠੀਕ ਲੱਗੇ ਤਾਂ ਮੈਂ ਜ਼ਿੰਦਗੀ ਇਕੱਠੇ ਬਿਤਾਉਣ ਬਾਰੇ ਸੋਚ ਲਈਏ।

ਜੈਲੋ ਇਕ ਦੱਮ ਬੋਲ ਪਈ ਤੁਹਾਨੂੰ ਪਤਾ ਹੈ ਕਿ ਮੈਨੂੰ ਇਕ ਲਾ ਇਲਾਜ ਬਿਮਾਰੀ ਹੈ।

ਮਹਿੰਦਰ ਨੇ ਕਿਹਾ ਕਿ ਇਸ ਦਾ ਮੈਨੂੰ ਨਹੀਂ ਸਾਰੇ ਦਫਤਰ ਵਾਲਿਆਂ ਨੂੰ ਪਤਾ ਹੈ। ਅਤੇ ਮੈਨੂੰ ਕੋਈ ਇਤਰਾਜ਼ ਨਹੀਂ ਹੈ ।

ਫਿਰ ਵੀ ਤੁਸੀਂ ਮੈਨੂੰ ਆਪਣਾ ਬਣਾਉਣ ਬਾਰੇ ਸੋਚ ਰਹੇ ਹੋ।

ਮਹਿੰਦਰ ਨੇ ਆਖਿਆ ਕੇ ਮੈਂ ਸਮਝਦਾ ਹਾਂ ਕਿ ਡਾਕਟਰ ਤੋਂ ਅਣਗਹਿਲੀ ਹੋਈ ਹੈ ਮੈਂ ਤਾਂ ਤੁਹਾਨੂੰ ਪਿਆਰ ਕਰਦਾ ਹਾਂ ਤੇ ਤੁਹਾਨੂੰ ਆਪਣੀ ਬਣਾਉਣੀ ਲੋਚਦਾ ਹਾਂ । ਮੈਨੂੰ ਵੀ ਇਹ ਲੈ ਇਲਾਜ ਬਿਮਾਰੀ ਡਾਕਟਰ ਦੀ ਅਣਗਹਿਲੀ ਨੇ ਹੀ ਦਿਤੀ ਹੈ ਉਸ ਦੇ ਟੀਕੇ ਤੋਂ ਮੈਨੂੰ ਇਹ ਬਿਮਾਰੀ ਹੋਈ ਹੈ । ਜੈਲੋ ਇਕ ਦਮ ਤਰਸ ਨਾਲ ਭਰ ਗਈ ਤੇ ਸੋਚਣ ਲੱਗੀ । ਕਰਨੈਲ ਨੇ ਜੈਲੋ ਨੂੰ ਉਠਾ ਲਿਆ ਤੇ ਜੈਲੋ ਨੇ ਕਿਹਾ ਕਿ ਮੈਂ ਸੋਚਾਂਗੀ ਤੇ ਤੁਹਾਨੂੰ ਦੱਸਾਂਗੀ । ਅਸੀਂ ਹੋਟਲ ਵਿਚੋਂ ਬਾਹਰ ਆ ਗਈਆਂ । ਰਸਤੇ ਵਿਚ ਅਸੀਂ ਕੋਈ ਗੱਲ ਨਾ ਕੀਤੀ ਤੇ ਆਪਣੇ ਆਪਣੇ ਘਰ ਜਾ ਵੜੀਆਂ ।

ਅਗਲੀ ਸਵੇਰ ਜੈਲੋ ਦਫਤਰ ਲਈ ਤਿਆਰ ਹੋਈ ਤਾਂ ਉਸ ਨੂੰ ਆਪਣਾ ਆਪ ਕੁਝ ਵੱਖਰਾ ਲੱਗ ਰਿਹਾ ਸੀ । ਮਨ ਦੇ ਅੰਦਰ ਕਿ ਕਿਸਮ ਦੇ ਵਿਚਾਰ ਘੁੰਮ ਰਹੇ ਸੀ ਕਿ ਮੈਂ ਹੁਣ ਮਹਿੰਦਰ ਨੂੰ ਕੀ ਕਹਾਂ। ਉਸ ਨੂੰ ਕੋਰਾ ਜਵਾਬ ਦੇ ਦੇਵਾਂ ਜਾਂ ਉਸ ਨੂੰ ਵਿਆਹ ਲਈ ਹਾਂ ਆਖ ਦੇਵਾਂ । ਇਸ ਘੁੰਮਣ ਘੇਰੀ ਵਿਚ ਕਦੋਂ ਉਹ ਦਫਤਰ ਪਹੁੰਚ ਗਈ ਉਸ ਨੂੰ ਪਤਾ ਹੀ ਨਾ ਲੱਗਾ। ਜਦੋਂ ਅੰਦਰ ਵੜੀ ਤਾਂ ਸਾਹਮਣੇ ਮਹਿੰਦਰ ਨਾਲ ਮੇਲ ਹੋਇਆ ਉਸ ਨੇ ਦੋਵੇਂ ਹੱਥ ਜੋੜ ਬੜੇ ਹੀ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਈ । ਜੈਲੋ ਦਾ ਮੂੰਹ ਸ਼ਰਮ ਨਾਲ ਝੁਕ ਗਿਆ ਤੇ ਉਸ ਨੇ ਸਤਿ ਸ੍ਰੀ ਅਕਾਲ ਦਾ ਉਤਰ ਦਿੱਤਾ । ਆਪੋ ਆਪਣੀ ਸੀਟ ਤੇ ਆਪਣੇ ਕੰਮਾਂ ਵਿਚ ਰੁਝ ਗਏ । ਲੰਚ ਟਾਈਮ ਤੇ ਉਹ ਇੱਕਠੇ ਹੀ ਦਫਤਰ ਵਿਚੋਂ ਨਿਕਲੇ । ਆਪੋ ਆਪਣਾ ਲੰਚ ਖਾਧਾ ਤੇ ਵਾਪਿਸ ਆ ਗਏ ਦੋਨੋ ਕੋਈ ਗੱਲ ਨਾ ਕਰ ਸਕੇ । ਛੁੱਟੀ ਹੋਣ ਤੇ ਮਹਿੰਦਰ ਨੇ ਕਿਹਾ ਕੇ ਅੱਜ ਆਪਾਂ ਇਕੱਠੇ ਚਲਾਂਗੇ ਮੈਂ ਮੋਟਰਸਾਈਕਲ ਤੇ ਆਇਆ ਹਾਂ । ਰਸਤੇ ਵਿਚ ਮੈਂ ਤੇਰੇ ਨਾਲ ਗੱਲਾਂ ਵੀ ਕਰ

(ਬਾਕੀ ਸਫਾ 16 ‘ਤੇ)

# Moon Indian Cuisine
510-780-9233



ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net

# Raja
New Introducing Chaat Corner
King of Sweets Now Presents
Come and Enjoy Mouth Watering Chaat All Day




ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

## RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100

# FAIRWAY BODY SHOP
ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ
ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Gurdial Aujla



Darshan Aujla
510-750-6116

1421 Industrial Parkway West #C
Hayward, CA 94644
510-538-2983

# Kash Fabrics
37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ
1. Wedding Lehngas
2. Mens wear-shervani
3. Kurte Pajame
4. Sharara Suits.
5. Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138



# Cosmetic & Family Dentistry

# UPPAL DENTAL CARE

50 % Discount for Cash Patients

INVISALIGN

Call for Details

Straighten Teeth Without Wires



Charanjit S Uppal D.D.S.

FREE TEETH WHITENING WITH PAID EXAM, X-RAY & CLEANING.
YOUR INSURANCE USUALLY COVER THESE SERVICES

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards
Most Insurance Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com






# Quick Lube & Smog

We rent U-HAUL

OIL CHANGE & SMOG CHECK STATION

# SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330



# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

## Onkar Singh Saini

5156 Mowry AVE. Fremont. CA 94538
Tel- 510-797-7111

# ਸਾਂਝੇ ਪੰਜਾਬ 'ਚ ਕਿਸਾਨਾਂ ਦੀ ਸਾਰ ਲੈਣ ਵਾਲੇ ਚੌਧਰੀ ਛੋਟੂ ਰਾਮ



ਲਖਵਿੰਦਰ ਜੌਹਲ ਧੱਲੇਕੇ

ਚੌਧਰੀ ਛੋਟੂ ਰਾਮ ਦਾ ਜਨਮ 24 ਨਵੰਬਰ 1881 ਨੂੰ ਵਰਤਮਾਨ ਹਰਿਆਣਾ ਦੇ ਜ਼ਿਲ੍ਹਾ ਰੋਹਤਕ ਦੇ ਪਿੰਡ ਗੜ੍ਹੀ ਸਾਂਪਲਾ ਵਿੱਚ ਮਾਤਾ ਸਰਲਾ ਦੇਵੀ ਅਤੇ ਪਿਤਾ ਸੁਖੀ ਰਾਮ ਜਾਟ ਦੇ ਘਰ ਹੋਇਆ। ਮਾਪਿਆਂ ਨੇ ਪੂਰਾ ਨਾਂ ਰਾਮ ਰਛਪਾਲ ਰੱਖਿਆ ਸੀ, ਪਰ ਘਰ ਵਿੱਚ ਸਭ ਤੋਂ ਛੋਟਾ ਬੱਚਾ ਹੋਣ ਕਰਕੇ ਨਾਂ ਛੋਟੂ ਰਾਮ ਪੈ ਗਿਆ। ਛੋਟੂ ਰਾਮ ਨੇ ਮੁੱਢਲੀ ਪੜ੍ਹਾਈ ਸਾਂਪਲਾ ਦੇ ਪ੍ਰਾਇਮਰੀ ਸਕੂਲ ਤੋਂ ਹੀ ਪੂਰੀ ਕੀਤੀ। ਅੱਗੇ ਮਿਡਲ ਦੀ ਪੜ੍ਹਾਈ ਲਈ ਪਿੰਡ ਤੋਂ ਬਾਰਾਂ ਮੀਲ ਦੂਰ ਝੱਜਰ ਦੇ ਮਿਡਲ ਸਕੂਲ ਵਿੱਚ ਦਾਖਲਾ ਲਿਆ ਅਤੇ ਸਾਲ 1899 ਵਿੱਚ ਮਿਡਲ ਤੱਕ ਦੀ ਪੜ੍ਹਾਈ ਪੂਰੀ ਕਰ ਲਈ। ਅੱਗੇ ਮੈਟ੍ਰਿਕ ਕਲਾਸਾਂ ਵਿੱਚ ਦਾਖਲਾ ਲੈਣ ਲਈ ਪੈਸਿਆਂ ਦੀ ਤੰਗੀ ਸੀ। ਆਪਣੇ ਪੁੱਤਰ ਦੀ ਅੱਗੇ ਪੜ੍ਹਨ ਦੀ ਇੱਛਾ ਨੂੰ ਵੇਖ ਕੇ ਪਿਤਾ ਸੁਖੀ ਰਾਮ ਨੇ ਕਰਜ਼ਾ ਲੈਣ ਬਾਰੇ ਸੋਚਿਆ। ਦੋਵੇਂ ਪਿਓ ਪੁੱਤ ਸਾਂਪਲਾ ਦੇ ਹੀ ਸ਼ਾਹੂਕਾਰ ਘਾਸੀ ਰਾਮ ਕੋਲ ਪਹੁੰਚੇ। ਸ਼ਾਹੂਕਾਰ ਨੇ ਕਰਜ਼ਾ ਤਾਂ ਕੀ ਦੇਣਾ ਸੀ ਸਗੋਂ ਦੋਵਾਂ ਪਿਓ ਪੁੱਤ ਨੂੰ ਬੋਲ-ਕੁਬੋਲ ਵੀ ਬੋਲੇ। ਇਸ ਘਟਨਾ ਤੋਂ ਬਾਅਦ ਛੋਟੂ ਰਾਮ ਨੇ ਮਨ ਵਿੱਚ ਧਾਰ ਲਿਆ ਕਿ ਇੱਕ ਦਿਨ ਉਹ ਮਿਹਨਤੀ ਤੇ ਗ਼ਰੀਬ ਕਿਸਾਨਾਂ ਨੂੰ ਲੁੱਟ ਕੇ ਐਸ਼ ਕਰਨ ਵਾਲੇ ਸ਼ਾਹੂਕਾਰਾਂ ਨੂੰ ਸਬਕ ਸਿਖਾਉਣਗੇ ਅਤੇ ਇਨ੍ਹਾਂ ਦੇ ਚੁੰਗਲ ਵਿੱਚੋਂ ਕਿਸਾਨਾਂ ਨੂੰ ਆਜ਼ਾਦ ਕਰਾਉਣਗੇ। ਬਾਅਦ ਵਿੱਚ ਚਾਚਾ ਰਾਜਾ ਰਾਮ ਦੀ ਮਦਦ ਨਾਲ ਛੋਟੂ ਰਾਮ ਨੂੰ ਦਿੱਲੀ ਦੇ ਸੇਂਟ ਸਟੀਫਨਜ਼ ਕ੍ਰਿਸਚੀਅਨ ਮਿਸ਼ਨ ਹਾਈ ਸਕੂਲ ਵਿੱਚ ਦਾਖਲਾ ਮਿਲ ਗਿਆ। ਇੱਥੋਂ ਸਾਲ 1901 ਵਿੱਚ ਪਹਿਲੇ ਦਰਜੇ ਵਿੱਚ ਛੋਟੂ ਰਾਮ ਨੇ ਮੈਟ੍ਰਿਕ ਦੀ ਪੜ੍ਹਾਈ ਪੂਰੀ ਕੀਤੀ। ਦੋ ਸਾਲ ਬਾਅਦ 1903 ਵਿੱਚ ਸੇਂਟ ਸਟੀਫਨਜ਼ ਕਾਲਜ ਤੋਂ ਇੰਟਰ (ਐੱਫ।ਏ।) ਵੀ ਪਾਸ ਕਰ ਲਈ।

ਛੋਟੂ ਰਾਮ ਅੱਗੇ ਪੜ੍ਹਨਾ ਚਾਹੁੰਦੇ ਸਨ, ਪਰ ਪੈਸੇ ਦੀ ਤੰਗੀ ਕਾਰਨ ਕੁਝ ਸਮਾਂ ਪਿੰਡ ਵਾਪਸ ਆ ਗਏ। ਇੱਕ ਦਿਨ ਗ਼ਾਜ਼ੀਆਬਾਦ ਦੇ ਰੇਲਵੇ ਸਟੇਸ਼ਨ 'ਤੇ ਉਨ੍ਹਾਂ ਦੀ ਮੁਲਾਕਾਤ ਸੇਠ ਛੱਜੂ ਰਾਮ ਨਾਲ ਹੋਈ। ਸੇਠ ਛੱਜੂ ਰਾਮ ਉੱਪਰ ਛੋਟੂ ਰਾਮ ਦੀਆਂ ਗੱਲਾਂ ਦਾ ਅਜਿਹਾ ਅਸਰ ਹੋਇਆ ਕਿ ਉਨ੍ਹਾਂ ਨੇ ਛੋਟੂ ਰਾਮ ਨਾਲ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਾਲੀ ਮਦਦ ਕਰਨ ਦਾ ਵਾਅਦਾ ਕੀਤਾ। ਛੋਟੂ ਰਾਮ ਦੀ ਅਗਲੀ ਸਾਰੀ ਪੜ੍ਹਾਈ ਦਾ ਖ਼ਰਚਾ ਚੁੱਕ ਕੇ ਇਹ ਵਾਅਦਾ ਨਿਭਾਇਆ ਵੀ ਜਿਸ ਕਰਕੇ ਉਹ ਸੇਠ ਛੱਜੂ ਰਾਮ ਨੂੰ ਧਰਮ ਦੇ ਪਿਤਾ ਮੰਨਣ ਲੱਗ ਪਏ। ਸਾਲ 1905 ਵਿੱਚ ਸੇਂਟ ਸਟੀਫਨਜ਼ ਕਾਲਜ ਤੋਂ ਬੀ।ਏ। ਪਾਸ ਕਰਨ ਮਗਰੋਂ ਉਨ੍ਹਾਂ ਨੂੰ ਰਿਆਸਤ ਕਾਲਾਕੰਕਰ ਦੇ ਰਾਜਾ ਰਾਮਪਾਲ ਦੇ ਨਿੱਜੀ ਸਕੱਤਰ ਵਜੋਂ ਨੌਕਰੀ ਮਿਲ ਗਈ। ਰਾਜੇ ਦੇ ਪੱਤਰ ਵਿਹਾਰ ਦਾ ਸਾਰਾ ਕੰਮ ਛੋਟੂ ਰਾਮ ਸੰਭਾਲਦੇ ਸਨ। ਇੱਥੇ ਉਨ੍ਹਾਂ ਨੇ ਰਿਆਸਤ ਦੇ 'ਹਿੰਦੋਸਤਾਨ' ਅਖ਼ਬਾਰ ਦਾ ਸੰਪਾਦਨ ਵੀ ਕੀਤਾ। ਬਾਅਦ ਵਿੱਚ ਕੁਝ ਸਮਾਂ ਭਰਤਪੁਰ ਰਿਆਸਤ ਵਿੱਚ ਵੀ ਨੌਕਰੀ ਕੀਤੀ। ਸਾਲ 1911 ਵਿੱਚ ਆਗਰਾ ਲਾਅ ਕਾਲਜ ਤੋਂ ਐੱਲਐੱਲਬੀ ਦੀ ਡਿਗਰੀ ਪਹਿਲੇ ਦਰਜੇ ਵਿੱਚ ਹਾਸਲ ਕੀਤੀ ਅਤੇ ਆਗਰੇ ਵਿੱਚ ਹੀ ਵਕਾਲਤ ਸ਼ੁਰੂ ਕੀਤੀ। ਇੱਥੇ ਉਹ ਗ਼ਰੀਬ ਅਤੇ ਕਰਜ਼ਈ ਕਿਸਾਨਾਂ ਦੇ ਮੁਕੱਦਮੇ ਬਿਨਾਂ ਕੋਈ ਫ਼ੀਸ ਲਿਆਂ ਲੜਦੇ ਰਹੇ ਤੇ ਸਾਰੀ ਜ਼ਿੰਦਗੀ ਇੰਜ ਹੀ ਕੀਤਾ। ਆਗਰੇ ਵਿੱਚ ਦੀਵਾਨੀ ਅਤੇ ਫ਼ੌਜਦਾਰੀ ਮੁਕੱਦਮਿਆਂ ਵਿੱਚ ਆਪਣੇ ਨਾਂ ਦੀ ਧਾਂਕ ਜਮਾਉਣ ਤੋਂ ਬਾਅਦ ਰੋਹਤਕ ਆ ਗਏ। ਇੱਥੇ ਵੀ ਉਹ ਪ੍ਰਸਿੱਧ ਵਕੀਲ ਵਜੋਂ ਜਾਣੇ ਗਏ। ਛੋਟੂ ਰਾਮ ਖ਼ੁਦ ਕਿਸਾਨ ਪਰਿਵਾਰ ਤੋਂ ਹੋਣ ਕਰਕੇ ਕਿਸਾਨਾਂ ਨਾਲ ਐਨੇ ਘੁਲ ਮਿਲ ਜਾਂਦੇ ਸਨ ਕਿ ਕਈ ਵਾਰ ਦੋਵਾਂ ਧੜਿਆਂ ਦਾ ਫ਼ੈਸਲਾ ਅਦਾਲਤੋਂ ਬਾਹਰ ਹੀ ਕਰਵਾ ਦਿੰਦੇ ਸਨ। ਬਚਪਨ ਵਿੱਚ ਛੋਟੂ ਰਾਮ ਨੂੰ ਮਿਡਲ ਦੀ ਪੜ੍ਹਾਈ ਤੋਂ ਬਾਅਦ ਅਗਲੇਰੀ ਪੜ੍ਹਾਈ ਦਿੱਲੀ ਜਾਣਾ ਪਿਆ ਸੀ। ਉਸ ਸਮੇਂ ਤੱਕ ਪੂਰੇ ਰੋਹਤਕ ਜ਼ਿਲ੍ਹੇ ਵਿੱਚ ਕੋਈ ਹਾਈ ਸਕੂਲ ਨਹੀਂ ਸੀ ਬਣਿਆ। ਆਮ ਮਾਪਿਆਂ ਵਾਂਗ ਉਨ੍ਹਾਂ ਦੇ ਮਾਪਿਆਂ ਨੂੰ ਵੀ ਦਿੱਲੀ ਵਰਗੇ ਸ਼ਹਿਰ ਵਿੱਚ ਆਪਣੇ ਬੱਚੇ ਦੇ ਵਿਗੜ ਜਾਣ ਦਾ ਡਰ ਸੀ। ਇਸੇ ਡਰ ਕਰਕੇ ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਅੱਗੇ ਪੜ੍ਹਨ ਨਹੀਂ ਸਨ ਦਿੰਦੇ। ਛੋਟੂ ਰਾਮ ਦੇ ਯਤਨਾਂ ਨਾਲ ਸੰਨ 1913 ਵਿੱਚ ਜ਼ਿਲ੍ਹੇ ਦਾ ਪਹਿਲਾ ਹਾਈ ਸਕੂਲ (ਜਾਟ ਹਾਈ ਸਕੂਲ) ਖੋਲ੍ਹਿਆ ਗਿਆ। 1916 ਵਿੱਚ ਆਮ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਲਈ ਉਨ੍ਹਾਂ ਨੇ ਹਫ਼ਤਾਵਾਰੀ ਅਖ਼ਬਾਰ 'ਜਾਟ ਗਜ਼ਟ' ਸ਼ੁਰੂ ਕੀਤਾ। ਪਿੰਡਾਂ ਦੀਆਂ ਸੱਥਾਂ ਵਿੱਚ ਇਸ ਵਿੱਚ ਲਿਖੇ ਲੇਖ ਤੇ ਹੋਰ ਮਸਲੇ ਕਿਸਾਨ ਪੜ੍ਹਦੇ ਅਤੇ ਵਿਚਾਰਾਂ ਕਰਦੇ। ਇਸ ਤਰ੍ਹਾਂ ਕਿਸਾਨ ਛੋਟੂ ਰਾਮ ਦੇ ਪ੍ਰਸ਼ੰਸਕ ਬਣਦੇ ਗਏ। ਆਰਥਿਕ ਤੰਗੀ ਕਾਰਨ ਕੁਝ ਸਮਾਂ ਅਖ਼ਬਾਰ ਬੰਦ ਵੀ ਕਰਨਾ ਪਿਆ, ਪਰ ਬਾਅਦ ਵਿੱਚ ਕਾਫ਼ੀ ਚੰਦਾ ਇਕੱਠਾ ਹੋਣ ਕਰਕੇ ਅਖ਼ਬਾਰ ਦੁਬਾਰਾ ਸ਼ੁਰੂ ਹੋ ਗਿਆ ਅਤੇ ਪੂਰੇ ਪੰਜਾਬ ਦੇ ਦੂਰ-ਦੁਰਾਡੇ ਪਿੰਡਾਂ ਵਿੱਚ ਪਹੁੰਚਣ ਲੱਗ ਪਿਆ।

ਸੰਨ 1921 ਵਿੱਚ ਪੰਜਾਬ ਕੌਂਸਲ ਦੀਆਂ ਚੋਣਾਂ ਵਿੱਚ ਉਹ ਆਜ਼ਾਦ ਉਮੀਦਵਾਰ ਵਜੋਂ ਖੜ੍ਹੇ ਹੋਏ ਅਤੇ ਇਹ ਚੋਣ ਹਾਰ ਗਏ। ਇਹ ਹਾਰ ਉਨ੍ਹਾਂ ਦੇ ਅਤੇ ਕਿਸਾਨ ਵਰਗ ਦੇ ਉੱਜਲੇ ਭਵਿੱਖ ਲਈ ਵਰਦਾਨ ਸਾਬਤ ਹੋਈ। ਅਗਲੀਆਂ ਚੋਣਾਂ ਤੱਕ ਉਨ੍ਹਾਂ ਨੂੰ ਪੰਜਾਬ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਹੋਰ ਨੇੜਿਓਂ ਜਾਣਨ ਦਾ ਮੌਕਾ ਮਿਲਿਆ। ਸੰਨ 1923 ਦੀਆਂ ਚੋਣਾਂ ਵਿੱਚ ਉਹ ਵੱਡੇ ਫ਼ਰਕ ਨਾਲ ਜਿੱਤੇ। ਇਸੇ ਸਾਲ ਉਨ੍ਹਾਂ ਦਾ ਮੇਲ ਫ਼ਜ਼ਲ-ਏ-ਹੁਸੈਨ ਅਤੇ ਸਿਕੰਦਰ ਹਯਾਤ ਖਾਨ ਨਾਲ ਹੋਇਆ। ਇਨ੍ਹਾਂ ਸਾਰਿਆਂ ਨੇ ਰਲ ਕੇ ਨੈਸ਼ਨਲ ਯੂਨੀਅਨਿਸਟ ਪਾਰਟੀ ਬਣਾਈ ਜੋ ਬਾਅਦ ਵਿੱਚ ਜ਼ਿਮੀਂਦਾਰਾ ਲੀਗ ਦੇ ਨਾਂ ਨਾਲ ਵੀ ਮਸ਼ਹੂਰ ਹੋਈ। ਇਸ ਪਾਰਟੀ ਦਾ ਕਿਸੇ ਧਰਮ ਨਾਲ ਕੋਈ ਲੈਣਾ ਦੇਣਾ ਨਹੀਂ ਸੀ। 'ਸਭ ਦੇ ਆਰਥਿਕ ਹਿੱਤਾਂ ਦੀ ਰਾਖੀ' ਇਸ ਪਾਰਟੀ ਦਾ ਨਾਅਰਾ ਸੀ। ਤਿੰਨਾਂ ਧਰਮਾਂ ਦੇ ਲੋਕ ਇਸ ਪਾਰਟੀ ਨਾਲ ਜੁੜ ਗਏ। 'ਜਾਟ ਗਜ਼ਟ' ਇਸ ਪਾਰਟੀ ਦਾ ਬੁਲਾਰਾ ਬਣ ਗਿਆ ਜਿਸ ਨਾਲ ਪੰਜਾਬ ਦੇ ਆਮ ਕਿਸਾਨਾਂ ਨੂੰ ਇਸ ਪਾਰਟੀ ਨਾਲ ਜੁੜਨ ਦਾ ਮੌਕਾ ਮਿਲਿਆ। ਫ਼ਜ਼ਲ-ਏ-ਹੁਸੈਨ ਦੇ ਸਹਿਯੋਗ ਨਾਲ 22 ਸਤੰਬਰ 1924 ਨੂੰ ਚੌਧਰੀ ਛੋਟੂ ਰਾਮ ਨੇ ਪੰਜਾਬ ਦੇ ਖੇਤੀਬਾੜੀ ਅਤੇ ਉਦਯੋਗ ਮੰਤਰੀ ਵਜੋਂ ਸਹੁੰ ਚੁੱਕੀ। 1925 ਵਿੱਚ ਸਿੱਖਿਆ ਵਿਭਾਗ ਵੀ ਉਨ੍ਹਾਂ ਨੂੰ ਮਿਲ ਗਿਆ। ਇਸ ਤਰ੍ਹਾਂ ਤਿੰਨ ਮਹਿਕਮਿਆਂ ਦੇ ਅਨੇਕਾਂ ਕੰਮ ਚੌਧਰੀ ਛੋਟੂ ਰਾਮ ਨੇ ਕੀਤੇ। 1937 'ਚ ਪੰਜਾਬ ਦੀਆਂ ਸੂਬਾਈ ਚੋਣਾਂ ਦੇ ਐਲਾਨ ਹੋਣ ਤੋਂ ਤੁਰੰਤ ਬਾਅਦ ਉਹ ਚੋਣ ਮੁਹਿੰਮ ਵਿੱਚ ਰੁੱਝ ਗਏ। ਆਵਾਜਾਈ ਦੇ ਸੀਮਿਤ ਸਾਧਨ ਹੋਣ ਦੇ ਬਾਵਜੂਦ ਉਨ੍ਹਾਂ ਨੇ ਉਸ ਸਮੇਂ ਯੂਰਪ ਦੇ ਕਈ ਦੇਸ਼ਾਂ ਨਾਲੋਂ ਵੱਡੇ ਪੰਜਾਬ ਦਾ ਕੋਨਾ ਕੋਨਾ ਗਾਹ ਦਿੱਤਾ। ਉਹ ਜਿੱਥੇ ਵੀ ਜਾਂਦੇ ਧੜੱਲੇ ਨਾਲ ਭਾਸ਼ਣ ਦਿੰਦੇ। ਛੋਟੂ ਰਾਮ ਦੀ ਮਿਹਨਤ ਸਦਕਾ ਯੂਨੀਅਨਿਸਟ ਪਾਰਟੀ 175 ਵਿੱਚੋਂ 95 ਸੀਟਾਂ ਜਿੱਤ ਗਈ। ਕਾਂਗਰਸ ਨੂੰ 18 ਸੀਟਾਂ, ਅਕਾਲੀ ਦਲ ਨੂੰ 10 ਸੀਟਾਂ ਮਿਲੀਆਂ ਅਤੇ ਆਜ਼ਾਦ ਉਮੀਦਵਾਰ 51 ਸੀਟਾਂ ਜਿੱਤੇ। ਮੁਸਲਿਮ ਲੀਗ ਸਿਰਫ਼ ਇੱਕ ਸੀਟ ਹਾਸਲ ਕਰ ਸਕੀ। ਪੰਜਾਬ ਦੇ ਪ੍ਰੀਮੀਅਰ (ਉਸ ਸਮੇਂ ਮੁੱਖ ਮੰਤਰੀ ਨੂੰ ਪ੍ਰੀਮੀਅਰ ਕਿਹਾ ਜਾਂਦਾ ਸੀ) ਸਿਕੰਦਰ ਹਯਾਤ ਖ਼ਾਨ ਬਣੇ ਅਤੇ ਚੌਧਰੀ ਛੋਟੂ ਰਾਮ ਨੂੰ ਮਾਲ ਮਹਿਕਮਾ ਮਿਲਿਆ। ਇਸੇ ਸਾਲ ਉਨ੍ਹਾਂ ਦੀਆਂ ਪਿਛਲੀਆਂ ਸੇਵਾਵਾਂ ਦੇ ਮੱਦੇਨਜ਼ਰ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ 'ਸਰ' ਦੀ ਉਪਾਧੀ ਦਿੱਤੀ।

ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੱਕ ਵੀ ਕਿਸਾਨਾਂ ਦੀ ਭਲਾਈ ਲਈ ਕੋਈ ਪੱਕਾ ਕਾਨੂੰਨ ਨਹੀਂ ਸੀ ਬਣਿਆ ਹੋਇਆ। ਸ਼ਾਹੂਕਾਰ ਵਰਗ ਕਿਸਾਨਾਂ ਨੂੰ ਮਨਮਰਜ਼ੀ ਦੇ ਵਿਆਜ 'ਤੇ ਕਰਜ਼ਾ ਦਿੰਦੇ ਸਨ। ਅਨਪੜ੍ਹ ਕਿਸਾਨ ਕੋਈ ਹਿਸਾਬ-ਕਿਤਾਬ ਵੀ ਨਹੀਂ ਸਨ ਰੱਖਦੇ ਤੇ ਸ਼ਾਹੂਕਾਰ ਨਾ ਹੀ ਉਨ੍ਹਾਂ ਨੂੰ ਕਦੇ ਕੁਝ ਦੱਸਦੇ ਸਨ। ਜਦੋਂ ਮੌਕਾ ਮਿਲਦਾ ਕਿਸਾਨ ਦਾ ਘਰ, ਜ਼ਮੀਨ, ਘਰੇਲੂ ਸਾਮਾਨ ਅਤੇ ਹੋਰ ਮਾਲ ਡੰਗਰ ਕੁਰਕ ਕਰਵਾ ਕੇ ਉਸ 'ਤੇ ਕਬਜ਼ਾ ਕਰ ਲੈਂਦੇ। ਇੱਥੋਂ ਤੱਕ ਕਿ ਹੋਰ ਕਿਰਤੀਆਂ ਤੋਂ ਵੀ ਰੋਜ਼ੀ ਰੋਟੀ ਕਮਾਉਣ ਵਾਲੇ ਸਾਧਨ ਵੀ ਖੋਹ ਕੇ ਲੈ ਜਾਂਦੇ। ਇਸ ਵਿੱਚ ਭ੍ਰਿਸ਼ਟ ਅਫ਼ਸਰ ਸ਼ਾਹੂਕਾਰਾਂ ਦਾ ਪੂਰਾ ਸਾਥ ਦਿੰਦੇ। ਜਦੋਂ ਛੋਟੂ ਰਾਮ ਨੇ ਕਿਸਾਨਾਂ ਦੇ ਹੱਕਾਂ ਦੀ ਗੱਲ ਕਰਨੀ ਸ਼ੁਰੂ ਕੀਤੀ ਤਾਂ ਕਿਸਾਨਾਂ ਨੂੰ ਲੱਗਾ ਕਿ ਹੁਣ ਕੋਈ ਉਨ੍ਹਾਂ ਦੀ ਸਾਰ ਲੈਣ ਵਾਲਾ ਆ ਗਿਆ ਹੈ। ਉਨ੍ਹਾਂ ਦੀ ਅਗਵਾਈ ਵਿੱਚ ਉਹ ਯੂਨੀਅਨਿਸਟ ਪਾਰਟੀ/ਜ਼ਿਮੀਂਦਾਰਾ ਲੀਗ ਦੇ ਝੰਡੇ ਹੇਠ ਇਕੱਠੇ ਹੋਣ ਲੱਗੇ। ਛੋਟੂ ਰਾਮ ਨੇ 1930 ਤੋਂ 1945 ਦੌਰਾਨ ਕਿਸਾਨ ਭਲਾਈ ਦੇ 22 ਕਾਨੂੰਨ ਅਤੇ ਹੋਰ ਬਿੱਲ ਅੰਗਰੇਜ਼ਾਂ ਕੋਲੋਂ ਪਾਸ ਕਰਵਾਏ ਅਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਆਪਣੇ ਅੰਤਲੇ ਸਮੇਂ ਤੱਕ ਦਿਨ ਰਾਤ ਇੱਕ ਕਰ ਦਿੱਤਾ।

ਸੰਨ 1930 ਵਿੱਚ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦੀ ਸਮੱਸਿਆ ਹੱਲ ਕਰਨ ਲਈ 'ਦਿ ਪੰਜਾਬ ਰੈਗੂਲੇਸ਼ਨ ਆਫ ਅਕਾਊਂਟਸ ਐਕਟ 1930' ਬਣਵਾਇਆ। ਇਸ ਵਿੱਚ ਹਰ ਕਿਸਾਨ ਦੇ ਖਾਤੇ ਬਾਰੇ ਪੂਰੀ ਜਾਣਕਾਰੀ ਦੇ ਕੇ ਛਿਮਾਹੀ ਸਰਕਾਰੀ ਨਿਰੀਖਣ ਕਰਵਾਉਣਾ ਜ਼ਰੂਰੀ ਕਰ ਦਿੱਤਾ। 1934 ਵਿੱਚ 'ਦਿ ਪੰਜਾਬ ਰਿਲੀਫ਼ ਆਫ ਇਨਡੈਬਟਡਨੈੱਸ ਐਕਟ' ਰਾਹੀਂ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਈ। ਇਸ ਵਿੱਚ 'ਦਾਮ ਦੁੱਪੜ' ਨੀਤੀ ਨਾਲ ਮੂਲ ਰਾਸ਼ੀ ਨਾਲੋਂ ਦੁੱਗਣਾ ਵਿਆਜ ਭਰ ਦੇਣ 'ਤੇ ਖਾਤਾ ਬੰਦ ਹੋ ਜਾਣਾ ਸੀ। ਮਾਲ ਡੰਗਰ ਤੇ ਖੇਤੀ ਸੰਦਾਂ ਦੀ ਕੁਰਕੀ ਅਤੇ ਕਿਸਾਨਾਂ ਦੀ ਗ੍ਰਿਫ਼ਤਾਰੀ ਉੱਤੇ ਰੋਕ ਲਗਾ ਦਿੱਤੀ ਗਈ ਸੀ। ਇਨ੍ਹਾਂ ਵਿੱਚੋਂ ਸਭ ਤੋਂ ਪਹਿਲੇ ਕਾਨੂੰਨ ਦੇ ਪਾਸ ਹੋਣ ਉਪਰੰਤ ਪੰਜਾਬ ਵਿੱਚ ਕਈ ਥਾਂਈਂ ਸ਼ਾਹੂਕਾਰਾਂ ਵੱਲੋਂ ਵਹੀਆਂ-ਖਾਤੇ ਸਾੜਨ ਦੀਆਂ ਘਟਨਾਵਾਂ ਦਾ ਜ਼ਿਕਰ ਵੀ ਮਿਲਦਾ ਹੈ। ਛੋਟੂ ਰਾਮ ਦੇ ਪਾਸ ਕਰਵਾਏ ਕਾਨੂੰਨਾਂ ਵਿੱਚੋਂ ਇੱਕ 'ਦਿ ਪੰਜਾਬ ਰੈਸਟੀਟਿਊਸ਼ਨ ਆਫ ਮਾਰਟਗੇਜਡ ਲੈਂਡ ਐਕਟ 1938' ਸੀ। ਇਸ ਕਾਨੂੰਨ ਰਾਹੀਂ 8 ਜੂਨ 1901 ਤੋਂ ਲੈ ਕੇ 1938 ਤੱਕ ਅਸਲ ਮਾਲਕਾਂ ਦੀ ਸ਼ਾਹੂਕਾਰ ਕੋਲ ਗਹਿਣੇ ਪਈ ਜ਼ਮੀਨ ਇਸ ਕਾਨੂੰਨ ਦੇ ਪਾਸ ਹੁੰਦੇ ਹੀ ਅਸਲ ਮਾਲਕ ਦੀ ਹੋ ਜਾਣੀ ਸੀ। ਇਸ ਜ਼ਮੀਨ ਨੂੰ ਜੇ ਗਹਿਣੇ ਪਿਆਂ 20 ਸਾਲ ਹੋ ਗਏ ਹੋਣ ਅਤੇ ਸ਼ਾਹੂਕਾਰ ਦੋ ਦਹਾਕੇ ਜਾਂ ਇਸ ਤੋਂ ਵੀ ਵੱਧ ਸਮਾਂ ਇਸ ਜ਼ਮੀਨ ਦੀ ਆਮਦਨ ਖਾ ਚੁੱਕਿਆ ਹੈ ਤਾਂ ਹੁਣ ਉਸ ਨੂੰ ਇਸ ਜ਼ਮੀਨ 'ਤੇ ਕਬਜ਼ਾ ਰੱਖਣ ਦਾ ਕੋਈ ਅਧਿਕਾਰ ਨਹੀਂ ਸੀ। ਅਸਲ ਮਾਲਕ ਨੇ ਆਪਣੀ ਜ਼ਮੀਨ ਦਾ ਵੇਰਵਾ ਇੱਕ ਸਾਦੇ ਕਾਗਜ਼ 'ਤੇ ਲਿਖ ਕੇ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦੇਣੀ ਹੁੰਦੀ ਸੀ, ਨਿਸ਼ਚਿਤ ਸਮੇਂ ਵਿੱਚ ਇਸ ਦੀ ਪੜਤਾਲ ਪਿੱਛੋਂ ਇਹ ਜ਼ਮੀਨ ਅਸਲ ਮਾਲਕ ਦੀ ਹੋ ਜਾਣੀ ਸੀ। ਕਿਸਾਨ ਨੂੰ ਪੱਲਿਓਂ ਕੋਈ ਖਰਚ ਨਹੀਂ ਕਰਨਾ ਪੈਂਦਾ ਸੀ। ਨਤੀਜਾ ਇਹ ਹੋਇਆ ਕਿ 8 ਲੱਖ 35 ਹਜ਼ਾਰ ਏਕੜ ਜ਼ਮੀਨ ਜਿਸ ਦੀ ਆਮਦਨ ਵੀਹ ਸਾਲ ਜਾਂ ਉਸ ਤੋਂ ਵੀ ਵੱਧ ਸਮੇਂ ਤੋਂ ਸ਼ਾਹੂਕਾਰ ਕੇਵਲ 4 ਲੱਖ 13 ਹਜ਼ਾਰ ਰੁਪਏ ਕਰਜ਼ਾ ਦੇ ਕੇ ਖਾਂਦੇ ਰਹੇ ਸਨ, 3 ਲੱਖ 65 ਹਜ਼ਾਰ ਕਿਸਾਨਾਂ ਨੂੰ ਮੁਫ਼ਤ ਵਿੱਚ ਵਾਪਸ ਮਿਲ ਗਈ।

ਚੌਧਰੀ ਛੋਟੂ ਰਾਮ ਨੇ ਕਿਸਾਨ ਭਲਾਈ ਫੰਡ ਦੀ ਸਥਾਪਨਾ ਵੀ ਕੀਤੀ। ਇਸ ਫੰਡ ਵਿੱਚੋਂ ਹੜ੍ਹਾਂ, ਸੋਕਿਆਂ ਅਤੇ ਹੋਰ ਕਿਸੇ ਨੁਕਸਾਨ ਨਾਲ ਖ਼ਰਾਬ ਹੋਈ ਫ਼ਸਲ ਦੇ ਮਾਲਕ ਕਿਸਾਨਾਂ ਨੂੰ ਕੁਝ ਰਾਹਤ ਮਿਲਣ ਲੱਗੀ। ਇਸ ਫੰਡ ਵਿੱਚੋਂ ਹੀ ਪੇਂਡੂ ਵਰਗ ਦੇ ਕਿਸਾਨ ਅਤੇ ਹੋਰ ਵਰਗਾਂ ਦੇ ਬੱਚਿਆਂ ਲਈ ਵਜ਼ੀਫ਼ਾ ਸ਼ੁਰੂ ਹੋਇਆ। ਭੌਤਿਕ ਵਿਗਿਆਨ ਵਿੱਚ ਨੋਬੇਲ ਪੁਰਸਕਾਰ ਹਾਸਲ ਕਰਨ ਵਾਲੇ ਪਾਕਿਸਤਾਨੀ ਵਿਗਿਆਨੀ ਡਾ। ਅਬਦੁਸ ਸਲਾਮ ਇਸੇ ਵਜ਼ੀਫ਼ੇ ਸਦਕਾ ਵਿਦੇਸ਼ ਵਿੱਚ ਉੱਚ ਵਿੱਦਿਆ ਹਾਸਲ ਕਰ ਸਕੇ। ਅਗਸਤ 1995 ਵਿੱਚ ਚੌਧਰੀ ਛੋਟੂ ਰਾਮ ਦੀ 50ਵੀਂ ਬਰਸੀ ਮੌਕੇ ਡਾ. ਅਬਦੁਸ ਸਲਾਮ ਨੇ ਪਾਕਿਸਤਾਨ ਦੇ ਅੰਗਰੇਜ਼ੀ ਅਖ਼ਬਾਰ 'ਡਾਅਨ' ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। 1925 ਵਿੱਚ ਸਿੱਖਿਆ ਮੰਤਰੀ ਹੁੰਦਿਆਂ ਉਨ੍ਹਾਂ ਨੇ ਲੜਕੀਆਂ ਦੀ ਸਿੱਖਿਆ ਲਈ ਕਈ 'ਗੁਰੂਕੁਲ' ਖੁੱਲ੍ਹਵਾਏ। ਉਸ ਸਮੇਂ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਨੂੰ ਕਾਨੂੰਨ ਮੁਤਾਬਿਕ ਕਾਸ਼ਤਕਾਰ ਦਾ ਦਰਜਾ ਨਹੀਂ ਮਿਲਦਾ ਸੀ। ਜੇ ਕਿਸੇ ਕਿਸਾਨ ਦੀ ਮੌਤ ਹੋ ਜਾਣੀ ਤਾਂ ਉਸ ਦੀ ਪਤਨੀ ਦਾ ਘਰ 'ਤੇ ਕੋਈ ਹੱਕ ਨਹੀਂ ਸੀ ਰਹਿ ਜਾਂਦਾ। ਉਨ੍ਹਾਂ ਨੇ ਔਰਤਾਂ ਨੂੰ ਕਾਸ਼ਤਕਾਰ ਦਾ ਕਾਨੂੰਨੀ ਦਰਜਾ ਦਿਵਾ ਕੇ ਹਜ਼ਾਰਾਂ ਪਰਿਵਾਰਾਂ ਨੂੰ ਸੜਕ 'ਤੇ ਆਉਣ ਤੋਂ ਬਚਾਇਆ।

ਪਹਿਲਾਂ ਕਿਸਾਨਾਂ ਦੀ ਫ਼ਸਲ ਨੂੰ ਮੰਡੀਆਂ ਵਿੱਚ ਆੜ੍ਹਤੀਏ ਤੇ ਵਪਾਰੀ ਜਾਣਬੁੱਝ ਕੇ ਮਨਮਰਜ਼ੀ ਦੇ ਮੁੱਲ 'ਤੇ ਖਰੀਦਦੇ ਸਨ। ਕਿਸਾਨਾਂ ਦੀ ਹੁੰਦੀ ਇਹ ਲੁੱਟ ਰੋਕਣ ਲਈ ਉਨ੍ਹਾਂ ਨੇ 1939 ਵਿੱਚ 'ਦਿ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕੀਟਿੰਗ ਐਕਟ' ਪਾਸ ਕਰਵਾਇਆ। ਇਸ ਰਾਹੀਂ ਜਿਣਸ ਦਾ ਪੂਰਾ ਬਣਦਾ ਮੁੱਲ ਦਿਵਾਉਣ ਲਈ ਮਾਰਕੀਟ ਕਮੇਟੀਆਂ ਸਥਾਪਿਤ ਕੀਤੀਆਂ ਗਈਆਂ। ਅਨਾਜ ਦੀ ਖੁੱਲ੍ਹੀ ਬੋਲੀ ਲਾਉਣਾ ਤੇ ਕਿਸਾਨਾਂ ਨੂੰ ਸਹੂਲਤਾਂ ਦੇਣਾ ਇਸ ਦੇ ਮੁੱਖ ਮਨਸ਼ੇ ਸਨ। ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੇ ਮਿਲਦੇ ਘੱਟ ਤੋਂ ਘੱਟ ਸਮਰਥਨ ਮੁੱਲ (ਐੱਮ।ਐੱਸ।ਪੀ।) ਦੀ ਸ਼ੁਰੂਆਤ ਕਰਨ ਵਾਲੇ ਵੀ ਚੌਧਰੀ ਛੋਟੂ ਰਾਮ ਹੀ ਸਨ। ਦੂਜੀ ਸੰਸਾਰ ਜੰਗ ਸਮੇਂ ਵਾਇਸਰਾਇ ਲਾਰਡ ਵੇਵਲ ਨੇ ਭਾਰਤ ਦੇ ਸਾਰੇ ਸੂਬਿਆਂ ਦੇ ਖੇਤੀਬਾੜੀ ਮੰਤਰੀਆਂ ਦੀ ਮੀਟਿੰਗ ਬੁਲਾਈ ਤਾਂ ਉਸ ਨੇ ਭਾਰਤ ਤੋਂ ਵਿਦੇਸ਼ ਭੇਜੀ ਜਾਣ ਵਾਲੀ ਕਣਕ ਦਾ ਮੁੱਲ ਛੇ ਰੁਪਏ ਮਣ ਰੱਖਣਾ ਚਾਹਿਆ। ਮੰਡੀ ਵਿੱਚ ਕਣਕ ਦਸ ਰੁਪਏ ਮਣ ਵਿਕ ਰਹੀ ਸੀ। ਇਸ ਤੋਂ ਪਹਿਲਾਂ ਸਰਕਾਰ ਬੰਗਾਲ ਦੇ ਕਿਸਾਨਾਂ ਕੋਲੋਂ ਚੌਲ ਬਹੁਤ ਸਸਤੇ ਭਾਅ ਖਰੀਦ ਚੁੱਕੀ ਸੀ ਅਤੇ 30 ਲੱਖ ਬੰਗਾਲੀ ਭੁੱਖਮਰੀ ਦਾ ਸ਼ਿਕਾਰ ਹੋ ਗਏ ਸਨ। ਛੋਟੂ ਰਾਮ ਇਸ ਤੋਂ ਚੰਗੀ ਤਰ੍ਹਾਂ ਜਾਣੂੰ ਸੀ। ਉਹ ਪੰਜਾਬ ਨੂੰ ਬੰਗਾਲ ਵਾਲੇ ਹਾਲਾਤ ਵਿੱਚ ਹਰਗਿਜ਼ ਧੱਕਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਨੇ ਵਾਇਸਰਾਇ ਨੂੰ ਕਿਹਾ ਕਿ ਪੰਜਾਬ ਤੋਂ ਕਣਕ ਦਾ ਦਾਣਾ ਵੀ 10 ਰੁਪਏ ਮਣ ਤੋਂ ਘੱਟ ਕੀਮਤ 'ਤੇ ਬਾਹਰ ਨਹੀਂ ਜਾਵੇਗਾ ਅਤੇ ਜੇ ਕਿਸੇ ਕਿਸਮ ਦਾ ਵੀ ਧੱਕਾ ਕੀਤਾ ਗਿਆ ਤਾਂ ਪੰਜਾਬੀ ਆਪਣੀ ਖੜ੍ਹੀ ਫ਼ਸਲ ਨੂੰ ਅੱਗ ਲਾ ਦੇਣਗੇ। ਵਾਇਸਰਾਇ ਅੱਗ ਬਗੂਲਾ ਹੋ ਕੇ ਉੱਠ ਕੇ ਚਲਾ ਗਿਆ। ਵਾਇਸਰਾਇ ਨੇ ਪੰਜਾਬ ਦੇ ਗਵਰਨਰ ਨੂੰ ਹੁਕਮ ਦਿੱਤਾ ਕਿ ਛੋਟੂ ਰਾਮ ਤੋਂ ਮੰਤਰੀ ਦਾ ਅਹੁਦਾ ਵਾਪਸ ਲੈ ਲਿਆ ਜਾਵੇ। ਗਵਰਨਰ ਨੇ ਵਾਇਸਰਾਇ ਨੂੰ ਸਲਾਹ ਦਿੰਦਿਆਂ ਕਿਹਾ, "ਜੇ ਅਜਿਹਾ ਹੋਇਆ ਤਾਂ ਪੰਜਾਬ ਹੀ ਨਹੀਂ ਸਗੋਂ ਬਾਹਰ ਵੀ ਗੜਬੜ ਹੋ ਜਾਵੇਗੀ।" ਫਿਰ ਅੰਗਰੇਜ਼ ਸਰਕਾਰ ਨੂੰ ਕਣਕ 10 ਰੁਪਏ ਮਣ ਹੀ ਖਰੀਦਣੀ ਪਈ।

ਮੁਸਲਮਾਨਾਂ ਲਈ ਵੱਖਰੇ ਮੁਲਕ ਦੀ ਮੰਗ ਕਰਨ ਵਾਲੀ ਮੁਸਲਿਮ ਲੀਗ ਅਤੇ ਇਸ ਦੇ ਨੇਤਾ ਮੁਹੰਮਦ ਅਲੀ ਜਿਨਾਹ ਨੂੰ ਮੁਸਲਿਮ ਬਹੁਗਿਣਤੀ ਸੂਬੇ ਪੰਜਾਬ ਵਿੱਚ ਧਰਮ ਨਿਰਪੱਖ ਪਾਰਟੀ ਯੂਨੀਅਨਿਸਟ ਪਾਰਟੀ/ਜਿਮੀਂਦਾਰਾ ਲੀਗ ਦਾ ਸੱਤਾ ਵਿੱਚ ਆਉਣਾ ਹਜ਼ਮ ਨਹੀਂ ਹੋ ਰਿਹਾ ਸੀ। ਉਹ ਵੱਖਰੇ ਮੁਲਕ ਦੀ ਮੰਗ ਦੇ ਰਾਹ ਵਿੱਚ ਚੌਧਰੀ ਛੋਟੂ ਰਾਮ ਨੂੰ ਇੱਕ ਵੱਡਾ ਰੋੜਾ ਸਮਝਦਾ ਸੀ। ਫ਼ਜ਼ਲ-ਏ-ਹੁਸੈਨ ਅਤੇ ਸਿਕੰਦਰ ਹਯਾਤ ਖਾਨ ਨੂੰ ਵਰਗਲਾਉਣ ਵਿੱਚ ਉਹ ਪੂਰੀ ਤਰ੍ਹਾਂ ਅਸਫ਼ਲ ਹੋ ਗਿਆ ਸੀ। ਨਤੀਜੇ ਵਜੋਂ ਉਸ ਨੇ ਚੌਧਰੀ ਛੋਟੂ ਰਾਮ ਨੂੰ ਵਰਗਲਾਉਣਾ ਚਾਹਿਆ। ਮਮਦੋਟ ਵਿਲਾ ਵਿੱਚ ਦੋਹਾਂ ਲੀਡਰਾਂ ਦਰਮਿਆਨ ਮੀਟਿੰਗ ਰੱਖੀ ਗਈ। ਜਿਨਾਹ ਨੇ ਉਨ੍ਹਾਂ ਨੂੰ ਪੰਜਾਬ ਦੀ ਵਜ਼ਾਰਤ ਵਿੱਚ ਬਹੁਗਿਣਤੀ ਮੁਸਲਮਾਨ ਮੈਂਬਰ ਹੋਣ ਦਾ ਹਵਾਲਾ ਦਿੰਦਿਆਂ ਮੁਸਲਿਮ ਲੀਗ ਨਾਲ ਮਿਲ ਕੇ ਚੱਲਣ ਦੀ ਸਲਾਹ ਦਿੱਤੀ। ਇਹ ਵੀ ਲਾਲਚ ਦਿੱਤਾ ਕਿ ਮੁਸਲਿਮ ਲੀਗ ਦੀ ਸਰਕਾਰ ਵਿੱਚ ਉਨ੍ਹਾਂ ਦਾ ਮੰਤਰੀ ਵਜੋਂ ਅਹੁਦਾ ਬਰਕਰਾਰ ਰਹੇਗਾ, ਪਰ ਛੋਟੂ ਰਾਮ ਨੇ ਸਾਫ਼ ਇਨਕਾਰ ਕਰਦਿਆਂ ਕਿਹਾ ਕਿ 'ਪੰਜਾਬ ਵਿੱਚ ਯੂਨੀਅਨਿਸਟ ਸਰਕਾਰ ਹਿੰਦੂ, ਮੁਸਲਮਾਨ ਅਤੇ ਸਿੱਖਾਂ ਦੀ ਸਾਂਝੀ ਸਰਕਾਰ ਹੈ। ਜੇ ਕੁਝ ਮੁਸਲਮਾਨ ਮੈਂਬਰ ਸਾਡੇ ਵਿਰੋਧ ਵਿੱਚ ਚਲੇ ਵੀ ਜਾਣ ਤਾਂ ਓਨੇ ਹੀ ਹੋਰ ਵਿਰੋਧੀ ਮੈਂਬਰ ਸਾਡੇ ਨਾਲ ਆ ਜਾਣਗੇ। ਸਾਡੀ ਸਰਕਾਰ ਟੁੱਟਣ ਦੀ ਬਜਾਏ ਹੋਰ ਮਜ਼ਬੂਤ ਹੋਵੇਗੀ।' ਜਿਨਾਹ ਨੇ ਦੋ ਵਾਰ ਉਨ੍ਹਾਂ ਨਾਲ ਮੁਲਾਕਾਤ ਕੀਤੀ। ਦੂਜੀ ਵਾਰ ਜਿਨਾਹ ਨੇ ਹਾਂ ਜਾਂ ਨਾਂਹ ਵਿੱਚ ਜਵਾਬ ਮੰਗਿਆ ਤਾਂ ਛੋਟੂ ਰਾਮ ਨੇ ਮੇਜ਼ 'ਤੇ ਮੁੱਕਾ ਮਾਰ ਕੇ ਠੋਕਵਾਂ ਜਵਾਬ ਦਿੱਤਾ, "ਨਹੀਂ, ਨਹੀਂ, ਕਦੇ ਨਹੀਂ, ਮਿਸਟਰ ਜਿਨਾਹ!" ਅਤੇ ਉੱਥੋਂ ਉੱਠ ਕੇ ਆ ਗਏ। ਜਿਨਾਹ ਨੂੰ ਕਿਸੇ ਕੋਲੋਂ ਵੀ ਐਨੇ ਕੋਰੇ ਜਵਾਬ ਦੀ ਆਸ ਨਹੀਂ ਸੀ। ਜਿਨਾਹ ਇਸ ਤੋਂ ਬਾਅਦ ਹਰ ਜਗ੍ਹਾ ਚੌਧਰੀ ਛੋਟੂ ਰਾਮ ਬਾਰੇ ਜ਼ਹਿਰ ਉਗਲਣ ਲੱਗਾ। ਛੋਟੂ ਰਾਮ ਨੇ ਉਸ ਨੂੰ ਚੌਵੀ ਘੰਟੇ ਦੇ ਵਿੱਚ ਵਿੱਚ ਪੰਜਾਬ ਤੋਂ ਬਾਹਰ ਜਾਣ ਦਾ ਹੁਕਮ ਦੇ ਦਿੱਤਾ ਅਤੇ ਜਿਨਾਹ ਅਗਲੇ ਹੀ ਦਿਨ ਕਸ਼ਮੀਰ ਪਹੁੰਚ ਗਿਆ। ਫ਼ਜ਼ਲ-ਏ-ਹੁਸੈਨ ਅਤੇ ਸਿਕੰਦਰ ਹਯਾਤ ਖਾਨ ਦੋਵਾਂ ਦੇ ਦੇਹਾਂਤ ਤੋਂ ਬਾਅਦ ਯੂਨੀਅਨਿਸਟ ਪਾਰਟੀ ਦੀ ਸਾਰੀ ਜ਼ਿੰਮੇਵਾਰੀ ਚੌਧਰੀ ਛੋਟੂ ਰਾਮ ਦੇ ਸਿਰ ਸੀ। ਪੰਜਾਬ ਵਿੱਚ ਫ਼ਿਰਕੂ ਤਾਕਤਾਂ ਭਾਰੂ ਹੋ ਰਹੀਆਂ ਸਨ। ਅਜਿਹੇ ਨਾਜ਼ੁਕ ਦੌਰ ਵਿੱਚ ਉਨ੍ਹਾਂ ਨੇ ਖ਼ਿਜ਼ਰ ਹਯਾਤ ਖਾਨ ਟਿਵਾਣਾ ਨੂੰ ਪੰਜਾਬ ਦਾ ਪ੍ਰੀਮੀਅਰ ਬਣਾਇਆ। ਪਾਰਟੀ ਦੇ ਕਈ ਲੀਡਰਾਂ ਦੇ ਪੁੱਤਰ ਮੁਸਲਿਮ ਲੀਗ ਵੱਲ ਹੋ ਗਏ। ਸਿਕੰਦਰ ਹਯਾਤ ਖਾਨ ਦਾ ਲੜਕਾ ਸ਼ੌਕਤ ਹਯਾਤ ਖਾਨ ਵੀ ਮੁਸਲਿਮ ਲੀਗ ਦੀ ਹਮਾਇਤ ਕਰਨ ਲੱਗਾ। ਖ਼ਿਜ਼ਰ ਨੇ ਉਸ ਨੂੰ ਆਪਣੀ ਵਜ਼ਾਰਤ ਵਿੱਚ ਮੰਤਰੀ ਬਣਾ ਲਿਆ ਤਾਂ ਜੋ ਉਹ ਇਸ ਪਾਸੇ ਹੀ ਰਹੇ, ਪਰ ਉਹ ਵਜ਼ਾਰਤ ਦੇ ਸਾਰੇ ਭੇਤ ਜਿਨਾਹ ਨੂੰ ਦੇਣ ਲੱਗਿਆ। ਆਖ਼ਰ ਚੌਧਰੀ ਛੋਟੂ ਰਾਮ ਤੇ ਖ਼ਿਜ਼ਰ ਹਯਾਤ ਖਾਨ ਟਿਵਾਣਾ ਨੇ ਉਸ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ। ਜੋ ਹਿੰਦੂ ਤੇ ਸਿੱਖ ਨੇਤਾ ਪਹਿਲਾਂ ਛੋਟੂ ਰਾਮ ਦੇ ਵਿਰੋਧ ਵਿੱਚ ਸਨ, ਉਹ ਹੁਣ ਉਨ੍ਹਾਂ ਦੀ ਸ਼ਰਨ ਵਿੱਚ ਆ ਗਏ ਕਿਉਂਕਿ ਫ਼ਿਰਕੂ ਆਧਾਰ 'ਤੇ ਪੰਜਾਬ ਵੰਡ ਦੀ ਵਿਰੋਧੀ ਇਕੱਲੀ ਯੂਨੀਅਨਿਸਟ ਪਾਰਟੀ ਹੀ ਸੀ। ਇਨ੍ਹੀਂ ਦਿਨੀਂ ਚੌਧਰੀ ਛੋਟੂ ਰਾਮ ਦੀ ਸਿਹਤ ਖ਼ਰਾਬ ਰਹਿਣ ਲੱਗੀ, ਡਾਕਟਰਾਂ ਨੇ ਆਰਾਮ ਕਰਨ ਦੀ ਸਲਾਹ ਦਿੱਤੀ। ਉਹ ਫਿਰ ਵੀ ਪੰਜਾਬ ਦੇ ਕੋਨੇ ਕੋਨੇ ਵਿੱਚ ਜਾ ਕੇ ਤਕਰੀਰਾਂ ਕਰਦੇ ਅਤੇ ਲੋਕਾਂ ਨੂੰ ਸਮਝਾਉਂਦੇ ਕਿ ਇਕੱਠੇ ਰਹਿਣ ਵਿੱਚ ਹੀ ਸਭ ਦਾ ਭਲਾ ਹੈ।

ਉੱਤਰੀ ਭਾਰਤ ਨੂੰ ਰੌਸ਼ਨ ਕਰਨ ਵਾਲਾ ਭਾਖੜਾ ਡੈਮ ਅਸਲ ਵਿੱਚ ਚੌਧਰੀ ਛੋਟੂ ਰਾਮ ਦੀ ਹੀ ਦੇਣ ਹੈ। ਆਜ਼ਾਦੀ ਤੋਂ ਬਾਅਦ ਨਵੀਆਂ ਬਣੀਆਂ ਸਰਕਾਰਾਂ ਨੇ ਇਸ ਦਾ ਸਿਹਰਾ ਵੀ ਬੜੀ ਚਲਾਕੀ ਨਾਲ ਆਪਣੇ ਸਿਰ ਸਜਾ ਲਿਆ। ਭਾਖੜਾ ਡੈਮ ਯੋਜਨਾ ਨੂੰ ਲੈ ਕੇ ਸਾਲ 1944 ਵਿੱਚ ਪੰਜਾਬ ਸਰਕਾਰ ਅਤੇ ਰਿਆਸਤ ਬਿਲਾਸਪੁਰ ਵਿੱਚ ਲਿਖਤੀ ਸਮਝੌਤਾ ਛੋਟੂ ਰਾਮ ਹੋਰਾਂ ਦੇ ਯਤਨਾਂ ਸਦਕਾ ਹੀ ਸਿਰੇ ਚੜ੍ਹਿਆ ਸੀ। ਸਮਝੌਤੇ ਦੀ ਹਰੇਕ ਸ਼ਰਤ ਨੂੰ ਕਲਮਬੱਧ ਕਰਕੇ ਅੰਤਿਮ ਰੂਪ ਵਿੱਚ 8 ਜਨਵਰੀ 1945 ਨੂੰ ਉਨ੍ਹਾਂ ਨੇ ਇਸ ਉੱਤੇ ਦਸਤਖ਼ਤ ਕੀਤੇ। ਇਸ ਯੋਜਨਾ ਦੇ ਕਰਤਾ ਧਰਤਾ ਚੌਧਰੀ ਛੋਟੂ ਰਾਮ ਦਾ ਅਗਲੇ ਹੀ ਦਿਨ 9 ਜਨਵਰੀ ਦੀ ਸਵੇਰ ਨੂੰ ਲਾਹੌਰ ਵਿੱਚ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਤੋਂ ਬਾਅਦ ਯੂਨੀਅਨਿਸਟ ਪਾਰਟੀ ਦੇ ਪਤਨ ਦਾ ਮੁੱਢ ਬੱਝ ਗਿਆ।

ਫ਼ਿਰਕੂ ਤਾਕਤਾਂ ਦਿਨੋਂ ਦਿਨ ਭਾਰੂ ਪੈਂਦੀਆਂ ਗਈਆਂ। ਚੌਧਰੀ ਛੋਟੂ ਰਾਮ ਦਾ ਦਿੱਲੀ ਤੋਂ ਰਾਵਲਪਿੰਡੀ ਤੱਕ ਪੰਜਾਬ ਨੂੰ ਇੱਕ ਰੱਖਣ ਦਾ ਸੁਪਨਾ ਚੂਰ ਚੂਰ ਹੋ ਗਿਆ। ਮੁਸਲਿਮ ਲੀਗ ਨੇ ਖ਼ਿਜ਼ਰ ਸਰਕਾਰ ਦੇ ਪੈਰ ਨਾ ਲੱਗਣ ਦਿੱਤੇ ਅਤੇ ਪੰਜਾਬ ਦੀ ਵੰਡ ਦਾ ਰਾਹ ਪੱਧਰ ਹੋ ਗਿਆ। ਚੌਧਰੀ ਛੋਟੂ ਰਾਮ ਦੀ ਇੰਨੀ ਘਾਲਣਾ ਕਾਰਨ ਲੋਕ ਅੱਜ ਵੀ ਉਨ੍ਹਾਂ ਨੂੰ ਦੀਨਬੰਧੂ, ਰਹਿਬਰ-ਏ-ਆਜ਼ਮ ਅਤੇ ਕਿਸਾਨਾਂ ਦੇ ਮਸੀਹਾ ਵਜੋਂ ਯਾਦ ਕਰਦੇ ਹਨ।

# ਸਥਾਨਕ ਵਿਕਾਸ ਵਿਚ ਬਿਹਤਰੀਨ ਯੋਗਦਾਨ ਨਹੀਂ ਪਾ ਰਹੀਆਂ ਸਥਾਨਕ ਸਰਕਾਰਾਂ/ਪੰਚਾਇਤਾਂ



ਸੰਜੇ ਗੁਪਤ

ਇਹ ਹਕੀਕਤ ਹੈ ਅਤੇ ਸਾਰੇ ਇਸ ਨੂੰ ਸਵੀਕਾਰ ਵੀ ਕਰਦੇ ਹਨ ਕਿ ਭਾਰਤ ਦੀ ਆਰਥਿਕ ਉੱਨਤੀ ਸ਼ਹਿਰਾਂ ਤੋਂ ਨਿਕਲੇਗੀ। ਸਾਡੇ ਸ਼ਹਿਰ ਹੀ ਅਜਿਹੇ ਕੇਂਦਰ ਹਨ, ਜਿੱਥੇ ਰੁਜ਼ਗਾਰ, ਉਦਯੋਗ, ਵਪਾਰ ਆਦਿ ਵਧਦੇ-ਫੁੱਲਦੇ ਹਨ। ਅੱਜ ਭਾਵੇਂ ਹੀ ਦੇਸ਼ ਦੀ ਜ਼ਿਆਦਾਤਰ ਆਬਾਦੀ ਦਿਹਾਤੀ ਇਲਾਕਿਆਂ ਵਿਚ ਰਹਿੰਦੀ ਹੋਵੇ ਪਰ ਸ਼ਹਿਰੀ ਆਬਾਦੀ ਦਾ ਪ੍ਰਤੀਸ਼ਤ ਲਗਾਤਾਰ ਵਧ ਰਿਹਾ ਹੈ।

ਤੱਥ ਇਹ ਹੈ ਕਿ ਪਿੰਡਾਂ ਦੇ ਤਮਾਮ ਲੋਕਾਂ ਦੇ ਆਪਣੇ ਸਕੇ-ਸਬੰਧੀ ਸ਼ਹਿਰਾਂ ਵਿਚ ਆ ਕੇ ਕੰਮ ਕਰ ਰਹੇ ਹਨ। ਸਮੱਸਿਆ ਇਹ ਹੈ ਕਿ ਦੇਸ਼ ਦੇ ਵਿਕਾਸ ਵਿਚ ਸ਼ਹਿਰਾਂ ਦੀ ਮਹੱਤਤਾ ਨੂੰ ਜਾਣਦੇ-ਸਮਝਦੇ ਹੋਏ ਵੀ ਉਨ੍ਹਾਂ ਦੇ ਵਿਕਾਸ ਨੂੰ ਲੈ ਕੇ ਸਰਕਾਰਾਂ ਉਦਾਸੀਨਤਾ ਵਰਤ ਰਹੀਆਂ ਹਨ। ਇਸ ਕਾਰਨ ਸਾਡੇ ਸ਼ਹਿਰ ਰਹਿਣ ਲਾਇਕ ਨਹੀਂ ਰਹਿ ਗਏ ਹਨ। ਸ਼ਹਿਰਾਂ ਦੇ ਵਿਕਾਸ ਵਿਚ ਕਿਉਂਕਿ ਜੋ ਦੂਰਗਾਮੀ ਦ੍ਰਿਸ਼ਟੀਕੋਣ ਅਪਣਾਇਆ ਜਾਣਾ ਚਾਹੀਦਾ ਸੀ, ਉਸ ਦੀ ਘੋਰ ਘਾਟ ਰਹੀ, ਲਿਹਾਜ਼ਾ ਸ਼ਹਿਰਾਂ ਦਾ ਵਿਕਾਸ ਇਕ ਤਰੀਕੇ ਨਾਲ ਨਿੱਜੀ ਕਾਲੋਨਾਈਜ਼ਰਾਂ ਦੇ ਹੱਥਾਂ ਵਿਚ ਚਲਾ ਗਿਆ।

ਸਮੱਸਿਆ ਇਸ ਲਈ ਹੋਰ ਵਧੀ ਕਿਉਂਕਿ ਵਿਕਾਸ ਅਥਾਰਟੀਆਂ ਅਤੇ ਲੋਕਲ ਬਾਡੀਜ਼ ਨੇ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਦੇ ਨਿਰਮਾਣ ਵਿਚ ਬੇਨਿਯਮੀਆਂ ਵਰਤੀਆਂ। ਸ਼ਹਿਰੀ ਢਾਂਚੇ ਦੀ ਨਿਮਨ ਪੱਧਰੀ ਇੰਜੀਨੀਅਰਿੰਗ ਨੇ ਵੀ ਸ਼ਹਿਰਾਂ ਦੀਆਂ ਸਮੱਸਿਆਵਾਂ ਨੂੰ ਵਧਾਉਣ ਦਾ ਕੰਮ ਕੀਤਾ ਹੈ। ਅੱਜ ਦੇਸ਼ ਦਾ ਸ਼ਾਇਦ ਹੀ ਕੋਈ ਅਜਿਹਾ ਸ਼ਹਿਰ ਹੋਵੇਗਾ ਜੋ ਨਾਜਾਇਜ਼ ਕਬਜ਼ਿਆਂ, ਟਰੈਫਿਕ ਜਾਮ ਅਤੇ ਪ੍ਰਦੂਸ਼ਣ ਤੋਂ ਗ੍ਰਸਤ ਨਾ ਹੋਵੇ। ਸ਼ਹਿਰਾਂ ਵਿਚ ਲੋਕ ਰਹਿਣ ਲਈ ਬੇਚੈਨ ਤਾਂ ਹਨ ਪਰ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਨਹੀਂ ਚੁੱਕ ਹੋ ਰਿਹਾ। ਜੇਕਰ ਸ਼ਹਿਰੀ ਆਬਾਦੀ ਪ੍ਰਦੂਸ਼ਣ ਤੋਂ ਉਪਜਣ ਵਾਲੀਆਂ ਬਿਮਾਰੀਆਂ ਦੇ ਨਾਲ-ਨਾਲ ਤਣਾਅ ਤੋਂ ਗ੍ਰਸਤ ਰਹਿੰਦੀ ਹੈ ਤਾਂ ਸ਼ਹਿਰਾਂ ਦੀ ਦੁਰਦਸ਼ਾ ਦੇ ਕਾਰਨ। ਸਾਰੇ ਸ਼ਹਿਰ ਕਿਉਂਕਿ ਸਮੱਸਿਆਵਾਂ ਨਾਲ ਘਿਰੇ ਰਹਿੰਦੇ ਹਨ, ਇਸ ਲਈ ਉੱਥੇ ਰਹਿਣ ਵਾਲਿਆਂ ਦੀ ਉਤਪਾਦਕਤਾ ਉਹੋ ਜਿਹੀ ਨਹੀਂ, ਜਿਹੋ ਜਿਹੀ ਹੋਣੀ ਚਾਹੀਦੀ ਹੈ। ਸਪਸ਼ਟ ਹੈ ਕਿ ਸ਼ਹਿਰਾਂ ਦੀ ਬਦਹਾਲੀ ਦੀ ਕੀਮਤ ਲੋਕਾਂ ਦੇ ਨਾਲ-ਨਾਲ ਦੇਸ਼ ਨੂੰ ਵੀ ਤਾਰਨੀ ਪੈ ਰਹੀ ਹੈ।

ਪਿਛਲੇ ਕੁਝ ਸਮੇਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਈ ਵਾਰ ਕਹਿ ਚੁੱਕੇ ਹਨ ਕਿ ਅੰਮ੍ਰਿਤਕਾਲ ਵਿਚ ਸ਼ਹਿਰਾਂ ਦੀ ਸਥਿਤੀ ਨੂੰ ਸੁਧਾਰਿਆ ਜਾਣਾ ਉਨ੍ਹਾਂ ਦੀ ਤਰਜੀਹ ਵਿਚ ਸ਼ੁਮਾਰ ਹੈ। ਇਸੇ ਸਿਲਸਿਲੇ ਵਿਚ 15ਵੇਂ ਵਿੱਤੀ ਕਮਿਸ਼ਨ ਦੀ ਸਿਫ਼ਾਰਸ਼ ਮੁਤਾਬਕ ਕੇਂਦਰ ਸਰਕਾਰ ਲੋਕਲ ਬਾਡੀਜ਼ ਨੂੰ ਮਿਲਣ ਵਾਲੀ ਸਹਾਇਤਾ ਅਤੇ ਗ੍ਰਾਂਟ ਨੂੰ ਉਨ੍ਹਾਂ ਦੇ ਵਿੱਤੀ ਢਾਂਚੇ ਵਿਚ ਸੁਧਾਰ ਨਾਲ ਜੋੜਨ ਦੇ ਰਾਹ 'ਤੇ ਚੱਲ ਰਹੀ ਹੈ ਪਰ ਸਾਡੇ ਸ਼ਹਿਰਾਂ ਦੀ ਬਦਹਾਲੀ ਇਸ ਨਾਲ ਸ਼ਾਇਦ ਹੀ ਦੂਰ ਹੋਵੇ।

ਇਹ ਖ਼ਦਸ਼ਾ ਇਸ ਲਈ ਹੈ ਕਿਉਂਕਿ ਜੇਕਰ ਲੋਕਲ ਬਾਡੀਜ਼ ਆਪਣੀ ਆਮਦਨ ਦੇ ਸਾਧਨ ਵਧਾ ਲੈਣ ਤਾਂ ਵੀ ਉਹ ਆਪਣੀ ਢਿੱਲੀ ਤੇ ਦੂਰਦਰਸ਼ਿਤਾ ਤੋਂ ਰਹਿਤ ਕਾਰਜਪ੍ਰਣਾਲੀ ਕਾਰਨ ਨਾ ਤਾਂ ਅੱਜ ਦੀ ਜ਼ਰੂਰਤ ਪੂਰੀ ਕਰ ਸਕਦੇ ਹਨ ਅਤੇ ਨਾ ਭਵਿੱਖ ਦੀ। ਲੋਕਲ ਬਾਡੀਜ਼ ਮਹਿਕਮਾ ਆਪਣੀ ਕਾਰਗੁਜ਼ਾਰੀ ਉਦੋਂ ਤਕ ਨਹੀਂ ਸੁਧਾਰ ਸਕਦਾ ਜਦ ਤਕ ਉਹ ਵੱਢੀਖੋਰੀ ਨੂੰ ਨੱਥ ਨਾ ਪਾਵੇ ਅਤੇ ਮੁਲਾਜ਼ਮਾਂ ਦੀ ਕਾਰਗੁਜ਼ਾਰੀ ਨੂੰ ਨਿਰੰਤਰ ਨਾ ਜਾਂਚੇ-ਪਰਖੇ। ਮੁਲਾਜ਼ਮਾਂ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਸ਼ਹਿਰਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।

ਜਦ ਇਹ ਮੰਨਿਆ ਜਾ ਰਿਹਾ ਹੈ ਕਿ ਸੰਨ 2047 ਤਕ ਦੇਸ਼ ਦੀ 50 ਫ਼ੀਸਦੀ ਤੋਂ ਜ਼ਿਆਦਾ ਵਸੋਂ ਸ਼ਹਿਰਾਂ ਵਿਚ ਰਹਿ ਰਹੀ ਹੋਵੇਗੀ, ਉਦੋਂ ਸ਼ਹਿਰੀਕਰਨ ਦੇ ਪੂਰੇ ਢਾਂਚੇ 'ਤੇ ਡੂੰਘਾਈ ਨਾਲ ਨਜ਼ਰ ਮਾਰਨ ਦੀ ਜ਼ਰੂਰਤ ਹੈ। ਅੱਜ ਸਾਡੇ ਸ਼ਹਿਰ ਨਾਜਾਇਜ਼ ਬਸਤੀਆਂ ਅਤੇ ਝੁੱਗੀਆਂ-ਝੌਂਪੜੀਆਂ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਨ੍ਹਾਂ ਦੇ ਮੁੜ-ਵਸੇਬੇ ਦੇ ਹਰ ਉਪਾਅ ਨਾਕਾਫ਼ੀ ਸਾਬਿਤ ਹੋ ਰਹੇ ਹਨ। ਉਲਟਾ ਨਾਜਾਇਜ਼ ਬਸਤੀਆਂ ਨੂੰ ਰੈਗੂਲਰ ਕਰਨ ਦਾ ਕੰਮ ਹੋ ਰਿਹਾ ਹੈ। ਸ਼ਹਿਰਾਂ ਵਿਚ ਸਹੂਲਤਾਂ ਦੇਣ ਲਈ ਲੋਕਲ ਬਾਡੀਜ਼ ਦਾ ਆਰਥਿਕ ਤੌਰ 'ਤੇ ਆਤਮ-ਨਿਰਭਰ ਹੋਣਾ ਜ਼ਰੂਰੀ ਹੈ ਪਰ ਹਾਲ-ਫ਼ਿਲਹਾਲ ਉਨ੍ਹਾਂ ਦੇ ਇਸ ਸਥਿਤੀ ਤਕ ਪੁੱਜਣ ਦੀ ਉਮੀਦ ਨਜ਼ਰ ਨਹੀਂ ਆਉਂਦੀ। ਇਕ ਤਾਂ ਉਨ੍ਹਾਂ ਦਾ ਸੰਚਾਲਨ ਉਨ੍ਹਾਂ ਲੋਕਾਂ ਦੁਆਰਾ ਕੀਤਾ ਜਾ ਰਿਹਾ ਹੈ ਜੋ ਜਵਾਬਦੇਹੀ ਤੋਂ ਮੁਕਤ ਹਨ ਅਤੇ ਦੂਜਾ, ਸੂਬਾ ਸਰਕਾਰਾਂ ਲੋਕਲ ਬਾਡੀਜ਼ 'ਤੇ ਆਪਣਾ ਕੰਟਰੋਲ ਗੁਆਉਣਾ ਨਹੀਂ ਚਾਹੁੰਦੀਆਂ।

ਉਹ ਸ਼ਹਿਰੀ ਢਾਂਚੇ ਵਿਚ ਸੁਧਾਰ ਦੀ ਕਿਸੇ ਵੀ ਪਹਿਲ 'ਤੇ ਆਪਣੇ ਰਾਜਨੀਤਕ ਨਫ਼ੇ-ਨੁਕਸਾਨ ਨੂੰ ਦੇਖਦੀਆਂ ਹਨ ਜਾਂ ਫਿਰ ਹੱਥ 'ਤੇ ਹੱਥ ਧਰ ਕੇ ਬੈਠਣਾ ਪਸੰਦ ਕਰਦੀਆਂ ਹਨ। ਸਾਡੇ ਸ਼ਹਿਰ ਵਿਕਾਸ ਦੇ ਮਾਮਲੇ ਵਿਚ ਜਿਸ ਅਰਾਜਕਤਾ ਦੀ ਭੇਟ ਚੜ੍ਹ ਗਏ ਹਨ, ਉਸ ਦੇ ਪਿੱਛੇ ਭ੍ਰਿਸ਼ਟ ਤੰਤਰ ਵੀ ਜ਼ਿੰਮੇਵਾਰ ਹੈ। ਇਸ ਤੰਤਰ ਨੇ ਯੋਜਨਾਬੱਧ ਵਿਕਾਸ ਨੂੰ ਪਿੱਛੇ ਧੱਕ ਦਿੱਤਾ ਹੈ।

ਇਸ ਵਿਚ ਨੇਤਾ ਅਤੇ ਨੌਕਰਸ਼ਾਹਾਂ ਦੀ ਭਾਗੀਦਾਰੀ ਹੈ। ਆਖ਼ਰ ਇਹ ਕਿਵੇਂ ਹੋ ਸਕਦਾ ਹੈ ਕਿ ਸ਼ਹਿਰਾਂ ਵਿਚ ਸਰਕਾਰੀ ਜ਼ਮੀਨਾਂ 'ਤੇ ਲਗਾਤਾਰ ਕਬਜ਼ੇ ਹੁੰਦੇ ਜਾਣ ਅਤੇ ਸਰਕਾਰੀ ਤੰਤਰ ਬੇਪਰਵਾਹ ਬਣਿਆ ਰਹੇ? ਕੀ ਇਹ ਸੰਭਵ ਹੈ ਕਿ ਸੜਕਾਂ 'ਤੇ ਨਾਜਾਇਜ਼ ਕਬਜ਼ਾ ਹੁੰਦਾ ਜਾਵੇ ਅਤੇ ਕਿਸੇ ਨੂੰ ਪਤਾ ਨਾ ਲੱਗੇ? ਇਹ ਗ਼ੈਰ-ਕਾਨੂੰਨੀ ਕੰਮ ਬਿਨਾਂ ਕਿਸੇ ਲੈਣ-ਦੇਣ ਦੇ ਸੰਭਵ ਹੀ ਨਹੀਂ ਹੁੰਦੇ। ਜੇ ਇਕ ਰੇਹੜੀ ਵਾਲਾ ਸੜਕ ਕਿਨਾਰੇ ਨਾਜਾਇਜ਼ ਤਰੀਕੇ ਨਾਲ ਰੇਹੜੀ ਲਗਾਉਂਦਾ ਹੈ ਤਾਂ ਉਹ ਅਜਿਹਾ ਉਦੋਂ ਹੀ ਕਰ ਸਕਦਾ ਹੈ ਜਦ ਕਿਸੇ ਨੂੰ ਹਫ਼ਤਾ ਦਿੰਦਾ ਹੈ। ਕਈ ਵਾਰ ਇਹ ਹਫ਼ਤਾ ਪੁਲਿਸ ਵੀ ਲੈਂਦੀ ਹੈ ਅਤੇ ਲੋਕਲ ਬਾਡੀਜ਼ ਦੇ ਕਰਮਚਾਰੀ ਵੀ। ਇਸੇ ਤਰ੍ਹਾਂ ਗ਼ੈਰ-ਯੋਜਨਾਬੱਧ ਵਿਕਾਸ ਅਤੇ ਨਾਜਾਇਜ਼ ਨਿਰਮਾਣ ਵੀ ਲੈਣ-ਦੇਣ ਦੇ ਬਲਬੂਤੇ ਹੁੰਦਾ ਹੈ। ਲੋਕਲ ਬਾਡੀਜ਼ ਦੇ ਭ੍ਰਿਸ਼ਟਾਚਾਰ ਨਾਲ ਜਨਤਾ ਆਏ ਦਿਨ ਦੋ-ਚਾਰ ਹੁੰਦੀ ਰਹਿੰਦੀ ਹੈ। ਉਸ ਦੀਆਂ ਸਮੱਸਿਆਵਾਂ ਦਾ ਹੱਲ ਜਾਂ ਤਾਂ ਹੁੰਦਾ ਨਹੀਂ ਜਾਂ ਫਿਰ ਉਸ ਨੂੰ ਕਿਸੇ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਸ਼ਹਿਰਾਂ ਵਿਚ ਗ਼ੈਰ-ਯੋਜਨਾਬੱਧ ਵਿਕਾਸ ਲਈ ਲੋਕਲ ਬਾਡੀਜ਼ ਦੇ ਲੋਕ ਨੁਮਾਇੰਦੇ ਅਤੇ ਅਧਿਕਾਰੀ-ਕਰਮਚਾਰੀ, ਸਭ ਜ਼ਿੰਮੇਵਾਰ ਹਨ।

ਉਹ ਗ਼ੈਰ-ਯੋਜਨਾਬੱਧ ਵਿਕਾਸ ਤੋਂ ਅੱਖਾਂ ਫੇਰੀ ਰੱਖਦੇ ਹਨ। ਕਹਿਣ ਨੂੰ ਤਾਂ ਹਰ ਤਰ੍ਹਾਂ ਦੇ ਨਿਯਮ ਬਣੇ ਹੋਏ ਹਨ ਪਰ ਉਨ੍ਹਾਂ ਦੀ ਪਾਲਣਾ ਮੁਸ਼ਕਲ ਨਾਲ ਹੀ ਹੁੰਦੀ ਹੈ। ਇਹ ਠੀਕ ਹੈ ਕਿ ਕੇਂਦਰ ਸਰਕਾਰ ਲੋਕਲ ਬਾਡੀਜ਼ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਬਣਾਉਣਾ ਚਾਹੁੰਦੀ ਹੈ ਪਰ ਉਸ ਦੀ ਪਹਿਲ ਉਦੋਂ ਹੀ ਪ੍ਰਵਾਨ ਚੜ੍ਹੇਗੀ ਜਦ ਸੂਬਾ ਸਰਕਾਰਾਂ ਵੀ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਨਿਭਾਉਣਗੀਆਂ। ਸੂਬਾ ਸਰਕਾਰਾਂ ਨੂੰ ਯੋਜਨਾਬੱਧ ਸ਼ਹਿਰੀ ਵਿਕਾਸ ਨੂੰ ਤਰਜੀਹ ਦੇਣੀ ਹੋਵੇਗੀ ਅਤੇ ਆਪਣੇ ਸ਼ਹਿਰੀ ਸਥਾਨਕ ਸਰਕਾਰਾਂ ਵਿਭਾਗ ਦੇ ਅਦਾਰਿਆਂ ਨੂੰ ਜਵਾਬਦੇਹ ਬਣਾਉਣਾ ਹੋਵੇਗਾ ਕਿਉਂਕਿ ਫ਼ਿਲਹਾਲ ਉਹ ਜਵਾਬਦੇਹੀ ਤੋਂ ਮੁਕਤ ਹਨ। ਇਨ੍ਹਾਂ ਦੇ ਚੁਣੇ ਹੋਏ ਲੋਕ ਨੁਮਾਇੰਦਿਆਂ ਦੀ ਤਰਜੀਹ ਵਿਚ ਸ਼ਹਿਰਾਂ ਦਾ ਯੋਜਨਾਬੱਧ ਵਿਕਾਸ ਹੁੰਦਾ ਹੀ ਨਹੀਂ ਹੈ। ਇਹ ਪ੍ਰਤੀਨਿਧ ਉਸ ਵੋਟ ਬੈਂਕ ਦੀ ਜ਼ਿਆਦਾ ਚਿੰਤਾ ਕਰਦੇ ਹਨ ਜੋ ਗ਼ੈਰ-ਯੋਜਨਾਬੱਧ ਜਾਂ ਫਿਰ ਨਾਜਾਇਜ਼ ਕਾਲੋਨੀਆਂ ਵਿਚ ਰਹਿੰਦਾ ਹੈ। ਲੋਕਲ ਬਾਡੀਜ਼ ਦੇ ਲੋਕ ਨੁਮਾਇੰਦਿਆਂ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਇਹ ਜ਼ਰੂਰੀ ਹੋ ਚੁੱਕਾ ਹੈ ਕਿ ਇਸ 'ਤੇ ਵਿਚਾਰ ਕੀਤਾ ਜਾਵੇ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਸਹੀ ਤਰੀਕੇ ਨਾਲ ਕਿਸ ਤਰ੍ਹਾਂ ਨਿਭਾ ਸਕਦੇ ਹਨ।

ਉਨ੍ਹਾਂ ਦੀ ਚੋਣ ਦੀ ਪ੍ਰਕਿਰਿਆ ਅਤੇ ਉਨ੍ਹਾਂ ਦੇ ਫ਼ਰਜ਼ਾਂ 'ਤੇ ਨਾ ਸਿਰਫ਼ ਵਿਚਾਰ-ਚਰਚਾ ਹੋਣੀ ਚਾਹੀਦੀ ਹੈ ਬਲਕਿ ਨਵੇਂ ਨਿਯਮ-ਕਾਨੂੰਨ ਵੀ ਬਣਨੇ ਚਾਹੀਦੇ ਹਨ। ਸਹੀ ਇਹ ਹੋਵੇਗਾ ਕਿ ਇਹ ਵਿਚਾਰ-ਵਟਾਂਦਰਾ ਸੰਸਦ ਵਿਚ ਹੋਵੇ ਅਤੇ ਲੋਕਲ ਬਾਡੀਜ਼ ਦੇ ਸੰਚਾਲਨ ਦੀ ਮੌਜੂਦਾ ਵਿਵਸਥਾ ਵਿਚ ਵਿਆਪਕ ਸੁਧਾਰ ਹੋਵੇ। ਸ਼ਹਿਰਾਂ ਦੇ ਸੰਚਾਲਨ ਵਿਚ ਸੁਧਾਰ ਦੇ ਬਗੈਰ ਗੱਲ ਬਣਨ ਵਾਲੀ ਨਹੀਂ ਹੈ।

ਸੂਬਾ ਸਰਕਾਰਾਂ ਨੂੰ ਸਮਝਣਾ ਹੋਵੇਗਾ ਕਿ ਲੋਕਲ ਬਾਡੀਜ਼ ਜੋ ਵੀ ਕੰਮ ਕਰਦੀਆਂ ਹਨ, ਉਸ ਦੇ ਲਈ ਉਨ੍ਹਾਂ ਨੂੰ ਜਵਾਬਦੇਹ ਬਣਾਉਣਾ ਬਹੁਤ ਜ਼ਰੂਰੀ ਹੈ। ਇਸ ਜ਼ਰੂਰਤ ਦੀ ਪੂਰਤੀ ਉਦੋਂ ਹੋਵੇਗੀ ਜਦ ਸਾਡੇ ਨੀਤੀ-ਘਾੜਿਆਂ ਦੇ ਨਾਲ-ਨਾਲ ਆਮ ਜਨਤਾ ਵੀ ਚੌਕਸ ਹੋਵੇਗੀ। ਹੁਣ ਜਦ ਲੋਕਲ ਬਾਡੀਜ਼ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਬਣਾਉਣ ਦੀ ਪਹਿਲਕਦਮੀ ਕੀਤੀ ਜਾ ਰਹੀ ਹੈ, ਉਦੋਂ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਹ ਦੇਖਣਾ ਹੋਵੇਗਾ ਕਿ ਉਨ੍ਹਾਂ ਦੀ ਕਾਰਜਪ੍ਰਣਾਲੀ ਵੀ ਸੁਧਰੇ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਸਾਡੇ ਸ਼ਹਿਰ ਵਿਕਸਤ ਦੇਸ਼ਾਂ ਦੇ ਸ਼ਹਿਰਾਂ ਵਰਗੇ ਹਰਗਿਜ਼ ਬਣਨ ਵਾਲੇ ਨਹੀਂ ਹਨ। ਜਦ ਤਕ ਸ਼ਹਿਰਾਂ ਦੀ ਸੁੰਦਰਤਾ ਨੂੰ ਗ੍ਰਹਿਣ ਲੱਗਿਆ ਰਹੇਗਾ, ਘਟੀਆ ਕੁਆਲਿਟੀ ਵਾਲੇ ਵਿਕਾਸ ਕਾਰਜ ਹੋਣਗੇ, ਪ੍ਰਸ਼ਾਸਨ ਚੁਸਤ-ਦਰੁਸਤ ਨਹੀਂ ਹੋਵੇਗਾ, ਉਦੋਂ ਤਕ ਸੁਚੱਜੇ ਸ਼ਹਿਰੀ ਵਿਕਾਸ ਦਾ ਸੁਪਨਾ ਸਾਕਾਰ ਨਹੀਂ ਹੋਵੇਗਾ।



## ਸ਼ੇਰਨੀਆਂ

(ਸਫਾ 11 ਦੀ ਬਾਕੀ)

ਲਵਾਂਗਾ ਭਾਵ ਆਪਣੇ ਜੀਵਨ ਬਾਰੇ ਵੇਰਵਾ ਦੇ ਦੇਵਾਂਗਾ । ਮੇਰੇ ਪੈਰ ਮਲੋ ਮਲੀ ਉਸ ਨਾਲ ਜਾਣ ਲਈ ਮੰਨ ਗਏ । ਮੈਂ ਬਸ ਅੱਡੇ ਤੇ ਪੁੱਜੀ ਪਿੱਛੋਂ ਉਹ ਆਪਣੇ ਬਾਈਕ ਤੇ ਆ ਗਿਆ ਮੈਂ ਉਸ ਨਾਲ ਬੈਠ ਗਈ । ਉਸ ਨੇ ਰਾਹ ਵਿਚ ਦੱਸਿਆ ਕਿ ਮੈਂ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਜਦੋਂ ਮੈਂ ਬਿਮਾਰ ਹੋਇਆ ਮੈਂ ਦਸਵੀਂ ਵਿਚ ਸੀ ਮਾਪੇ ਡਾਕਟਰ ਕੋਲ ਲੈ ਗਏ ਉਸ ਨੇ ਟੀਕਾ ਲਾਇਆ ਤੇ ਉਦੋਂ ਹੀ ਮੈਨੂੰ ਇਹ ਚੰਦਰੀ ਬਿਮਾਰੀ ਲੱਗ ਗਈ ਸੀ । ਉਸ ਤੋਂ ਬਾਅਦ ਮੇਰੇ ਪਿਤਾ ਜੀ ਇੱਕ ਦੁਰਘਟਨਾ ਵਿਚ ਪੂਰੇ ਹੋ ਗਏ ਅਤੇ ਮੈਂ ਤੇ ਮਾਤਾ ਜੀ ਹੀ ਰਹਿ ਗਏ । ਮੈਂ ਆਪਣੀ ਪੜ੍ਹਾਈ ਜਾਰੀ ਰੱਖੀ ਤੇ ਪੂਰੀ ਕਰ ਇਥੇ ਨੌਕਰੀ ਤੇ ਲੱਗ ਗਿਆ । ਹਾਲੇ ਦੋ ਤਨਖਾਹਾਂ ਹੀ ਮਸਾਂ ਲਈਆਂ ਹੋਣਗੀਆਂ ਮੇਰੇ ਮਾਤਾ ਜੀ ਬਿਮਾਰੀ ਕਾਰਨ ਚੱਲ ਵਸੇ । ਹੁਣ ਮੈਂ ਇਕੱਲਾ ਹੀ ਰਹਿ ਰਿਹਾ ਹਾਂ ਤੇ ਮੈਨੂੰ ਤੇਰੇ ਸਾਥ ਦੀ ਲੋੜ ਹੈ । ਮੇਰੇ ਨਾਮ ਤੇ ਚੰਗੀ ਚੋਖੀ ਜਾਇਦਾਦ ਹੈ ਆਪਣਾ ਜੀਵਨ ਸੌਖਾ ਬੀਤੇਗਾ । ਅਸੀਂ ਆਪਣੀ ਜ਼ਿੰਦਗੀ ਨੂੰ ਖੁਸ਼ੀਆਂ ਨਾਲ ਜੀਵਾਂਗੇ । ਮੈਂ ਉਸ ਦੀਆਂ ਸਾਰੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸਾਂ । ਇਤਨੇ ਵਿਚ ਮੇਰਾ ਅੱਡਾ ਆ ਗਿਆ ਮੈਨੂੰ ਉਤਾਰ ਉਹ ਆਪਣੇ ਪਿੰਡ ਚਲਾ ਗਿਆ । ਮੇਰੇ ਅੰਦਰ ਇਕ ਭੁਚਾਲ ਆਇਆ ਹੋਇਆ ਸੀ । ਮੈਂ ਮਨ ਹੀ ਮਨ ਫੈਸਲਾ ਕਰ ਲਿਆ ਕਿ ਮਹਿੰਦਰ ਨੂੰ ਖੁਸ਼ੀਆਂ ਦੀ ਲੋੜ ਹੈ ਮੈਂ ਇਸ ਨੂੰ ਖੁਸ਼ੀ ਦੇਣ ਦਾ ਯਤਨ ਕਰਾਂਗੀ ।

ਘਰ ਪੁੱਜ ਮੈਂ ਮਾਂ ਨੂੰ ਦੱਸ ਕੈਲੋ ਕੋਲ ਚਲੀ ਗਈ ਤੇ ਉਸ ਨਾਲ ਸਾਰੀਆਂ ਗੱਲਾਂ ਸਾਂਝੀਆਂ ਕੀਤੀਆਂ ਤੇ ਮੈਂ ਉਸ ਨੂੰ ਸਪਸ਼ਟ ਕਰ ਦਿੱਤਾ ਕਿ ਮੈਂ ਉਸ ਨਾਲ ਵਿਆਹ ਕਰਵਾਉਣ ਦਾ ਫੈਸਲਾ ਕਰ ਲਿਆ ਹੈ ਤੇ ਅਸੀਂ ਤੇਰੇ ਵਿਆਹ ਤੋਂ ਪਹਿਲਾਂ ਹੀ ਵਿਆਹ ਕਰ ਲਵਾਂਗੇ । ਤੂੰ ਮੇਰੇ ਵਿਆਹ ਵਿਚ ਸਾਰੇ ਪਰਿਵਾਰ ਨੂੰ ਲੈ ਕੇ ਆਉਣਾ ਹੈ ਤੇ ਮੇਰੇ ਮੰਮੀ ਨੂੰ ਮਹਿੰਦਰ ਦੀ ਬਿਮਾਰੀ ਬਾਰੇ ਬਿਲਕੁਲ ਹੀ ਨਹੀਂ ਦੱਸਣਾ ਹੈ । ਘਰ ਆ ਕੇ ਮੈਂ ਮਾਂ ਨੂੰ ਦੱਸ ਦਿੱਤਾ ਕਿ ਮੈਂ ਆਪਣੇ ਲਈ ਇਕ ਲੜਕਾ ਪਸੰਦ ਕਰ ਲਿਆ ਹੈ ਤੁਹਾਨੂੰ ਵੀ ਦਿਖਾ ਦੇਵਾਂਗੀ ਜੇ ਤੁਹਾਡੀ ਰਜ਼ਾਮੰਦੀ ਹੋਈ ਤਾਂ ਸ਼ਾਦੀ ਕਰ ਲਵਾਂਗੀ । ਅਗਲੇ ਦਿਨ ਦਫਤਰ ਵਿਚ ਜਾ ਕੇ ਮੈਂ ਆਪਣਾ ਫੈਸਲਾ ਮਹਿੰਦਰ ਨੂੰ ਦੱਸ ਦਿੱਤਾ ਕਿ ਇਸ ਐਤਵਾਰ ਤੁਸੀਂ ਸਾਡੇ ਪਿੰਡ ਗੁਰਦਵਾਰੇ ਆ ਜਾਇਓ ਮੈਂ ਤੇ ਮੇਰੀ ਮੰਮੀ ਆ ਜਾਵਾਂਗੀਆਂ । ਸੰਖੇਪ ਮਿਲਣੀ ਤੋਂ ਬਾਅਦ ਵਿਆਹ ਮਿਥ ਲਵਾਂਗੇ ਤੇ ਵਿਆਹ ਸਾਦਾ ਹੀ ਕਰ ਲਵਾਂਗੇ । ਉਸ ਨੇ ਖੁਸ਼ੀ ਨਾਲ ਰਜ਼ਾਮੰਦੀ ਦੇ ਦਿਤੀ ।

ਐਤਵਾਰ ਉਹ ਆਪਣੇ ਕਿਸੇ ਦੋਸਤ ਨਾਲ ਗੁਰਦਵਾਰੇ ਪੁੱਜ ਗਿਆ ਮੈਂ ਤੇ ਮੰਮੀ ਵੀ ਆ ਗਈਆਂ । ਮੰਮੀ ਨੇ ਉਸ ਨੂੰ ਦੇਖ ਆਪਣੀ ਸਹਿਮਤੀ ਪ੍ਰਗਟ ਕਰ ਦਿਤੀ ਅਤੇ ਪੰਦਰਾਂ ਦਿਨ ਬਾਅਦ ਐਤਵਾਰ ਦੀ ਵਿਆਹ ਦੀ ਤਰੀਕ ਮਿਥ ਲਈ । ਮੰਮੀ ਨੇ ਸ਼ਗਨ ਵਜੋਂ 500 ਦਾ ਨੋਟ ਮਹਿੰਦਰ ਨੂੰ ਦਿੱਤਾ ਮਹਿੰਦਰ ਨੇ ਆਪਣੇ ਦੋਸਤ ਨੂੰ ਭੇਜ ਮਿਠਿਆਈ ਮੰਗਵਾ ਲਈ ਗੁਰਦਵਾਰੇ ਵਿਚ ਅਰਦਾਸ ਕਰ ਪ੍ਰਸ਼ਾਦ ਲਿਆ ਤੇ ਇੱਕ ਮਿਠਾਈ ਦਾ ਡਿਬਾ ਮੇਰੇ ਮੰਮੀ ਨੂੰ ਦੇ ਦਿੱਤਾ ਗਿਆ । ਅਸੀਂ ਆਪਣੇ ਘਰ ਆ ਗਏ । ਆਉਂਦੇ ਸਾਰ ਹੀ ਮੰਮੀ ਕੈਲੋ ਦੇ ਘਰ ਚਲੇ ਗਏ ਉਨ੍ਹਾਂ ਨੂੰ ਵਿਆਹ ਦਾ ਸਦਾ ਦੇ ਆਏ । ਉਸ ਦਾ ਪਰਿਵਾਰ ਬਹੁਤ ਖੁਸ਼ ਹੋਇਆ ਕੇ ਜੈਲੋ ਨੂੰ ਸਰਕਾਰੀ ਨੌਕਰ ਨਾਲ ਵਿਆਹਿਆ ਜਾ ਰਿਹਾ ਹੈ। ਉਸ ਦੀ ਮੇਹਨਤ ਨੂੰ ਭਾਗ ਲੱਗੇ ਹਨ । ਮੰਮੀ ਵਿਆਹ ਦੀਆਂ ਤਿਆਰੀਆਂ ਵਿਚ ਰੁਝ ਗਏ । ਮੈਂ ਅਗਲੇ ਦਿਨ ਜਾ ਕੇ ਆਪਣੇ ਅਫਸਰ ਨੂੰ ਦੱਸ ਦਿੱਤਾ ਕਿ ਮੈਨੂੰ ਵਿਆਹ ਲਈ ਥੋੜੀ ਛੁਟੀ ਦੀ ਲੋੜ ਹੈ । ਉਸ ਨੇ ਵੀ ਦੋ ਹਫਤੇ ਦੀ ਛੁਟੀ ਮੰਨਜ਼ੂਰ ਕਰ ਦਿੱਤੀ।

ਮਿੱਥੇ ਐਤਵਾਰ ਨੂੰ ਵਿਆਹ ਵਾਲੇ ਦਿਨ ਗੁਰਦਵਾਰੇ ਪੁੱਜ ਕੇ ਅਨੰਦ ਕਾਰਜ ਦੀ ਰਸਮ ਕੀਤੀ ਗਈ । ਲੰਗਰ ਛਕ ਕੇ ਘਰ ਨੂੰ ਚਾਲੇ ਪਾ ਦਿੱਤੇ । ਉਦਾਸ ਮਨ ਨਾਲ ਮੰਮੀ ਮੈਨੂੰ ਤੋਰ ਕੇ ਘਰ ਚਲੇ ਗਏ ਅਸੀਂ ਕਾਰ ਉਪਰ ਪਿੰਡ ਵੱਲ ਚੱਲ ਪਏ । ਥੋੜੀ ਦੂਰੀ ਤੇ ਗਏ ਸਾਂ ਕੇ ਅਸੀਂ ਗੱਲਾਂ ਵਿਚ ਰੁਝ ਗਏ ਅਤੇ ਗੱਲਾਂ ਵਿਚ ਮਸਤ ਹੋ ਗਏ । ਡਰਾਈਵਰ ਦਾ ਧਿਆਨ ਉੱਕ ਗਿਆ ਤੇ ਕਾਰ ਸਾਹਮਣੇ ਟਰੱਕ ਵਿਚ ਜਾ ਟਕਰਾਈ । ਮੇਰਾ ਤਾਂ ਸਿਰ ਘੁੰਮ ਗਿਆ ਮੈਨੂੰ ਕੁਝ ਵੀ ਪਤਾ ਨਾ ਲੱਗਾ । ਜਦੋਂ ਹੋਸ਼ ਆਈ ਤਾਂ ਮੈਂ ਹਸਪਤਾਲ ਵਿਚ ਸੀ । ਸਾਹਮਣੇ ਨਰਸ ਖੜੀ ਸੀ ਉਸ ਨੂੰ ਪੁੱਛਿਆ ਕਿ ਮੈਨੂੰ ਕੀ ਹੋਇਆ ਹੈ ਮੈਂ ਇਥੇ ਕਿਉਂ ਹਾਂ । ਉਸ ਨੇ ਪਹਿਲਾਂ ਤਾਂ ਟਾਲਣ ਦੀ ਕੋਸ਼ਿਸ਼ ਕੀਤੀ ਪਰ ਮੇਰੇ ਜ਼ੋਰ ਦੇਣ ਤੇ ਉਸ ਨੇ ਵਿਸਥਾਰ ਨਾਲ ਦੱਸਿਆ ਕਿ ਤੁਹਾਡੀ ਕਾਰ ਦਾ ਐਕਸੀਡੈਂਟ ਹੋ ਗਿਆ ਸੀ ਡਰਾਈਵਰ ਨੂੰ ਕਾਫੀ ਗੰਭੀਰ ਸੱਟਾਂ ਲੱਗੀਆਂ ਹਨ ਉਸ ਨੂੰ ਪੀ ਜੀ ਆਈ ਵਿਚ ਲੈ ਗਏ ਹਨ । ਤੇਰੇ ਨਾਲ ਜੋ ਬੈਠੇ ਸਨ ਉਹ ਬਹੁਤ ਜ਼ਖਮੀ ਸਨ ਤੇ ਲਹੂ ਬਹੁਤ ਵੱਗ ਜਾਣ ਕਾਰਨ ਭਾਰੀ ਯਤਨਾਂ ਦੇ ਬਾਵਜੂਦ ਬਚਾਏ ਨਹੀਂ ਜਾ ਸਕੇ । ਇਹ ਸੁਣ ਮੈਨੂੰ ਪਤਾ ਨਹੀਂ ਕੀ ਹੋ ਗਿਆ ਸੀ । ਜਦੋਂ ਹੋਸ਼ ਆਈ ਤਾਂ ਮੈਂ ਆਪਣੀ ਮਾਂ ਦੀ ਗੋਦੀ ਵਿਚ ਸਿਰ ਰਖਿਆ ਹੋਇਆ ਸੀ ਤੇ ਕੈਲੋ ਮੇਰੇ ਕੋਲ ਬੈਠੀ ਰੋ ਰਹੀ ਸੀ।

## ਫੁੱਟਬਲ ਟੂਰਨਾਂਮੈਂਟ 'ਚ ਪਹਿਲਾ ਇਨਾਮ ਫੱਤਾਮਾਲੂਕੇ ਤੇ ਦੂਸਰਾ ਕਾਲੇਕੇ ਦੀ ਟੀਮ ਨੇ ਜਿੱਤਿਆ



ਧਨੌਲਾ ਮੰਡੀ (ਸੰਜੀਵ ਗਰਗ ਕਾਲੀ)- ਸਿੱਖਿਆ ਵਿਕਾਸ ਵੈ ੱਲਫੇਅਰ ਸੋਸਾਇਟੀ ਅਤੇ ਫੁੱਟਬਾਲ ਕੱਪ ਰਜਿ : ਪਿੰਡ ਕਾਲਕੇ ਵੱਲੋਂ 16 ਵਾਂ ਫੁੱਟਬਾਲ ਓਪਨ ਟੂਰਨਾਮੈਂਟ ਇਲਾਕਾ ਨਿਵਾਸੀਆਂ, ਐਨਆਰਆਈ ਤੇ ਨਗਰ ਪੰਚਾਇਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਜਾਣਕਾਰੀ ਦਿੰਦਿਆਂ ਪ੍ਰਧਾਨ ਲੋਕ ਸੇਵਾ ਕਲੱਬ ਦੇ ਮੱਖਣ ਖਾਨ, ਪ੍ਰਧਾਨ ਜੱਸੀ ਗਹਿਲੇ ਕਾ, ਮੀਤ ਪ੍ਰਧਾਨ ਗੋਬਿੰਦ ਮਾਲੜਾ, ਸਰਪ੍ਰਸ਼ਤ ਗੁਰਮੇਲ ਗਿੱਲ, ਖਜਾਨਚੀ, ਗੁਰਵਿੰਦਰ ਸਿੰਘ,ਵਾਇਸ ਪ੍ਰਧਾਨ ਗੁਰਦੀਪ ਮਾਨ, ਚੇਅਰਮੈਨ ਜੰਗੀਰ ਸਿੰਘ, ਬਸੀਰ ਖਾਨ ਕੋਚ ਨੇ ਦੱਸਿਆ ਕਿ ਇਹ ਫੁੱਟਬਾਲ ਟੂਰਨਾਂਮੈਂਟ ਮਰਹੂਮ ਪ੍ਰਿੰਸੀਪਲ ਪਰੀਤਮਪੁਰੀ, ਤਰਸੇਮ ਸੇਮੀ ਤੇ ਨਾਜਰ ਸਿੰਘ ਮਾਨ ਦੀ ਯਾਦ ਨੂੰ ਸਮਰਪਿਤ ਕਰਵਾਇਆ ਗਿਆ ਹੈ। ਇਹਨਾਂ ਤਿੰਨ ਦਿਨਾਂ ਟੂਰਨਾਮੈਂਟ 'ਚ ਪਹਿਲਾ ਇਨਾਮ 31 ਹਜਾਰ ਰੁਪਏ ਪਿੰਡ ਫੱਤਾ ਮਾਲੂਕੇ ਤੇ ਦੂਸਰਾ ਇਨਾਮ 21 ਹਜਾਰ ਰੁਪਏ ਪਿੰਡ ਕਾਲੇਕੇ ਦੀ ਟੀਮ ਨੇ ਜਿੱਤਿਆ ਤੇ ਦੋ ਹੋਰ ਵਧੀਆ ਖਿਡਾਰੀਆਂ ਨੂੰ ਮਿਕਸਰ ਜੂਸਰਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਜੇਤੂ ਟੀਮਾਂ ਨੂੰ ਇਨਾਮ ਸਰਪੰਚ ਸੁਖਦੇਵ ਸਿੰਘ ਤੇ ਸਮੂਹ ਪੰਚਾਇਤ, ਪਤਵੰਤੇ ਵਿਆਕਤੀਆਂ ਦੇ ਨਾਲ ਅੰਤਰਰਾ-ਸਟਰੀ ਭੰਗੜਾ ਤੇ ਥੀਏਟਰ ਕਲਾਕਾਰ ਦਵਿੰਦਰਪਾਲ ਸਿੰਘ ਪਾਲੀ ਧਨੌਲਾ( ਯੂਐਸਏ) ਇੰਟਰਨਸ਼ਨਲ ਪ੍ਰਮੋਟਰ ਜੀ.ਪੀ. ਸਿੰਘ (ਯੂਐਸਏ ) ਈਸ਼ਵਰ ਸਿੰਘ ਮਾਹਲ (ਪਟਿਆਲਾ) ਸਿੰਕਦਰ ਸਿੰਘ (ਪਟਿਆਲਾ) ਵੱਲੋਂ ਵੰਡੇ ਗਏ।

# ਜਲੰਧਰ ਉਪ ਚੋਣ 10 ਮਈ ਨੂੰ, ਖ਼ਰਾਬ ਸੜਕਾਂ ਵੀ ਬਣਨਗੀਆਂ ਮੁੱਦਾ

ਜਲੰਧਰ- ਲੋਕ ਸਭਾਂ ਹਲਕਾ ਜਲੰਧਰ ਦੀ ਖਾਲੀ ਹੋਈ ਸੀਟ 'ਤੇ 10 ਮਈ ਨੂੰ ਉਪ ਚੋਣ ਹੋਣ ਜਾ ਰਹੀ ਹੈ। ਇਹਨਾਂ ਚੋਣਾਂ ਵਿਚ ਸੜਕਾਂ ਵੀ ਇਕ ਵੱਡਾ ਮੁੱਦਾ ਬਣਨ ਜਾ ਰਹੀਆਂ ਹਨ। ਸੜਕਾਂ ਦੇ ਨਿਰਮਾਣ ਲਈ ਸਰਦੀਆਂ ਦੇ ਖ਼ਤਮ ਹੋਣ ਦੀ ਉਡੀਕ ਕੀਤੀ ਜਾ ਰਹੀ ਸੀ। ਜਦੋਂ ਮਾਰਚ ਮਹੀਨੇ ਵਿਚ ਹੀ ਮੌਸਮ ਪੂਰੀ ਤਰ੍ਹਾਂ ਗਰਮ ਹੋ ਗਿਆ ਸੀ ਤਾਂ ਲੱਗਦਾ ਸੀ ਕਿ ਹੁਣ ਜਲਦੀ ਹੀ ਸੜਕਾਂ ਬਣ ਜਾਣਗੀਆਂ ਪਰ ਮੌਸਮ ਵਿਚ ਆਈ ਤਬਦੀਲੀ ਕਾਰਨ ਕੰਮ ਪਿੱਛੇ ਪੈ ਗਿਆ ਸੀ। ਤਾਪਮਾਨ ਇਕ ਵਾਰ ਫਿਰ 20 ਤੋਂ 25 ਡਿਗਰੀ ਦੇ ਵਿਚਕਾਰ ਹੋ ਗਿਆ। ਮੀਂਹ ਨਾਲ ਮੌਸਮ ਇੰਨਾ ਠੰਢਾ ਹੋ ਗਿਆ ਹੈ ਕਿ ਸੜਕ ਬਣਾਉਣ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ ਅਤੇ ਹੁਣ ਲੋਕ ਸਭਾ ਜ਼ਿਮਨੀ ਚੋਣ ਲਈ ਜ਼ਾਬਤਾ ਲਾਗੂ ਹੋਣ ਕਾਰਨ 15 ਮਈ ਤੱਕ ਕੋਈ ਕੰਮ ਸ਼ੁਰੂ ਨਹੀਂ ਹੋਵੇਗਾ। ਇਸ ਲਈ ਇਕ ਸਾਲ ਤੋਂ ਪੰਜਾਬ ਦੀ ਸੱਤਾ ਦਾ ਆਨੰਦ ਮਾਣ ਰਹੀ ਆਮ ਆਦਮੀ ਪਾਰਟੀ ਨੂੰ ਚੋਣਾਂ ਵਿਚ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਨਗਰ ਨਿਗਮ ਵਿਚ ਕਾਂਗਰਸ ਦਾ ਰਾਜ ਹਾਲ ਹੀ ਵਿਚ ਖ਼ਤਮ ਹੋਇਆ ਹੈ, ਇਸ ਲਈ ਕਾਂਗਰਸ ਨੂੰ ਵੀ ਇਸ ਦਾ ਜਵਾਬ ਦੇਣਾ ਪਵੇਗਾ। ਸ਼ਹਿਰ ਵਿਚ 200 ਦੇ ਕਰੀਬ ਸੜਕਾਂ ਬਣਨੀਆਂ ਹਨ ਅਤੇ ਇਨ੍ਹਾਂ ਵਿਚੋਂ ਕਰੀਬ 100 ਦੇ ਟੈਂਡਰ ਹਾਲੇ ਖੁੱਲ੍ਹੇ ਹਨ। ਨਗਰ ਨਿਗਮ ਤੇ ਵਿਧਾਇਕਾਂ ਦੀ ਲਾਪ੍ਰਵਾਹੀ ਕਾਰਨ ਸੜਕਾਂ ਬਣਾਉਣ ਵਿਚ ਦੇਰੀ ਹੋਈ ਹੈ। ਹੁਣ ਇਹ ਸੜਕਾਂ 15 ਮਈ ਤੋਂ ਬਾਅਦ ਹੀ ਬਣਾਈਆਂ ਜਾਣਗੀਆਂ ਅਤੇ ਉਦੋਂ ਤੱਕ ਪੈਚ ਵਰਕ ਨਾਲ ਹੀ ਬੁੱਤਾ ਸਾਰਿਆ ਜਾਵੇਗਾ।

ਚੋਣਾਂ ਦੇ ਸੀਜ਼ਨ 'ਚ ਜੇਕਰ 'ਆਪ' ਅਤੇ ਕਾਂਗਰਸ ਦੀਆਂ ਗੱਡੀਆਂ ਇਨ੍ਹਾਂ ਸੜਕਾਂ 'ਤੇ ਘੁੰਮ ਸਕਦੀਆਂ ਹਨ ਤਾਂ ਭਾਜਪਾ ਅਤੇ ਅਕਾਲੀ-ਬਸਪਾ ਵਾਲੇ ਟੋਇਆਂ 'ਚ ਚੋਣ ਵਾਹਨ ਤੇਜ਼ੀ ਨਾਲ ਚਲਾ ਸਕਦੇ ਹਨ। ਸੜਕਾਂ ਦੇ ਨਿਰਮਾਣ ਸਬੰਧੀ ਨਗਰ ਨਿਗਮ ਦੇ ਐੱਸਈ ਬੀ ਐਂਡ ਆਰ ਰਜਨੀਸ਼ ਡੋਗਰਾ ਦਾ ਕਹਿਣਾ ਹੈ ਕਿ ਹੁਣ ਚੋਣ ਜ਼ਾਬਤਾ ਖਤਮ ਹੋਣ ਤੋਂ ਬਾਅਦ ਹੀ ਸਾਰਾ ਕੰਮ ਹੋਵੇਗਾ। ਜੋ ਸੜਕਾਂ ਜ਼ਿਆਦਾ ਟੁੱਟੀਆਂ ਹਨ ਅਤੇ ਆਵਾਜਾਈ ਵਿਚ ਰੁਕਾਵਟ ਪੈਦਾ ਕਰਦੀਆਂ ਹਨ, ਉਨ੍ਹਾਂ ਦਾ ਪੈਚ ਵਰਕ ਮੌਸਮ ਵਿਚ ਸੁਧਾਰ ਹੁੰਦੇ ਹੀ ਕੀਤਾ ਜਾਵੇਗਾ। ਮੌਨਸੂਨ ਤੋਂ ਪਹਿਲਾਂ ਸੜਕ



ਬਣਾਉਣ ਲਈ ਹੁਣ ਡੇਢ ਮਹੀਨਾ ਸੜਕ ਨਿਰਮਾਣ ਲਈ ਚੋਣ ਜ਼ਾਬਤੇ ਦੀ ਉਡੀਕ ਕਰਨੀ ਪਵੇਗੀ। ਮਈ ਦੇ ਤੀਜੇ ਹਫ਼ਤੇ ਵਿਚ ਹੀ ਕੰਮ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਜੁਲਾਈ ਦੇ ਪਹਿਲੇ ਹਫ਼ਤੇ ਤੱਕ ਹੀ ਪੂਰਾ ਹੋ ਪਾਏਗਾ ਕਿਉਂਕਿ ਉਦੋਂ ਤੱਕ ਮਾਨਸੂਨ ਆ ਜਾਵੇਗਾ।

ਸ਼ਹਿਰ ਵਾਸੀਆਂ ਨੂੰ ਲੰਬੇ ਸਮੇਂ ਤੱਕ ਖਸਤਾਹਾਲ ਸੜਕਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਸ ਕਾਰਨ ਆਉਣ ਵਾਲੀਆਂ ਲੋਕ ਸਭਾ ਚੋਣਾਂ ਸ਼ਹਿਰਾਂ ਦੀਆਂ ਟੁੱਟੀਆਂ ਸੜਕਾਂ ਦੇ ਦੁਆਲੇ ਘੁੰਮਣਗੀਆਂ। ਵਿਸ਼ਵ ਪ੍ਰਸਿੱਧ ਸਪੋਰਟਸ ਮਾਰਕੀਟ ਨੂੰ ਜਾਣ ਵਾਲੀ 800 ਮੀਟਰ ਸੜਕ ਟੋਇਆਂ ਨਾਲ ਭਰੀ ਹੋਈ ਹੈ। ਫੁੱਟਬਾਲ ਚੌਕ ਤੋਂ ਲੈ ਕੇ ਝੰਡੀਆਂ ਵਾਲਾ ਪੀਰ ਚੌਕ ਤੱਕ ਟੋਏ ਹੀ ਟੋਏ ਪਏ ਹਨ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਡੂੰਘੇ ਟੋਏ ਪਏ ਹੋਏ ਹਨ। ਕ੍ਰਿਕਟ, ਹਾਕੀ ਅਤੇ ਹੋਰ ਖੇਡਾਂ ਦੇ ਅੰਤਰਰਾਸ਼ਟਰੀ ਖਿਡਾਰੀ ਇੱਥੇ ਆਉਂਦੇ ਰਹਿੰਦੇ ਹਨ। ਸ਼ਹਿਰ ਦੇ ਕਈ ਇਲਾਕਿਆਂ ਦਾ ਇਹੀ ਹਾਲ ਹੈ।

### ਨਗਰ ਨਿਗਮ ਚੋਣਾਂ ਬਾਰੇ ਵੀ ਭੰਬਲਭੂਸਾ

ਨਗਰ ਨਿਗਮ ਚੋਣਾਂ ਬਾਰੇ ਵੀ ਭੰਬਲਭੂਸਾ ਬਣਿਆ ਹੋਇਆ ਹੈ। 'ਆਪ' ਸਰਕਾਰ ਚਾਹੇਗੀ ਕਿ ਨਿਗਮ ਚੋਣਾਂ ਅਕਤੂਬਰ ਤੱਕ ਮੁਲਤਵੀ ਕਰ ਦਿੱਤੀਆਂ ਜਾਣ ਕਿਉਂਕਿ 'ਆਪ' ਸਰਕਾਰ ਨੂੰ ਸ਼ਹਿਰ 'ਚ ਵਿਕਾਸ ਕਾਰਜ ਸ਼ੁਰੂ ਕਰਨ ਲਈ ਮਾਨਸੂਨ ਦੇ ਅੰਤ ਤੱਕ ਇੰਤਜ਼ਾਰ ਕਰਨਾ ਪਵੇਗਾ। ਸਤਹੀ ਪਾਣੀ ਲਈ ਹੁਣ ਟੁੱਟਣਗੀਆਂ ਕਈ ਕਿਲੋਮੀਟਰ ਸੜਕਾਂ। ਸ਼ਹਿਰ ਵਿਚ 24 ਘੰਟੇ ਜਲ ਸਪਲਾਈ ਦੇ ਸਰਫੇਸ ਵਾਟਰ ਪ੍ਰਰਾਜੈਕਟ ਤਹਿਤ 80 ਕਿਲੋਮੀਟਰ ਹੋਰ ਸੜਕਾਂ ਟੁੱਟੀਆਂ ਹੋਣੀਆਂ ਹਨ। ਇਸ ਸਮੇਂ ਇਸ ਪ੍ਰਰਾਜੈਕਟ ਤਹਿਤ ਕੂਲ ਰੋਡ 'ਤੇ ਕੰਮ ਚੱਲ ਰਿਹਾ ਹੈ ਅਤੇ ਇਸ ਸੜਕ ਦੀ ਹਾਲਤ ਬਹੁਤ ਮਾੜੀ ਹੈ। ਇੱਥੇ ਵੀ ਅਗਲੇ 3 ਤੋਂ 4 ਮਹੀਨਿਆਂ ਤੱਕ ਸੜਕ ਦਾ ਨਿਰਮਾਣ ਸੰਭਵ ਨਹੀਂ ਹੈ। ਇਸ ਸੜਕ 'ਤੇ ਕਈ ਵਪਾਰਕ ਕੰਪਲੈਕਸ, ਹਸਪਤਾਲ ਅਤੇ ਪਾਸ਼ ਕਲੋਨੀਆਂ ਹਨ। ਇਹ ਸੜਕ ਕਈ ਵੱਡੇ ਖੇਤਰਾਂ ਨਾਲ ਜੁੜੀ ਹੋਈ ਹੈ ਅਤੇ ਇਸ ਕਾਰਨ ਲੋਕਾਂ ਨੂੰ ਰੋਜ਼ਾਨਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

### ਮੁੱਖ ਸੜਕਾਂ ਦਾ ਹਾਲ

ਗੜ੍ਹਾ ਰੋਡ-ਬੱਸ ਸਟੈਂਡ ਰੇਲਵੇ ਫਾਟਕ ਤੋਂ ਗੜ੍ਹਾ ਨੂੰ ਜਾਂਦੀ ਸੜਕ 'ਤੇ ਕਈ ਥਾਵਾਂ 'ਤੇ ਟੋਏ ਪਏ ਹੋਏ ਹਨ। ਇਹ ਸੜਕ ਡੇਢ ਸਾਲ ਪਹਿਲਾਂ ਬਣਾਈ ਗਈ ਸੀ ਪਰ ਉਸਾਰੀ ਦੇ ਇੱਕ ਮਹੀਨੇ ਬਾਅਦ ਹੀ ਪੁੱਟ ਦਿੱਤੀ ਗਈ ਸੀ। ਕਰੀਬ 800 ਮੀਟਰ ਦੀ ਸੜਕ 'ਤੇ ਕਈ ਥਾਵਾਂ 'ਤੇ ਬੱਜਰੀ ਉੱਖੜ ਚੁੱਕੀ ਹੈ ਅਤੇ ਕਰੀਬ 7 ਥਾਵਾਂ 'ਤੇ ਟੋਏ ਪਏ ਹੋਏ ਹਨ।

ਢਿੱਲਵਾਂ ਰੋਡ-ਕਰੀਬ 1।25 ਕਿਲੋਮੀਟਰ ਲੰਬੀ ਸੜਕ ਦੀ ਹਾਲਤ ਦੋ ਸਾਲਾਂ ਤੋਂ ਖ਼ਰਾਬ ਹੈ। ਇਹ ਸੜਕ ਸਰਫੇਸ ਵਾਟਰ ਦੀ ਪਾਈਪ ਲਾਈਨ ਵਿਛਾਉਣ ਲਈ ਪੁੱਟੀ ਗਈ ਸੀ ਪਰ ਉਦੋਂ ਤੋਂ ਇਹ ਸੜਕ ਨਹੀਂ ਬਣਾਈ ਗਈ। ਢਾਈ ਮਹੀਨੇ ਪਹਿਲਾਂ ਬੇਸ ਤਿਆਰ ਕਰਕੇ ਲੁੱਕ-ਬੱਜਰੀ ਵਿਛਾਉਣ ਦੀ ਤਿਆਰੀ ਕੀਤੀ ਗਈ ਸੀ ਪਰ ਕੰਮ ਫਿਰ ਰੁਕ ਗਿਆ।

ਕੈਂਟ ਦੇ 11 ਪਿੰਡਾਂ ਦੀਆਂ ਸੜਕਾਂ-ਸ਼ਹਿਰ ਦੀ ਹੱਦ ਅੰਦਰ ਪੈਂਦੇ ਛਾਉਣੀ ਖੇਤਰ ਦੇ 11 ਪਿੰਡਾਂ ਦੀਆਂ ਸਾਰੀਆਂ ਸੜਕਾਂ ਦਾ ਬੁਰਾ ਹਾਲ ਹੈ।

ਸਹੀ ਅਰਥਾਂ ਵਿਚ ਇੱਥੇ ਕੋਈ ਸੜਕਾਂ ਨਹੀਂ ਹਨ। ਸੀਵਰੇਜ ਦੀ ਨਵੀਂ ਪਾਈਪ ਲਾਈਨ ਵਿਛਾਉਣ ਲਈ ਸੜਕਾਂ ਨੂੰ ਤੋੜ ਦਿੱਤਾ ਗਿਆ ਸੀ ਪਰ ਉਦੋਂ ਤੋਂ ਇਹ ਸੜਕਾਂ ਨਹੀਂ ਬਣੀਆਂ। ਇੱਥੇ ਬਰਸਾਤ ਦੇ ਮੌਸਮ ਵਿਚ ਦਲਦਲ ਵਰਗੇ ਹਾਲਾਤ ਬਣ ਜਾਂਦੇ ਹਨ।

# ਚੋਣਾਂ ਵਿਚ ਹਾਲੈਂਡ ਦੇ ਕਿਸਾਨਾਂ ਦੀ ਜਿੱਤ



**ਦੇਵਿੰਦਰ ਸ਼ਰਮਾ**

ਕਿਸਾਨ ਨਾਗਰਿਕ ਲਹਿਰ (ਬੀਬੀਬੀ) ਨੇ ਨੈਦਰਲੈਂਡ (ਹਾਲੈਂਡ) ਵਿਚ ਸਿਆਸੀ ਭੂਚਾਲ ਲੈਆਂਦਾ ਹੈ। ਪ੍ਰਧਾਨ ਮੰਤਰੀ ਮਾਰਕ ਰੂਟੇ ਦੀ ਅਗਵਾਈ ਵਾਲੀ ਕੁਲੀਸ਼ਨ ਸਰਕਾਰ ਦੀਆਂ ਵਾਤਾਵਰਨ ਨੀਤੀਆਂ ਖਿਲਾਫ਼ ਉੱਠੇ ਕਿਸਾਨ ਅੰਦੋਲਨ ਦੇ ਆਧਾਰ ’ਤੇ ਚਾਰ ਸਾਲ ਪੁਰਾਣੀ ਪਾਰਟੀ ਨੇ ਸੂਬਾਈ ਚੋਣਾਂ ਵਿਚ ਵੱਡੀ ਜਿੱਤ ਦਰਜ ਕੀਤੀ ਹੈ। ਆਸ ਮੁਤਾਬਕ, ਲੰਘੀ 16 ਮਾਰਚ ਨੂੰ ਚੋਣ ਨਤੀਜਿਆਂ ਦੇ ਐਲਾਨ ਤੋਂ ਬਾਅਦ ਪ੍ਰਧਾਨ ਮੰਤਰੀ ਰੂਟੇ ਨੇ ਆਖਿਆ, ‘‘ਜਿਸ ਕਿਸਮ ਦੀ ਇਹ ਜਿੱਤ ਹੋਈ ਹੈ, ਉਸ ਦੀ ਸਾਨੂੰ ਹਰਗਿਜ਼ ਉਮੀਦ ਨਹੀਂ ਸੀ।’’ ਨੈਦਰਲੈਂਡ ਵਿਚ ਖੇਤਾਂ ’ਚ ਨਾਈਟ੍ਰੇਟ ਪ੍ਰਦੂਸ਼ਣ ਘਟਾਉਣ ਦੀਆਂ ਸਰਕਾਰ ਦੀਆਂ ਨੀਤੀਆਂ ਖਿਲਾਫ਼ ਅਸੰਤੋਸ਼ ਤੋਂ ਉਪਜੀ ਇਹ ਡੱਚ ਕਿਸਾਨਾਂ ਦੀ ਜਿੱਤ ਉਦੋਂ ਆਈ ਹੈ ਜਦੋਂ ਸਾਲ ਕੁ ਪਹਿਲਾਂ ਪੰਜਾਬ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਿਸਾਨਾਂ ਦੇ ਪੱਲੇ ਘੋਰ ਨਿਰਾਸ਼ਾ ਪਈ ਸੀ। ਆਖ਼ਰਕਾਰ, ਇਕ ਸਾਲ ਤੋਂ ਵੱਧ ਸਮਾਂ ਦਿੱਲੀ ਦੀਆਂ ਬਰੂਹਾਂ ’ਤੇ ਲੜੇ ਗਏ ਬੇਮਿਸਾਲ ਕਿਸਾਨ ਸੰਘਰਸ਼ ਦੇ ਲੋਕਪ੍ਰਿਅ ਜਜ਼ਬਾਤ ਦੀ ਥਾਹ ਪਾਉਣ ਵਿਚ ਕਿਸਾਨ ਜਥੇਬੰਦੀਆਂ ਕਿਵੇਂ ਉਕ ਗਈਆਂ, ਇਹ ਉਹ ਸਵਾਲ ਹੈ ਜੋ ਨਾ ਕੇਵਲ ਕਿਸਾਨ ਲੀਡਰਸ਼ਿਪ ਨੂੰ ਸਗੋਂ ਸਿਆਸੀ ਵਿਸ਼ਲੇਸ਼ਕਾਂ ਅਤੇ ਸਮਾਜ ਸ਼ਾਸਤਰੀਆਂ ਨੂੰ ਪ੍ਰੇਸ਼ਾਨ ਕਰਦਾ ਰਹੇਗਾ। ਬਹਰਹਾਲ, ਆਓ ਪਹਿਲਾਂ ਇਹ ਪਤਾ ਕਰੀਏ ਕਿ ਡੱਚ ਕਿਸਾਨਾਂ ਨੂੰ ਉਥੋਂ ਦੀ ਸਰਕਾਰ ਦੀਆਂ ਵਾਤਾਵਰਨ ਨੀਤੀਆਂ ਪ੍ਰਤੀ ਕੀ ਰੋਸ ਸੀ ਜਿਸ ਕਰ ਕੇ ਉਨ੍ਹਾਂ ਨੂੰ ਇੰਨੀ ਵੱਡੀ ਚੁਣਾਵੀ ਜਿੱਤ ਹਾਸਲ ਹੋਈ ਹੈ।

> **ਨੈਦਰਲੈਂਡ ਵਿਚ ਪਿਛਲੇ ਕਈ ਦਹਾਕਿਆਂ ਤੋਂ ਸੰਘਣੀ ਖੇਤੀ ਦਾ ਮਾਡਲ ਅਪਣਾਇਆ ਜਾ ਰਿਹਾ ਹੈ ਅਤੇ ਇਹ ਮੁਲਕ ਖੇਤੀ ਜਿਣਸਾਂ ਦਾ ਦੁਨੀਆ ਭਰ ਵਿਚ ਦੂਜਾ ਸਭ ਤੋਂ ਵੱਡਾ ਬਰਾਮਦਕਾਰ ਹੈ। ਉੱਥੇ ਪ੍ਰਤੀ ਹੈਕਟੇਅਰ 277।8 ਕਿਲੋਗ੍ਰਾਮ ਖਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਦੁਨੀਆ ਵਿਚ ਸਭ ਤੋਂ ਜ਼ਿਆਦਾ ਹੈ। ਇਸ ਦੇ ਨਾਲ ਹੀ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਕਰ ਕੇ ਡੱਚ ਕਿਸਾਨਾਂ ਦਾ ਕੋਈ ਸਾਨੀ ਨਹੀਂ ਹੈ।**



ਨੈਦਰਲੈਂਡ ਜਿਸ ਨੂੰ ਹਾਲੈਂਡ ਵੀ ਕਿਹਾ ਜਾਂਦਾ ਹੈ ਤੇ ਉਥੋਂ ਦੇ ਲੋਕਾਂ ਨੂੰ ਡੱਚ ਕਿਹਾ ਜਾਂਦਾ ਹੈ, ਦਾ ਖੇਤਰਫਲ ਪੰਜਾਬ ਨਾਲੋਂ ਵੀ ਛੋਟਾ ਹੈ ਅਤੇ ਉੱਥੇ ਕਿਸਾਨਾਂ ਦੀ ਲਹਿਰ ਨੂੰ ਚੋਣਾਂ ਵਿਚ 19 ਫ਼ੀਸਦ ਵੋਟਾਂ ਪਈਆਂ ਹਨ। ਨੈਦਰਲੈਂਡ ਵਿਚ ਅੰਦਾਜ਼ਨ 11200 ਕਾਸ਼ਤ ਫਾਰਮ ਹਨ ਅਤੇ ਕਿਸਾਨਾਂ ਦੀ ਪਾਰਟੀ ਨੂੰ 15 ਲੱਖ ਵੋਟਾਂ ਪਈਆਂ ਹਨ। ਇਧਰ, ਪੰਜਾਬ ਵਿਚ ਅੰਦਾਜ਼ਨ 10।9 ਲੱਖ ਕਿਸਾਨ ਪਰਿਵਾਰ ਮੌਜੂਦ ਹਨ ਪਰ ਕਿਸਾਨਾਂ ਦੇ ਸਿਆਸੀ ਮੋਰਚੇ ਵਜੋਂ ਸਾਹਮਣੇ ਆਏ ਸੰਯੁਕਤ ਸਮਾਜ ਮੋਰਚੇ ਨੂੰ ਇਕ ਵੀ ਸੀਟ ਨਹੀਂ ਮਿਲ ਸਕੀ। ਨੈਦਰਲੈਂਡ ਪਿਛਲੇ ਕਈ ਸਾਲਾਂ ਤੋਂ ਨਾਈਟ੍ਰੋਜਨ ਪ੍ਰਦੂਸ਼ਣ ਵਿਚ ਹੋ ਰਹੇ ਇਜ਼ਾਫ਼ੇ ਨਾਲ ਦੋ ਚਾਰ ਹੋ ਰਿਹਾ ਸੀ ਅਤੇ ਪਿਛਲੇ ਸਾਲ ਸਰਕਾਰ ਨੇ 2030 ਤੱਕ ਖੇਤਾਂ ਤੋਂ ਹੋਣ ਵਾਲੇ ਨਾਈਟ੍ਰੋਜਨ ਪ੍ਰਦੂਸ਼ਣ ਵਿਚ 50 ਫ਼ੀਸਦ ਤੱਕ ਕਟੌਤੀ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਸੀ। ਜਲਵਾਯੂ ਤਬਦੀਲੀ ਦੀ ਦਲੀਲ ਦੇ ਕੇ ਸਰਕਾਰ ਨੇ ਨਾ ਕੇਵਲ 3000 ਫਾਰਮ ਬੰਦ ਕਰਨ ਸਗੋਂ ਡੇਅਰੀ ਫਾਰਮਾਂ ਵਿਚ ਪਸ਼ੂਆਂ ਦੀ ਗਿਣਤੀ ਵਿਚ ਤੀਜਾ ਹਿੱਸਾ ਕਟੌਤੀ ਕਰਨ ਦਾ ਵਾਅਦਾ ਕੀਤਾ। ਸਵੈਇੱਛਕ ਤੌਰ ’ਤੇ ਆਪਣੀਆਂ ਜ਼ਮੀਨਾਂ ਦੇਣ ਵਾਲੇ ਕਿਸਾਨਾਂ ਨੂੰ ਸੌ ਫ਼ੀਸਦ ਕੀਮਤ ਦੇਣ ਦੀ ਪੇਸ਼ਕਸ਼ ਕਰਦਿਆਂ ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਸ ਨੇ ਇਸ ਮੰਤਵ ਲਈ 24 ਅਰਬ ਯੂਰੋ ਦੀ ਵਿਵਸਥਾ ਕੀਤੀ ਹੈ।

ਇਸ ਤੋਂ ਬਾਅਦ ਕਿਸਾਨਾਂ ਨੇ ਕਈ ਮਹੀਨਿਆਂ ਤੱਕ ਸੜਕਾਂ ’ਤੇ ਰੋਸ ਪ੍ਰਗਟਾਇਆ। ਗੁੱਸਾ ਵਧਣ ਕਰ ਕੇ ਕਿਸਾਨਾਂ ਨੇ ਪਸ਼ੂਆਂ ਦਾ ਮਲ ਮੂਤਰ ਸੜਕਾਂ ’ਤੇ ਖਿਲਾਰ ਦਿੱਤਾ ਅਤੇ ਪਿੰਡਾਂ ਅੰਦਰ ਨੈਦਰਲੈਂਡ ਦਾ ਕੌਮੀ ਝੰਡਾ ਨੂੰ ਪੁੱਠਾ ਟੰਗ ਦਿੱਤਾ। ਉਨ੍ਹਾਂ ਸ਼ਹਿਰਾਂ ਅੰਦਰ ਟਰੈਕਟਰ ਮਾਰਚ ਵੀ ਕੀਤੇ। ਕਿਸਾਨਾਂ ਦਾ ਕਹਿਣਾ ਸੀ ਕਿ ਆਲਮੀ ਤਪਸ਼ ਵਧਾਊ ਗੈਸਾਂ ਵਿਚ ਕਮੀ ਦੀ ਆੜ ਹੇਠ ਖੇਤੀਬਾੜੀ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ ਜਦਕਿ ਸਰਕਾਰ ਪ੍ਰਦੂਸ਼ਣ ਲਈ ਮੁੱਖ ਦੋਸ਼ੀ ਸਨਅਤਾਂ, ਉਸਾਰੀ ਅਤੇ ਟ੍ਰਾਂਸ-ਪੋਰਟ ਖੇਤਰਾਂ ਖਿਲਾਫ਼ ਇਸ ਤਰ੍ਹਾਂ ਦੇ ਸਖ਼ਤ ਕਦਮ ਨਹੀਂ ਚੁੱਕ ਰਹੀ। ਕਿਸਾਨਾਂ ਦਾ ਕਹਿਣਾ ਸੀ ਕਿ ਸਰਕਾਰ ਉਨ੍ਹਾਂ ਨੂੰ ਬੇਵਜ੍ਹਾ ਨਿਸ਼ਾਨਾ ਬਣਾ ਰਹੀ ਹੈ। ਨਾਗਰਿਕਾਂ ਦੀ ਹਮਾਇਤ ਹਾਸਲ ਹੋਣ ਨਾਲ ਸਰਕਾਰ ਦੀਆਂ ਨੀਤੀਆਂ ਖਿਲਾਫ਼ ਕਿਸਾਨਾਂ ਦਾ ਇਹ ਰੋਸ ਵੋਟ ਪਰਚੀਆਂ ਜ਼ਰੀਏ ਝਲਕਿਆ। ਪਾਰਟੀ (ਬੀਬੀਬੀ) ਦੇ ਚੇਅਰਮੈਨ ਐਰਿਕ ਸਟੈਜਿੰਕ ਨੇ ਪਾਰਟੀ ਦੀ ਜਿੱਤ ਤੋਂ ਬਾਅਦ ਇਕ ਟਵੀਟ ਰਾਹੀਂ ਆਖਿਆ: ‘‘ਸਾਡੀਆਂ ਚਿੰਤਾਵਾਂ ਹਜੇ ਖ਼ਤਮ ਨਹੀਂ ਹੋਈਆਂ ਪਰ ਘੱਟੋਘੱਟ ਅਸੀਂ ਹੁਣ ਝੰਡਾ ਸਿੱਧਾ ਝੁਲਾ ਸਕਦੇ ਹਾਂ।’’

ਨੈਦਰਲੈਂਡ ਵਿਚ ਪਿਛਲੇ ਕਈ ਦਹਾਕਿਆਂ ਤੋਂ ਸੰਘਣੀ ਖੇਤੀ ਦਾ ਮਾਡਲ ਅਪਣਾਇਆ ਜਾ ਰਿਹਾ ਹੈ ਅਤੇ ਇਹ ਮੁਲਕ ਖੇਤੀ ਜਿਣਸਾਂ ਦਾ ਦੁਨੀਆ ਭਰ ਵਿਚ ਦੂਜਾ ਸਭ ਤੋਂ ਵੱਡਾ ਬਰਾਮਦਕਾਰ ਹੈ। ਉੱਥੇ ਪ੍ਰਤੀ ਹੈਕਟੇਅਰ 277।8 ਕਿਲੋਗ੍ਰਾਮ ਖਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਦੁਨੀਆ ਵਿਚ ਸਭ ਤੋਂ ਜ਼ਿਆਦਾ ਹੈ। ਇਸ ਦੇ ਨਾਲ ਹੀ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਕਰ ਕੇ ਡੱਚ ਕਿਸਾਨਾਂ ਦਾ ਕੋਈ ਸਾਨੀ ਨਹੀਂ ਹੈ। ਇਸ ਦੀ ਬਿਹਤਰੀਨ ਕਾਰਗੁਜ਼ਾਰੀ ਇਸ ਦੀਆਂ ਬਰਾਮਦਾਂ ਦੇ ਅੰਕੜਿਆਂ ਤੋਂ ਪ੍ਰਗਟ ਹੁੰਦੀ ਹੈ। ਇਸ ਤੋਂ ਇਲਾਵਾ ਨੈਦਰਲੈਂਡ ਦੇ ਫਾਰਮਾਂ ਵਿਚ ਪਸ਼ੂਆਂ ਦੀ ਸੰਖਿਆ ਚਾਰ ਗੁਣਾ ਜ਼ਿਆਦਾ ਹੈ ਅਤੇ ਇਹ ਯੂਰੋਪ ਵਿਚ ਮੀਟ ਦਾ ਸਭ ਤੋਂ ਵੱਡਾ ਬਰਾਮਦਕਾਰ ਹੈ। ਹਾਲਾਂਕਿ ਇਸ ਛੋਟੇ ਜਿਹੇ ਮੁਲਕ ਵਿਚ ਖ਼ਤਰਨਾਕ ਰਸਾਇਣ ਧਰਤੀ ਵਿਚ ਰਸਣ ਕਰ ਕੇ ਇਕ ਵੱਡਾ ਸਿਆਸੀ ਮੁੱਦਾ ਬਣ ਗਿਆ ਹੈ ਜਿਸ ਕਰ ਕੇ ਕੁਝ ਲੋਕਾਂ ਨੂੰ ਚੋਣਾਂ ਵਿਚ ਹਾਰ ਦਾ ਮੂੰਹ ਵੇਖਣਾ ਪਿਆ ਹੈ। ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਕੁਝ ਸਾਲ ਪਹਿਲਾਂ ਹਾਲੈਂਡ ਨੇ ਪਸ਼ੂਆਂ ਅਤੇ ਸੂਰਾਂ ਦਾ ਗੋਬਰ ਭਾਰਤ ਨੂੰ ਬਰਾਮਦ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ। ਜਦੋਂ 1994 ਵਿਚ ਮੇਰੀ ਕਿਤਾਬ ‘ਗੈਟ ਐਂਡ ਇੰਡੀਆ: ਦ ਪਾਲਿਟਿਕਸ ਆਫ ਐਗਰੀਕਲਚਰ’ ਦੇ ਲੋਕ ਅਰਪਣ ਵੇਲੇ ਮੈਂ ਇਹ ਖੁਲਾਸਾ ਕੀਤਾ ਸੀ ਕਿ ਨੈਦਰਲੈਂਡ ਵਲੋਂ ਭਾਰਤ ਨੂੰ ਗੋਬਰ ਬਰਾਮਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਇਹ ਇਕ ਭਖਵਾਂ ਮੁੱਦਾ ਬਣ ਗਿਆ ਸੀ ਜਿਸ ’ਤੇ ਪਾਰਲੀਮੈਂਟ ਵਿਚ ਬਹਿਸ ਵੀ ਹੋਈ ਸੀ। ਇਹ ਸਵਾਲ ਉਠ-ਾਇਆ ਗਿਆ ਸੀ ਕਿ ਜਿਸ ਮੁਲਕ ਵਿਚ ਸਭ ਤੋਂ ਵੱਧ ਪਸ਼ੂ ਹਨ, ਉੱਥੇ ਗਾਈਆਂ ਦੀ ਗੋਬਰ/ਖਾਦ ਕਿਉਂ ਭੇਜੀ ਜਾ ਰਹੀ ਹੈ। ਨਾਗਰਿਕ ਸਮਾਜ ਦੇ ਕੁਝ ਗਰੁੱਪਾਂ ਨੇ ਤਾਂ ਰੂੜੀ ਦੀਆਂ ਟਰਾਲੀਆਂ ਕ੍ਰਿਸ਼ੀ ਭਵਨ ਦੇ ਸਾਹਮਣੇ ਉਤਾਰ ਦਿੱਤੀਆਂ ਸਨ। ਯੋਜਨਾ ਮੁਤਾਬਕ 50 ਲੱਖ ਟਨ ਗੋਬਰ ਖਾਦ ਭਾਰਤ ਮੰਗਵਾਉਣ ਦਾ ਟੀਚਾ ਸੀ ਜੋ ਕੱਛ ਖੇਤਰ ਵਿਚ ਉਤਾਰ ਕੇ ਤੇ ਇਸ ਨੂੰ ਧੁੱਪ ਵਿਚ ਸੁਕਾ ਕੇ ਅਤੇ ਫਿਰ ਕੁਝ ਹੋਰ ਤੱਤ ਮਿਲਾ ਕੇ ਭਾਰਤ ਦੀ ਇਕ ਪ੍ਰਾਈਵੇਟ ਕੰਪਨੀ ਰਾਹੀਂ ਕਿਸਾਨਾਂ ਨੂੰ ਵੇਚੀ ਜਾਣੀ ਸੀ। ਹਾਲੈਂਡ ਵਿਚ ਗਊਆਂ ਦਾ ਗੋਬਰ ਗਿੱਲ-ਸੁੱਕੇ ਰੂਪ ਵਿਚ ਮਿਲਦਾ ਹੈ ਜੋ ਪਾਈਪਾਂ ਦੇ ਨੈੱਟਵਰਕ ਰਾਹੀਂ ਇਕ ਬੰਦਰਗਾਹ ’ਤੇ ਇਕੱਠਾ ਕੀਤਾ ਜਾਣਾ ਸੀ ਅਤੇ ਫਿਰ ਇਸ ਤੋਂ ਬਾਇਓਗੈਸ ਬਣਾ ਕੇ ਇਕ ਪ੍ਰਾਈਵੇਟ ਕੰਪਨੀ ਨੂੰ ਸਪਲਾਈ ਕੀਤੀ ਜਾਣੀ ਸੀ ਜਦਕਿ ਬਾਕੀ ਬਚਿਆ ਤਰਲ ਗੋਬਰ ਭਾਰਤ ਨੂੰ ਸਪਲਾਈ ਕੀਤਾ ਜਾਣਾ ਸੀ। ਇਸ ਲਈ ਯੂਰਪੀਅਨ ਕਮਿਸ਼ਨ ਤੋਂ ਸਬਸਿਡੀ ਵੀ ਦਿੱਤੀ ਜਾਣੀ ਸੀ ਅਤੇ ਪੰਜ ਸਾਲਾਂ ਬਾਅਦ ਬਰਾਮਦਾਂ ਵਿਚ ਦੁੱਗਣਾ ਵਾਧਾ ਹੋਣ ਦੀ ਆਸ ਸੀ।

ਵਿਰੋਧੀ ਧਿਰ ਉਦੋਂ ਸ਼ਾਂਤ ਹੋਈ ਜਦੋਂ ਪਾਰਲੀਮੈਂਟ ਨੂੰ ਦੱਸਿਆ ਗਿਆ ਕਿ ਗੋਬਰ ਦੀ ਦਰਾਮਦ ਨੂੰ ਨਾਂਹਮੁਖੀ ਸੂਚੀ (ਭਾਵ ਦਰਾਮਦ ਤੋਂ ਪਹਿਲਾਂ ਇਸ ਲਈ ਸਰਕਾਰ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੋਵੇਗੀ) ਵਿਚ ਪਾ ਦਿੱਤਾ ਗਿਆ ਹੈ। ਇਸ ਕਰ ਕੇ ਇਸ ਮੁੱਦੇ ’ਤੇ ਕਾਫ਼ੀ ਕੁਝ ਦਾਅ ’ਤੇ ਲੱਗਿਆ ਹੋਇਆ ਹੈ। ਹਾਲੈਂਡ ਵਿਚ ਨਾਈਟ੍ਰੋਜਨ ਪ੍ਰਦੂਸ਼ਣ ਦਾ ਕਰੀਬ 45 ਫ਼ੀਸਦ ਹਿੱਸਾ ਖੇਤੀਬਾੜੀ ਤੋਂ ਆਉਂਦਾ ਹੈ। ਮੁਨਾਸਿਬ ਗੱਲ ਇਹ ਹੈ ਕਿ ਕਿਸਾਨਾਂ ਨੂੰ ਲੋੜੀਂਦੀਆਂ ਵਾਤਾਵਰਨਕ ਤਬਦੀਲੀਆਂ ਕਰਨ ਵਾਸਤੇ ਕੁਝ ਹੋਰ ਸਮਾਂ ਦੇਣ ਦੀ ਲੋੜ ਹੈ। ਇਸ ਲਈ ਖੇਤੀਬਾੜੀ ਖੋਜ ਅਤੇ ਵਿਕਾਸ ਦੇ ਚੌਖਟੇ ਵਿਚ ਵੀ ਤਬਦੀਲੀ ਲਿਆਉਣ ਦੀ ਲੋੜ ਹੈ ਤਾਂ ਕਿ ਵਾਤਾਵਰਨ ਪੱਖੀ ਖੇਤੀਬਾੜੀ ਵਿਧੀਆਂ ਅਪਣਾਉਣ ਵੱਲ ਵਧਿਆ ਜਾ ਸਕੇ।

ਇਸ ਮੁੱਦੇ ਦੇ ਭਾਰਤ ਲਈ ਵੀ ਸਬਕ ਹਨ। ਉਚ ਤਕਨਾਲੋਜੀ ਵਾਲੀਆਂ ਉਤਪਾਦਨ ਤਕਨੀਕਾਂ ਅੰਨ੍ਹੇਵਾਹ ਢੰਗ ਨਾਲ ਅਪਣਾਉਣ ਅਤੇ ਹੋਰ ਜ਼ਿਆਦਾ ਰਸਾਇਣਕ ਸਮੱਗਰੀ ਦੀ ਵਰਤੋਂ ਨਾਲ ਆਉਣ ਵਾਲੇ ਸਾਲਾਂ ਵਿਚ ਭਾਰਤ ’ਚ ਵੀ ਖੇਤੀਬਾੜੀ ਲਈ ਵਧਦੇ ਪ੍ਰਦੂਸ਼ਣ ਵਿਚ ਕਟੌਤੀ ਕਰਨ ਦਾ ਖ਼ਤਰਾ ਪੈਦਾ ਹੋਵੇਗਾ ਅਤੇ ਇਸ ਦੇ ਨਾਂ ’ਤੇ ਕਿਸਾਨਾਂ ਤੋਂ ਜ਼ਮੀਨਾਂ ਖੋਹੀਆਂ ਜਾਣਗੀਆਂ। ਆਓ, ਹੁਣ ਅਸੀਂ ਇਹ ਗ਼ਲਤੀ ਨਾ ਦੁਹਰਾਈਏ ਸਗੋਂ ਸਾਡੀਆਂ ਆਪਣੀਆਂ ਸ਼ਕਤੀਆਂ ’ਤੇ ਧਿਆਨ ਕੇਂਦਰਤ ਕਰੀਏ। ਖੇਤੀਬਾੜੀ ਦੀ ਆਰਥਿਕ ਲਾਹੇਵੰਦੀ ਯਕੀਨੀ ਬਣਾਈਏ ਅਤੇ ਖੇਤੀ-ਵਾਤਾਵਰਨਕ ਕਾਸ਼ਤ ਪ੍ਰਣਾਲੀ ਨੂੰ ਮਜ਼ਬੂਤ ਬਣਾਈਏ।

# ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਨਾਂ ਇਕ ਖਤ

ਸ ਹਰਜਿੰਦਰ ਸਿੰਘ ਧਾਮੀ,
ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।
ਵਿਸ਼ਾ:- ਸ ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਤੀਜੀ ਜਨਮ ਸ਼ਤਾਬਦੀ।

ਸ ਹਰਜਿੰਦਰ ਸਿੰਘ ਧਾਮੀ ਜੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਸ। ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਤੀਜੀ ਜਨਮ ਸ਼ਤਾਬਦੀ ਸਬੰਧੀ ਉਲੀਕੇ ਗਏ ਪ੍ਰੋਗਰਾਮ (16 ਅਪ੍ਰੈਲ ਤੋਂ 5 ਮਈ) ਬਾਰੇ ਜਾਣ ਕੇ ਖੁਸ਼ੀ ਹੋਈ ਹੈ। ਸਿੱਖ ਸਰਦਾਰਾਂ ਦੇ ਜਨਮ ਦਿਹਾੜੇ ਅਤੇ ਸ਼ਹੀਦੀ ਦਿਹਾੜੇ ਮਨਾਉਣਾ ਕੌਮ ਦਾ ਫਰਜ਼ ਹੈ। ਆਪ ਜੀ ਦੀ ਅਗਵਾਈ ਵਿੱਚ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਹ ਜਿੰਮੇਵਾਰੀ ਨਿਭਾ ਰਹੀ ਹੈ। ਆਪ ਜੀ ਦੀ ਸਮੁੱਚੀ ਟੀਮ ਦਾ ਧੰਨਵਾਦ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਕੈਲੰਡਰ (ਸੰਮਤ 555 ਨਾਨਕਸ਼ਾਹੀ) ਵਿੱਚ ਸ। ਜੱਸਾ ਸਿੰਘ ਰਾਮਗੜੀਆਂ ਦੀ ਤੀਜੀ ਜਨਮ ਸ਼ਤਾਬਦੀ, 22 ਵੈਸਾਖ/5 ਮਈ ਦਰਜ ਹੈ। ਹੁਣ ਜੇ 22 ਵੈਸਾਖ ਨੂੰ ਸਹੀ ਮੰਨੀਏ ਤਾਂ ਇਸ ਦਿਨ ਅੱਜ ਤੋਂ 300 ਸਾਲ ਪਹਿਲਾ, 22 ਵੈਸਾਖ ਸੰਮਤ 1780 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ 19 ਅਪ੍ਰੈਲ 1723 ਈ: (ਜੂਲੀਅਨ) ਬਣਦੀ ਹੈ। ਪਰ ਆਮ ਤੌਰ ਤੇ (On Line) ਜੱਸਾ ਸਿੰਘ ਰਾਮਗੜੀਆਂ ਜੀ ਦੀ ਜਨਮ ਤਾਰੀਖ 5 ਮਈ 1723 ਈ: ਹੀ ਮਿਲਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਇਹ ਸ਼ਤਾਬਦੀ ਅੰਗਰੇਜੀ ਤਾਰੀਖ ਮੁਤਾਬਕ, 5 ਮਈ ਨੂੰ ਮਨਾ ਰਹੀ ਹੈ।



ਪ੍ਰਧਾਨ ਜੀ, ਇਹ ਤਾਰੀਖ ਉਸ ਕੈਲੰਡਰ (ਜੂਲੀਅਨ) ਦੀ ਹੈ ਜਿਹੜਾ ਕਦੇ ਆਪਣੇ ਖਿੱਤੇ ਵਿੱਚ ਲਾਗੂ ਹੀ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀਂ ਹੋਇਆ, ਉਸ ਵਿੱਚ ਇਤਿਹਾਸ ਕਿਵੇਂ ਲਿਖਿਆ ਗਿਆ ਹੋਵੇਗਾ? ਇਹ ਠੀਕ ਹੈ ਕਿ ਜੂਲੀਅਨ ਕੈਲੰਡਰ ਵਿਚ ਸੋਧ ਅਕਤੂਬਰ 1582 ਈ: ਵਿੱਚ ਹੋ ਗਈ ਸੀ ਪਰ ਇੰਗਲੈਂਡ ਨੇ ਇਸ ਸੋਧ ਨੂੰ ਸਤੰਬਰ 1752 ਈ: ਵਿੱਚ ਮਾਨਤਾ ਦਿੱਤੀ ਸੀ। ਆਪਣੇ ਦੇਸ਼ ਵਿੱਚ ਅੰਗਰੇਜੀ ਕੈਲੰਡਰ, ਗੋਰਿਆਂ ਦੇ ਆਉਣ ਨਾਲ ਹੀ ਆਇਆ ਸੀ। ਉਹ ਕੈਲੰਡਰ ਗਰੈਗੋਰੀਅਨ ਸੀ। ਆਪਣੇ ਦੇਸ਼ ਵਿੱਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਪ੍ਰਚੱਲਤ ਸੀ। ਗੁਰੂ ਕਾਲ ਤੋਂ ਸਾਰੀਆਂ ਤਾਰੀਖ ਇਸੇ ਕੈਲੰਡਰ ਮੁਤਾਬਕ ਹੀ ਮਿਲਦੀਆਂ ਹਨ।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਮੁਤਾਬਕ, ਸ ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਜਨਮ ਤਾਰੀਖ 7 ਜੇਠ, ਸੰਮਤ 1723 ਬਿਕ੍ਰਮੀ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਵਿੱਚ, 7 ਜੇਠ, 21 ਮਈ ਦੀ ਦਰਜ ਹੈ। ਪਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਹ ਦਿਹਾੜਾ 5 ਮਈ ਨੂੰ ਮਨਾ ਰਹੀ ਹੈ। ਕੀ ਕਾਰਨ ਹੈ, ਸ਼੍ਰੋਮਣੀ ਕਮੇਟੀ ਸ ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਜਨਮ ਸ਼ਤਾਬਦੀ ਅਸਲ ਪ੍ਰਵਿਸ਼ਟੇ 7 ਜੇਠ (21 ਮਈ) ਨੂੰ ਮਨਾਉਣ ਦੀ ਬਿਜਾਏ 5 ਮਈ (22 ਵੈਸਾਖ) ਨੂੰ ਮਨਾ ਰਹੀ ਹੈ? ਕੀ ਇਸ ਤਰ੍ਹਾਂ ਇਤਿਹਾਸਕ ਤਾਰੀਖ ਨੂੰ ਮਨਮਰਜ਼ੀ ਨਾਲ ਬਦਲੀ ਕਰਨਾ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਸ਼ੋਭਾ ਦਿੰਦਾ ਹੈ? ਕੀ ਸ਼੍ਰੋਮਣੀ ਕਮੇਟੀ ਦੇ ਵਿਦਵਾਨ, ਇਸ ਤਾਰੀਖ ਨੂੰ ਬਦਲੀ ਕਰਨ ਦੇ ਕਾਰਨਾਂ ਬਾਰੇ ਜਾਣਕਾਰੀ ਸੰਗਤਾਂ ਨਾਲ ਸਾਂਝੀ ਕਰਨਗੇ?

ਸ। ਹਰਜਿੰਦਰ ਸਿੰਘ ਧਾਮੀ ਜੀ, ਨਿਮਰਤਾ ਸਹਿਤ ਬੇਨਤੀ ਹੈ ਕਿ ਇਤਿਹਾਸਿਕ ਤਾਰੀਖ ਨਾਲ ਛੇੜ ਛਾੜ ਕਰਨ ਪਿਛੇ ਕੰਮ ਕਰਦੀ ਸ਼ਾਜਿਸ ਦੀ ਪੜਤਾਲ ਕਰਵਾ ਕੇ ਜਿੰਮੇਵਾਰ ਵਿਅਕਤੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਸ ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਤੀਜੀ ਜਨਮ ਸ਼ਤਾਬਦੀ ਗਲਤ ਤਾਰੀਖ (5 ਮਈ) ਨੂੰ ਮਨਾਉਣ ਦੀ ਬਿਜਾਏ, ਗੁਰੂ ਕਾਲ ਤੋਂ ਪ੍ਰਚੱਲਤ ਕੈਲੰਡਰ ਭਾਵ ਬਿਕ੍ਰਮੀ ਕੈਲੰਡਰ ਮੁਤਾਬਕ, 7 ਜੇਠ (21 ਮਈ) ਨੂੰ ਮਨਾਉਣ ਦਾ ਐਲਾਨ ਕੀਤਾ ਜਾਵੇ।

**ਧੰਨਵਾਦ**
**ਸਤਿਕਾਰ ਸਹਿਤ**

**ਸਰਵਜੀਤ ਸਿੰਘ**
**ਸੈਕਰਾਮੈਂਟੋ**

**21 ਚੇਤ, ਸੰਮਤ 555 ਨਾਨਕਸ਼ਾਹੀ (3 ਅਪ੍ਰੈਲ, 2023 ਈ:)**

# ਖ਼ਤਰੇ ਦੀ ਘੰਟੀ ਹੈ ਪੱਛਮੀ ਏਸ਼ੀਆ ’ਚ ਚੀਨ ਦਾ ਵਧਦਾ ਦਖ਼ਲ

**ਡਾ ਅਭਿਸ਼ੇਕ ਸ੍ਰੀਵਾਸਤਵ**

ਪੱਛਮੀ ਏਸ਼ੀਆ ਦੇ ਦੋ ਵੱਡੇ ਤੇਲ ਉਤਪਾਦਕ ਦੇਸ਼ ਤੇ ਇਕ-ਦੂਜੇ ਦੇ ਮੁੱਖ ਵਿਰੋਧੀ ਰਹੇ ਈਰਾਨ ਤੇ ਸਾਊਦੀ ਅਰਬ ਨੇ ਚੀਨ ਦੀ ਵਿਚੋਲਗੀ ਸਦਕਾ ਮੁੜ ਕੂਟਨੀਤਕ ਸਬੰਧਾਂ ਨੂੰ ਬਹਾਲ ਕਰਨ ਅਤੇ ਦੂਤਘਰਾਂ ਨੂੰ ਫਿਰ ਤੋਂ ਖੋਲ੍ਹਣ ’ਤੇ ਸਹਿਮਤੀ ਪ੍ਰਗਟਾਈ ਹੈ। ਮਾਲੂਮ ਹੋਵੇ ਕਿ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਸੰਨ 2016 ਵਿਚ ਉਦੋਂ ਆਰੰਭ ਹੋਇਆ ਸੀ ਜਦ ਸਾਊਦੀ ਅਰਬ ਵਿਚ ਸ਼ਿਆ ਧਰਮ ਗੁਰੂ ਨਿਮਰ ਅਲ-ਨਿਮਰ ਦੇ ਨਾਲ 47 ਲੋਕਾਂ ਨੂੰ ਅੱਤਵਾਦ ਦੇ ਦੋਸ਼ ਹੇਠ ਫਾਂਸੀ ਦੇ ਦਿੱਤੀ ਗਈ ਸੀ। ਉਸ ਘਟਨਾ ਤੋਂ ਬਾਅਦ ਈਰਾਨ ਵਿਚ ਜ਼ੋਰਦਾਰ ਵਿਰੋਧ ਹੋਇਆ ਸੀ ਅਤੇ ਪ੍ਰਦਰਸ਼ਨਕਾਰੀ ਸਾਊਦੀ ਅਰਬ ਦੇ ਦੂਤਘਰ ’ਚ ਦਾਖ਼ਲ ਹੋ ਗਏ ਸਨ। ਉਸ ਤੋਂ ਬਾਅਦ ਈਰਾਨ ਤੇ ਸਾਊਦੀ ਅਰਬ ਵਿਚਾਲੇ ਵਪਾਰ, ਨਿਵੇਸ਼ ਤੇ ਸੱਭਿਆਚਾਰਕ ਸਬੰਧ ਖ਼ਤਮ ਹੋ ਗਏ ਸਨ। ਫਿਰ ਦੋਵਾਂ ਦੇਸ਼ਾਂ ਨੇ ਇਕ-ਦੂਜੇ ਦੇਸ਼ਾਂ ਵਿਚ ਆਪਣੇ ਦੂਤਘਰਾਂ ਨੂੰ ਬੰਦ ਕਰ ਦਿੱਤਾ। ਸਾਊਦੀ ਅਰਬ ਅਤੇ ਈਰਾਨ, ਦੋਵੇਂ ਹੀ ਪੱਛਮੀ ਏਸ਼ੀਆ ਦੇ ਤਾਕਤਵਰ ਦੇਸ਼ ਹਨ ਅਤੇ ਖਿੱਤੇ ਵਿਚ ਦਬਦਬੇ ਲਈ ਸਾਲਾਂ ਤੋਂ ਇਕ-ਦੂਜੇ ਵਿਰੁੱਧ ਸਿੱਧੇ ਜਾਂ ਅਸਿੱਧੇ ਤੌਰ ’ਤੇ ਲੜ ਰਹੇ ਹਨ। ਸਾਊਦੀ ਅਰਬ ਖ਼ੁਦ ਨੂੰ ਮੁਸਲਿਮ ਸੰਸਾਰ ਦਾ ਇਕਮਾਤਰ ਨੇਤਾ ਮੰਨਦਾ ਰਿਹਾ ਹੈ ਪਰ ਸੰਨ 1979 ਵਿਚ ਈਰਾਨ ’ਚ ਹੋਈ ਇਸਲਾਮਿਕ ਕ੍ਰਾਂਤੀ ਨੇ ਉਸ ਦੀ ਅਜਾਰੇਦਾਰੀ ਨੂੰ ਚੁਣੌਤੀ ਦਿੱਤੀ। ਸਾਊਦੀ ਅਰਬ ਅਤੇ ਈਰਾਨ ਇਸਲਾਮ ਦੇ ਵੱਖ-ਵੱਖ ਪੰਥ ਮੰਨਦੇ ਹਨ। ਈਰਾਨ ’ਚ ਜ਼ਿਆਦਾਤਰ ਸ਼ਿਆ ਮੁਸਲਮਾਨ ਹਨ। ਸਾਊਦੀ ਅਰਬ ਸੁੰਨੀ ਬਹੁਤਾਤ ਵਸੋਂ ਵਾਲਾ ਦੇਸ਼ ਹੈ। ਇਹ ਧਾਰਮਿਕ ਪਾਟੋਧਾੜ ਦੂਜੇ ਪੱਛਮੀ ਏਸ਼ਿਆਈ ਦੇਸ਼ਾਂ ’ਚ ਵੀ ਦਿਸਦੀ ਹੈ ਜਿੱਥੇ ਸੁੰਨੀ ਤੇ ਸ਼ਿਆ ਮੁਸਲਮਾਨਾਂ ਦੇ ਵੱਖ-ਵੱਖ ਸਮੂਹ ਹਨ। ਧਾਰਮਿਕ ਸਮੂਹਾਂ ’ਚ ਵੰਡੇ ਪੱਛਮੀ ਏਸ਼ੀਆ ਦੇ ਕੁਝ ਦੇਸ਼ ਸਮਰਥਨ ਲਈ ਈਰਾਨ ਵੱਲ ਦੇਖਦੇ ਹਨ ਅਤੇ ਕੁਝ ਸਾਊਦੀ ਅਰਬ ਵੱਲ। ਜ਼ਾਹਿਰ ਹੈ ਕਿ ਸਾਊਦੀ ਅਰਬ-ਈਰਾਨ ਦੇ ਇਸ ਸੰਘਰਸ਼ ਨੂੰ ਪੱਛਮੀ ਏਸ਼ੀਆ ਦੀ ਸਥਿਰਤਾ ਲਈ ਸਮਾਪਤ ਕਰਨ ਦੀ ਜ਼ਰੂਰਤ ਸੀ ਕਿਉਂਕਿ ਇਹ ਨਾ ਸਿਰਫ਼ ਦੋਵਾਂ ਦੇਸ਼ਾਂ ਲਈ ਬਲਕਿ ਇਲਾਕਾਈ ਅਮਨ-ਚੈਨ ਲਈ ਵੀ ਨੁਕਸਾਨਦੇਹ ਸਾਬਿਤ ਹੋ ਰਿਹਾ ਸੀ। ਪੱਛਮੀ ਏਸ਼ਿਆਈ ਖੇਤਰ ਵਿਚ ਚੀਨ ਦੀ ਦਿਲਚਸਪੀ ਰਾਤੋ-ਰਾਤ ਨਹੀਂ ਵਧੀ ਹੈ। ਆਪਣੀ ਆਲਮੀ ਭੂਮਿਕਾ ਵਿਚ ਵਿਸਥਾਰ ਲਈ ਚੀਨ ਕਈ ਕੌਮਾਂਤਰੀ ਯੋਜਨਾਵਾਂ ਚਲਾ ਰਿਹਾ ਹੈ। ‘ਵਨ ਬੈਲਟ, ਵਨ ਰੋਡ’ ਪ੍ਰਾਜੈਕਟ ਜ਼ਰੀਏ ਉਹ ਏਸ਼ਿਆਈ ਤੇ ਅਫ਼ਰੀਕੀ ਦੇਸ਼ਾਂ ’ਚ ਆਪਣੀ ਹੋਂਦ ਦਰਜ ਕਰਨ ਲਈ ਯਤਨਸ਼ੀਲ ਹੈ। ਇਸ ਤਹਿਤ ਪਾਕਿਸਤਾਨ ਦੇ ਗਵਾਦਰ ਬੰਦਰਗਾਹ ਤੋਂ ਈਰਾਨ ਦੇ ਚਾਬਹਾਰ ਬੰਦਰਗਾਹ ਤਕ ਢਾਂਚਾਗਤ ਨਿਰਮਾਣ ਨੂੰ ਹੁਲਾਰਾ ਦੇ ਰਿਹਾ ਹੈ।




ਨਾਲ ਹੀ ਨਵੀਂ ਸਿਲਕ ਰੋਡ ਤਹਿਤ ਚੀਨ-ਪਾਕਿਸਤਾਨ ਇਕਨੋਮਿਕ ਕੋਰੀਡੋਰ ਦੀ ਤਰਜ ’ਤੇ ਤਹਿਰਾਨ ਨੂੰ ਸ਼ਿਨਜਿਆਂਗ ਨਾਲ ਜੋੜਨ ਜਾ ਰਿਹਾ ਹੈ। ਪੱਛਮੀ ਏਸ਼ੀਆ ’ਚ ਚੀਨ ਦੀ ਵਧਦੀ ਭੂਮਿਕਾ ਨੇ ਅਮਰੀਕਾ ਤੇ ਰੂਸ ਲਈ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ।

Are you planning to go to Lahore (Pakistan) by Wagah Border or to Gurdwaras in Pakistan

Good/Reliable Taxi Driver will be available at Wagah Border



Please Call MALIK RAZA

ਕੀ ਤੁਸੀਂ ਵਾਘਾ ਬਾਰਡਰ ਰਾਹੀਂ ਲਾਹੌਰ ਤੇ ਗੁਰਧਾਮਾਂ ਦੀ ਯਾਤਰਾ ਕਰਨ ਜਾ ਰਹੇ ਹੋ

ਵਾਘਾ ਬਾਰਡਰ ਤੇ ਤੁਹਾਡੀ ਉਡੀਕ ’ਚ ਹਮੇਸ਼ਾ ਇਕ ਚੰਗਾ ਤੇ ਹਰ ਇਲਾਕੇ ਤੋਂ ਜਾਣੂ ਡਰਾਈਵਰ ਟੈਕਸੀ ਸਮੇਤ ਤਿਆਰ ਹੈ

ਫੋਨ ਕਰੋ: ਮਲਿਕ ਰਜ਼ਾ (ਵਾਘਾ ਬਾਰਡਰ)
ਕੋਡ 092- 309 8241032

# ਕਹਾਣੀ/ ਸਾਦਗੀ



**ਅਧਿਆਪਕਾ ਪ੍ਰਮਜੀਤ ਕੌਰ**

ਅੱਜ ਦੀਪੀ ਦੀ ਨਣਦ ਕੰਮੋ ਨੂੰ ਦੇਖਣ ਵਾਲਿਆਂ ਨੇ ਆਉਣਾ ਸੀ। ਦੀਪੀ ਸਵੇਰ ਦੀ ਕੰਮਾਂ ਵਿਚ ਰੁਝੀ ਹੋਈ ਸੀ ਜਿਸ ਕਾਰਨ ਉਹ ਬਹੁਤ ਥੱਕ ਚੁੱਕੀ ਸੀ। ਉਸਦੇ ਵਾਲ ਖਿੰਡੇ ਹੋਏ ਅਤੇ ਕੱਪੜੇ ਕਾਫੀ ਮੈਲੇ ਸਨ। ਦੀਪੀ ਦਾ ਘਰ ਵਾਲਾ ਤੇ ਕੰਮੋ ਦਾ ਸਰਾਬੀ ਭਰਾ ਬੀਰਾ ਰਾਤ ਭਰ ਘਰੋਂ ਬਾਹਰ ਰਿਹਾ ਤੇ ਸਵੇਰੇ ਹੀ ਸਹਾਬ ਨਾਲ ਡੱਕਿਆ ਹੋਇਆ ਘਰ ਆਇਆ ਸੀ। ਉਸਦੀ ਇਹ ਹਾਲਤ ਦੇਖ ਕੇ ਉਸਦੀ ਮਾਂ ਡਰ ਗਈ ਸੀ ਕਿ ਕਿਤੇ ਮੁੰਡੇ ਵਾਲੇ ਉਨ੍ਹਾਂ ਨਾਲ ਰਿਸਤਾ ਜੋੜਨ ਤੋਂ ਮਨ੍ਹਾ ਹੀ ਨਾ ਕਰ ਦੇਣ। ਬੀਰੇ ਨੂੰ ਉਸਦੇ ਨਾਲ ਦੇ ਹੀ ਦੋ ਸਰਾਬੀ ਦੋਸਤ ਘਰ ਛੱਡਣ ਆਏ ਸਨ। ਬੀਰੇ ਦੀ ਮਾਂ ਨੇ ਬੀਰੇ ਨੂੰ ਬੋਤਲ ਜੋਗੇ ਪੈਸੇ ਦੇ ਕੇ ਉਸਦੇ ਸਰਾਬੀ ਦੋਸਤਾਂ ਨਾਲ ਫਿਰ ਤੋਂ ਬਾਹਰ ਭੇਜ ਦਿਤਾ ਤਾਂ ਕਿ ਉਹ ਬਾਹਰ ਬੈਠ ਕੇ ਪੀਂਦਾ ਰਹੇ ਤੇ ਘਰ ਨਾ ਆਵੇ।

ਅਸਲ ਵਿਚ ਦੀਪੀ ਦੇ ਸਹੁਰੇ ਦੇ ਦੋ ਵਿਆਹ ਹੋਏ ਸਨ। ਦੀਪੀ ਦੀ ਅਸਲੀ ਸੱਸ ਉਸਦੇ ਪਤੀ ਬੀਰੇ ਨੂੰ ਜਨਮ ਦੇਣ ਸਾਰ ਮਰ ਗਈ ਸੀ। ਉਸਦੇ ਸਹੁਰੇ ਨੇ ਬੀਰੇ ਦੇ ਪਾਲਣ-ਪੋਸਣ ਲਈ ਦੂਜਾ ਵਿਆਹ ਕਰਵਾ ਲਿਆ ਸੀ। ਬੀਰੇ ਦੀ ਮਤੇਰ ਮਾਂ ਦੇ ਵਿਆਹ ਤੋਂ ਪਿਛੋਂ ਇੱਕ ਕੁੜੀ ਹੋਈ ਸੀ, ਕੰਮੋ। ਵਿਆਹ ਤੋਂ ਕੁਝ ਦੇਰ ਬਾਅਦ ਹੀ ਬੀਰੇ ਦੇ ਪਿਉ ਦੀ ਮੌਤ ਹੋ ਗਈ ਸੀ। ਹੁਣ ਪਤੀ ਦੀ ਮੌਤ ਤੋਂ ਬਾਅਦ ਸਾਰੇ ਘਰ ਦੀ ਮਾਲਕਣ ਉਹ ਖੁਦ ਸੀ। ਸਾਰੀ ਕਬੀਲਦਾਰੀ ਉਹ ਖੁਦ ਹੀ ਸਾਂਭਦੀ ਸੀ ਕਿਉਂ ਕਿ ਬੀਰਾ ਤਾਂ ਭਰ ਜਵਾਨੀ ਵਿੱਚ ਨਸਿਆਂ ਦੇ ਹੜ ਵਿੱਚ ਰੁੜ ਗਿਆ ਸੀ। ਉਸਨੂੰ ਆਪਣੀ ਪਤਨੀ ਅਤੇ 9 ਮਹੀਨਿਆ ਦੀ ਕੁੜੀ ਦੀ ਕੋਈ ਫਿਕਰ ਨਹੀਂ ਸੀ। ਉਸਦੀ ਪਤਨੀ, ਦੀਪੀ ਸਾਰਾ ਘਰ ਦਾ ਕੰਮ ਸਾਂਭਦੀ ਅਤੇ ਆਪਣੀ ਕੁੜੀ ਨੂੰ ਸਾਂਭਦੀ ਫਿਰ ਆਥਣ ਨੂੰ ਪਤੀ ਤੋਂ ਕੁੱਟ ਖਾਂਦੀ। ਉਸਦੀ ਮਤੇਰ ਸੱਸ ਤੇ ਨਣਦ ਉਸਦਾ ਸਾਥ ਦੇਣ ਦੀ ਬਜਾਏ ਉਸ ਵਿਚ ਹੀ ਨੁਕਸ ਕੱਢਦੀਆਂ।

ਅੱਜ ਰਸੋਈ ਦਾ ਕੰਮ ਸਾਂਭਣ ਤੋਂ ਬਾਅਦ ਦੀਪੀ ਜਦੋਂ ਆਪਣੇ ਕਮਰੇ ਵਿਚ ਆਈ ਤਾਂ ਪਹਿਲਾਂ ਤਾਂ ਰੋਂਦੀ ਹੋਈ ਬਚੀ ਨੂੰ ਚੁੱਪ ਕਰਵਾ ਤੇ ਸੁਲਾਇਆ ਫਿਰ ਜਦੋਂ ਉਸਨੇ ਆਪਣੇ ਵਾਲ ਸੰਵਾਰਨ ਲਈ ਜੂੜਾ ਖੋਲ੍ਹਿਆ ਤਾਂ ਉੱਪਰੋਂ ਉਸਦੀ ਸੱਸ ਆ ਕੇ ਬੋਲਣ ਲੱਗੀ, '''ਤੈਨੂੰ ਕੀ ਹੋਇਐ! ਆਪਣਾ ਝਾਟਾ ਸੰਵਾਰਨ ਨੂੰ ਦੇਖਣ ਤਾਂ ਮੇਰੀ ਧੀ ਨੂੰ ਆਉਣਾ ਹੈ। ਤੈਨੂੰ ਆਪ ਨੂੰ ਕੀ ਪਤਾ ਕਿ ਉਸਨੂੰ ਵੀ ਤਿਆਰ ਕਰਨਾ ਹੈ। ਜਾਹ ਪਹਿਲਾਂ ਉਸਨੂੰ ਤਿਆਰ ਕਰ ਤੇ ਫੇਰ ਵਾਹ ਲਈ ਆਪਣਾ ਝਾਟਾ। ਐਨਾ ਸੁਣ ਕੇ ਆਪਣੇ ਵਾਲ ਇੰਝ ਹੀ ਲਪੇਟ ਲਏ ਅਤੇ ਕੰਮੋ ਨੂੰ ਤਿਆਰ ਕਰਨ ਚਲੀ ਗਈ।

ਥੋੜੀ ਦੇਰ ਬਾਅਦ ਮੁੰਡੇ ਵਾਲਿਆਂ ਦੀ ਗੱਡੀ ਗੇਟ ਦੇ ਬਾਹਰ ਆ ਗਈ। ਦੀਪੀ ਦੀ ਸੱਸ ਉਨ੍ਹਾਂ ਦਾ ਸਵਾਗਤ ਕਰਨ ਲਈ ਗੇਟ 'ਤੇ ਖੜ੍ਹੀ ਸੀ। ਉਹਨਾਂ ਦੇ ਘਰ ਅੰਦਰ ਆਉਣ ਸਾਰ ਦੀਪੀ ਨੇ ਪਹਿਲਾਂ ਤਾਂ ਉਨ੍ਹਾਂ ਨੂੰ ਪਾਣੀ ਦਿੱਤਾ ਤੇ ਫਿਰ ਕੰਮੋ ਨੂੰ ਉਨ੍ਹਾਂ ਸਾਹਮਣੇ ਲੈ ਕੇ ਆਈ। ਕੰਮੋ ਨੂੰ ਉਨ੍ਹਾਂ ਕੋਲ ਬਿਠਾ ਕੇ ਦੀਪੀ ਰਸੋਈ ਵਿਚ ਗਈ ਤੇ ਮੁੰਡੇ ਵਾਲਿਆਂ ਨੂੰ ਸਾਰਾ ਖਾਣ-ਪੀਣ ਦਾ ਸਾਮਾਨ ਲਿਆ ਕੇ ਪਰੋਸਿਆ। ਇਸ ਤੋਂ ਬਾਅਦ ਸਾਰੇ ਜਣੇ ਚੁੱਪ ਕਰਕੇ ਬੈਠੇ ਹੋਏ ਸਨ ਤਾਂ ਮੁੰਡੇ ਦੀ ਮਾਂ ਨੇ ਕੰਮੋ ਦੀ ਮਾਂ ਨੂੰ ਇਸ ਨਾਲ ਇਕਲਿਆਂ ਗੱਲ ਕਰਨ ਲਈ ਇਕ ਪਾਸੇ ਬੁਲਾਇਆ। ਕੰਮੋ ਦੀ ਮਾਂ, ਮੁੰਡੇ ਦੀ ਮਾਂ ਨਾਲ ਉੱਥੋਂ ਉੱਠ ਕੇ ਦੂਜੇ ਕਮਰੇ ਵਿੱਚ ਚਲੀ ਗਈ। ਕੰਮੋ ਦੀ ਮਾਂ ਉਸਦਾ ਫੈਸਲਾ ਸੁਣਨ ਲਈ ਬਹੁਤ ਉਤਸੁਕ ਸੀ। ਮੁੰਡੇ ਦੀ ਮਾਂ ਨੇ ਕਿਹਾ ਭੈਣ ਜੀ, ਸਾਨੂੰ ਤੁਹਾਡੀ ਕੁੜੀ ਬਹੁਤ ਚੰਗੀ ਲੱਗੀ। ਪਰ ਸਾਨੂੰ ਤੁਹਾਡੀ ਛੋਟੀ ਕੁੜੀ ਜਿਆਦਾ ਪਸੰਦ ਆਈ ਹੈ। ਕੀ ਤੁਸੀਂ ਆਪਣੀ ਛੋਟੀ ਕੁੜੀ ਦਾ ਰਿਸਤਾ ਸਾਡੇ ਮੁੰਡੇ ਨਾਲ ਕਰ ਸਕਦੇ ਹੋ? ਇਹ ਸੁਣ ਕੇ ਕੰਮੋ ਦੀ ਮਾਂ ਦੇ ਪੈਰਾਂ ਥੱਲਿਓਂ ਜਮੀਨ ਖਿਸਕ ਗਈ ਤੇ ਉਹ ਉੱਥੇ ਖੜੀ-ਖੜੀ ਸੁੰਨ ਹੋ ਗਈ। ਦਰ ਅਸਲ ਮੁੰਡੇ ਦੀ ਮਾਂ, ਕੰਮੋ ਨੂੰ ਦੀਪੀ ਦੀ ਭਰਜਾਈ ਦੀ ਥਾਂ ਤੇ ਭੈਣ ਸਮਝ ਗਈ ।

**ਰਾਹੀ : ਸੰਜੀਵ ਗਰਗ ਕਾਲੀ ਪੱਤਰਕਾਰ ਧਨੌਲਾ**

# ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਖਿਲਾਫ ਸਟੌਰਮੀ ਡੈਨੀਅਲਸ ਨਾਲ ਜੁੜੇ ਕੀ ਨੇ ਇਲਜ਼ਾਮ?

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਨੇ ਖ਼ਦਸ਼ਾ ਜਤਾਇਆ ਸੀ ਕਿ ਉਨ੍ਹਾਂ ਨੂੰ 2016 ਵਿੱਚ ਪੋਰਨ ਸਟਾਰ ਸਟੌਰਮੀ ਡੈਨੀਅਲਸ ਨੂੰ 130,000 ਡਾਲਰ ਦੇ ਭੁਗਤਾਨ ਕਰਨ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਇਸ ਕੇਸ ਨੂੰ ਕਿਵੇਂ ਅੱਗੇ ਵਧਾਇਆ ਜਾਵੇ, ਇਸ 'ਤੇ ਫੈਸਲਾ ਨਿਊਯਾਰਕ ਸ਼ਹਿਰ ਦੇ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰਾਗ 'ਤੇ ਨਿਰਭਰ ਕਰਦਾ ਹੈ। ਪਰ ਜੇ ਟਰੰਪ ਉੱਤੇ ਅਪਰਾਧਿਕ ਮਾਮਲਾ ਦਰਜ ਹੁੰਦਾ ਹੈ ਤਾਂ ਉਹ ਗ੍ਰਿਫ਼ਤਾਰ ਹੋਣ ਵਾਲੇ ਪਹਿਲੇ ਸਾਬਕਾ ਰਾਸ਼ਟਰਪਤੀ ਹੋਣਗੇ। ਦੂਜੇ ਪਾਸੇ ਉਹ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦੇ ਹਨ। ਹੁਣ ਤੱਕ ਇਸ ਮਾਮਲੇ ਬਾਰੇ ਜੋ ਕੁਝ ਪਤਾ ਹੈ, ਆਓ ਜਾਣਦੇ ਹਾਂ।

**ਸਟੌਰਮੀ ਡੈਨੀਅਲਸ ਕੌਣ ਹਨ?**

ਸਟੌਰਮੀ ਡੈਨੀਅਲਸ ਦਾ ਅਸਲੀ ਨਾਮ ਸਟੈਫਨੀ ਕਲਿਫੋਰਡ ਹੈ ਤੇ ਉਨ੍ਹਾਂ ਦਾ ਜਨਮ ਲੁਈਸਿਆਨਾ ਵਿੱਚ 1979 ਵਿੱਚ ਹੋਇਆ ਸੀ। 2004 ਵਿੱਚ ਨਿਰਦੇਸ਼ਨ ਅਤੇ ਲੇਖਣੀ ਵਿੱਚ ਆਉਣ ਤੋਂ ਪਹਿਲਾਂ ਉਹ ਪਹਿਲੀ ਵਾਰ ਪੋਰਨ ਫਿਲਮ ਇੰਡਸਟਰੀ ਵਿੱਚ ਇੱਕ ਕਲਾਕਾਰ ਦੇ ਰੂਪ ਵਿੱਚ ਸ਼ਾਮਲ ਹੋਏ ਸਨ। ਬਤੌਰ ਸਟੇਜ ਪਰਫਾਰਮਰ ਉਨ੍ਹਾਂ ਦੇ ਨਵੇਂ ਨਾਮ ਪਿੱਛੇ ਇੱਕ ਦਿਲਚਸਪ ਕਹਾਣੀ ਹੈ। ਉਨ੍ਹਾਂ ਦੇ ਨਾਮ ਵਿੱਚ ਸਟੌਰਮੀ ਸ਼ਬਦ ਮਸ਼ਹੂਰ ਅਮਰੀਕੀ ਬੈਂਡ ਮੋਤਲੇ ਕ੍ਰਿਊ ਦੇ ਬੇਸ ਗਿਟਾਰਿਸਟ ਨਿੱਕੀ ਸਿਕਸ ਦੀ ਧੀ ਸਟੋਰਮ ਤੋਂ ਲਿਆ ਗਿਆ ਹੈ। ਜਦਕਿ ਡੈਨੀਅਲਸ, ਅਮਰੀਕੀ ਵ੍ਹਿਸਕੀ ਬ੍ਰਾਂਡ ਜੈਕ ਡੈਨੀਅਲਸ ਤੋਂ ਲਿਆ ਗਿਆ ਹੈ। ਅਮਰੀਕਾ ਦੇ ਦੱਖਣੀ ਹਿੱਸੇ ਤੋਂ ਆਉਣ ਵਾਲੀ ਕਲਿਫੋਰ ਨੇ ਇਸ ਵ੍ਹਿਸਕੀ ਦਾ ਇਸ਼ਤਿਹਾਰ ਦੇਖਿਆ ਸੀ ਜਿਸ ਵਿੱਚ ਦਾਅਵਾ ਕੀਤਾ ਸੀ ਕਿ 'ਇਹ ਦੱਖਣੀ ਅਮਰੀਕਾ ਵਿੱਚ ਰਹਿਣ ਵਾਲੇ ਲੋਕਾਂ ਦਾ ਪਸੰਦੀਦਾ ਡਰਿੰਕ ਹੈ।' ਹਾਲਾਂਕਿ, 'ਦਿ 40-ਯੀਅਰ-ਓਲਡ ਵਰਜਿਨ' ਅਤੇ 'ਨੌਕਡ ਅੱਪ' ਫ਼ਿਲਮਾਂ ਵਿੱਚ ਕੈਮਿਓ ਰੋਲ ਅਤੇ ਪੌਪ ਬੈਂਡ 'ਮਾਰੂਨ ਫਾਈਵ' ਦੇ ਗੀਤ 'ਵੇਕ ਅੱਪ ਕਾਲ' ਦੀ ਵੀਡੀਓ ਵਿੱਚ ਆਉਣ ਨਾਲ ਉਹ ਹੋਰ ਮਸ਼ਹੂਰ ਹੋਏ। ਉਨ੍ਹਾਂ 2010 ਵਿੱਚ ਲੁਈਸਿਆਨਾ ਵਿੱਚ ਅਮਰੀਕੀ ਸੈਨੇਟ ਦੀ ਸੀਟ ਲਈ ਚੋਣ ਲੜਨ ਬਾਰੇ ਵੀ ਸੋਚਿਆ ਸੀ। ਪਰ ਬਾਅਦ ਵਿੱਚ ਉਹ ਇਸ ਦੌੜ ਤੋਂ ਇਹ ਕਹਿੰਦੇ ਵੱਖਰੇ ਹੋ ਗਏ ਕਿ ਉਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ।



**ਟਰੰਪ ਖ਼ਿਲਾਫ਼ ਕੀ ਇਲਜ਼ਾਮ ਲਗਾਉਂਦੇ ਹਨ?**

ਇਸ ਮਾਮਲੇ ਦੀ ਸ਼ੁਰੂਆਤ ਜੁਲਾਈ, 2006 ਵਿੱਚ ਹੁੰਦੀ ਹੈ, ਉਦੋਂ ਤੱਕ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਬਣਨ ਦੀ ਦਿਸ਼ਾ ਵੱਲ ਗੰਭੀਰ ਕੋਸ਼ਿਸ਼ਾਂ ਸ਼ੁਰੂ ਨਹੀਂ ਕੀਤੀਆਂ ਸੀ। ਡੈਨੀਅਲਸ ਦਾ ਦਾਅਵਾ ਹੈ ਕਿ ਟਰੰਪ ਨਾਲ ਉਨ੍ਹਾਂ ਦੀ ਮੁਲਾਕਾਤ ਕੈਲੀਫੋਰਨੀਆ ਅਤੇ ਨੇਵਾਦਾ ਵਿਚਾਲੇ ਤਾਹੋ ਝੀਲ ਵਿੱਚ ਹੋਣ ਵਾਲੇ ਚੈਰਿਟੀ ਹੋਲਫ਼ ਟੂਰਨਾਮੈਂਟ ਦੌਰਾਨ ਹੋਈ ਸੀ। ਸਾਲ 2011 ਵਿੱਚ 'ਇਨ ਟਚ ਵੀਕਲੀ' ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਟਰੰਪ ਨੇ ਉਨ੍ਹਾਂ ਨੂੰ ਡਿਨਰ ਲਈ ਬੁਲਾਇਆ ਅਤੇ ਉਹ ਟਰੰਪ ਨੂੰ ਉਨ੍ਹਾਂ ਦੇ ਹੋਟਲ ਦੇ ਕਮਰੇ ਵਿੱਚ ਮਿਲਣ ਗਏ।

ਇਹ ਇੰਟਰਵਿਊ 2011 ਵਿੱਚ ਦਿੱਤਾ ਗਿਆ ਸੀ ਪਰ ਇਸ ਨੂੰ 2018 ਵਿੱਚ ਛਾਪਿਆ ਗਿਆ ਸੀ। ਇੰਟਰਵਿਊ ਵਿੱਚ ਡੈਨੀਅਲਸ ਨੇ ਕਿਹਾ ਸੀ, "ਉਹ ਸੋਫੇ 'ਤੇ ਪਏ ਹੋਏ ਸਨ, ਟੈਲੀਵਿਜ਼ਨ ਜਾਂ ਕੁਝ ਹੋਰ ਦੇਖ ਰਹੇ ਸਨ। ਉਨ੍ਹਾਂ ਨੇ ਪਜਾਮਾ ਪਹਿਨਿਆ ਹੋਇਆ ਸੀ।'' ਡੈਨੀਅਲਸ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਦੋਵਾਂ ਨੇ ਹੋਟਲ ਦੇ ਕਮਰੇ ਵਿੱਚ ਸਰੀਰਕ ਸਬੰਧ ਬਣਾਏ ਸੀ।

ਹਾਲਾਂਕਿ ਇਸ ਬਾਰੇ ਟਰੰਪ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਇਸ ਤੋਂ 'ਸਖ਼ਤ ਇਨਕਾਰ' ਕਰਦੇ ਹਨ। ਜੇ ਡੈਨੀਅਲਸ ਦੀ ਗੱਲ ਸੱਚੀ ਹੈ ਤਾਂ ਇਹ ਸਭ ਕੁਝ ਟਰੰਪ ਦੇ ਸਭ ਤੋਂ ਛੋਟੇ ਬੱਚੇ ਬੈਰੋਨ ਦੇ ਜਨਮ ਤੋਂ ਸਿਰਫ਼ ਚਾਰ ਮਹੀਨੇ ਬਾਅਦ ਹੀ ਹੋਇਆ ਹੋਵੇਗਾ। ਮਾਰਚ 2018 ਵਿੱਚ ਪ੍ਰਸਾਰਿਤ ਇੱਕ ਟੀਵੀ ਇੰਟਰਵਿਊ ਵਿੱਚ ਡੈਨੀਅਲਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਚੁੱਪ ਰਹਿਣ ਦੀ ਧਮਕੀ ਦਿੱਤੀ ਗਈ ਸੀ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਜਦੋਂ '2011 ਵਿੱਚ 'ਇਨ ਟਚ ਵੀਕਲੀ' ਨੂੰ ਇੰਟਰਵਿਊ ਦੇਣ ਲਈ ਮੈਂ ਹਾਂ ਕਹਿ ਦਿੱਤੀ ਤਾਂ ਉਸ ਦੇ ਕੁਝ ਦਿਨਾਂ ਬਾਅਦ ਲਾਸ ਵੇਗਾਸ ਦੀ ਇੱਕ ਕਾਰ ਪਾਰਕਿੰਗ ਵਿੱਚ ਮੇਰੇ ਕੋਲ ਇੱਕ ਸ਼ਖ਼ਸ ਆਇਆ ਤੇ ਕਹਿੰਦਾ 'ਟਰੰਪ ਨੂੰ ਇਕੱਲੇ ਛੱਡ ਦਿਓ।'

**ਇਹ ਮਾਮਲਾ ਹੁਣ ਕਿਉਂ ਸਾਹਮਣੇ ਆਇਆ ਹੈ?**

ਜਨਵਰੀ 2018 ਵਿੱਚ ਅਮਰੀਕੀ ਅਖ਼ਬਾਰ 'ਵਾਲ ਸਟਰੀਟ ਜਰਨਲ' ਨੇ ਇੱਕ ਲੇਖ ਪ੍ਰਕਾਸ਼ਿਤ ਕੀਤਾ ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਰਾਸ਼ਟਰਪਤੀ ਟਰੰਪ ਦੇ ਤਤਕਾਲੀ ਵਕੀਲ ਮਾਈਕਲ ਕੋਹੇਨ ਨੇ ਅਮਰੀਕੀ ਰਾਸ਼ਟਰਪਤੀ ਚੋਣ ਤੋਂ ਇੱਕ ਮਹੀਨਾ ਪਹਿਲਾਂ ਅਕਤੂਬਰ 2016 ਵਿੱਚ ਡੈਨੀਅਲਸ ਨੂੰ 130,000 ਡਾਲਰ ਦਾ




ਭੁਗਤਾਨ ਕੀਤਾ ਸੀ। ਇਨ੍ਹਾਂ ਚੋਣਾਂ ਵਿੱਚ ਟਰੰਪ ਨੇ ਜਿੱਤ ਹਾਸਲ ਹੋਈ ਸੀ। ਡੈਨੀਅਲਸ ਨੇ ਕਥਿਤ ਤੌਰ 'ਤੇ ਆਪਣੇ ਅਫੇਅਰ ਦੀ ਕਹਾਣੀ ਨੂੰ ਵੇਚਣ ਲਈ ਅਮਰੀਕੀ ਅਖ਼ਬਾਰ 'ਨੈਸ਼ਨਲ ਇਨਕੁਆਇਰਰ' ਨਾਲ ਸੰਪਰਕ ਕੀਤਾ ਸੀ। ਜਰਨਲ ਨੇ ਕਿਹਾ ਕਿ ਕਲਿਫੋਰਡ ਨੂੰ ਦਿੱਤਾ ਗਿਆ ਇਹ ਪੈਸਾ ਇੱਕ ਗੈਰ-ਖੁਲਾਸਾ ਸਮਝੌਤੇ (ਨੌਨ ਡਿਸਕਲੋਜ਼ਰ ਐਗਰੀਮੈਂਟ) ਦਾ ਹਿੱਸਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਉਹ ਇਸ ਮਾਮਲੇ ਬਾਰੇ ਜਨਤਕ ਤੌਰ 'ਤੇ ਚਰਚਾ ਨਹੀਂ ਕਰ ਸਕਦੇ ਸੀ।

**ਕੀ ਇਹ ਗੈਰ-ਕਾਨੂੰਨੀ ਸੀ?**

ਇਹ ਅਦਾਇਗੀ ਗੈਰ-ਕਾਨੂੰਨੀ ਨਹੀਂ ਹੈ। ਹਾਲਾਂਕਿ, ਜਦੋਂ ਟਰੰਪ ਨੇ ਕੋਹੇਨ ਨੂੰ ਅਦਾਇਗੀ ਕੀਤੀ ਤਾਂ ਭੁਗਤਾਨ ਦੇ ਰਿਕਾਰਡ ਮੁਤਾਬਕ ਇਹ ਕਾਨੂੰਨੀ ਫੀਸ ਸੀ। ਨਿਊਯਾਰਕ ਵਿੱਚ ਸਰਕਾਰੀ ਵਕੀਲਾਂ ਦਾ ਕਹਿਣਾ ਹੈ ਕਿ ਇਹ ਟਰੰਪ ਦੇ ਵਪਾਰਕ ਰਿਕਾਰਡਾਂ ਨੂੰ ਗਲਤ ਸਾਬਤ ਕਰਨ ਦੇ ਬਰਾਬਰ ਹੈ, ਜੋ ਨਿਊਯਾਰਕ ਵਿੱਚ ਇੱਕ ਸਜ਼ਾਯੋਗ ਅਪਰਾਧ ਹੈ। ਸਰਕਾਰੀ ਵਕੀਲ ਸੰਭਾਵੀ ਤੌਰ 'ਤੇ ਇਹ ਦੋਸ਼ ਵੀ ਲਗਾ ਸਕਦੇ ਹਨ ਕਿ ਇਹ ਚੋਣ ਕਾਨੂੰਨ ਨੂੰ ਤੋੜਦਾ ਹੈ, ਕਿਉਂਕਿ ਡੈਨੀਅਲਸ ਨੂੰ ਕੀਤੇ ਭੁਗਤਾਨ ਨੂੰ ਛੁਪਾਉਣ ਦੀ ਉਨ੍ਹਾਂ ਦੀ ਕੋਸ਼ਿਸ਼ ਵੋਟਰਾਂ ਨੂੰ ਇਹ ਜਾਣਨ ਲਈ ਪ੍ਰੇਰਿਤ ਨਹੀਂ ਕਰਦੀ ਸੀ ਕਿ ਉਨ੍ਹਾਂ ਦਾ ਉਸ ਨਾਲ ਸਬੰਧ ਸੀ।ਰਿਕਾਰਡਾਂ ਵਿੱਚ ਹੇਰਾਫੇਰੀ ਕਰਕੇ ਕਿਸੇ ਅਪਰਾਧ ਨੂੰ ਛੁਪਾਉਣਾ ਇੱਕ ਘੋਰ ਅਪਰਾਧ ਹੋਵੇਗਾ, ਜੋ ਹੋਰ ਵੀ ਜ਼ਿਆਦਾ ਗੰਭੀਰ ਦੋਸ਼ ਹੈ।

**ਕੀ ਟਰੰਪ 'ਤੇ ਅਸਲ ਵਿੱਚ ਦੋਸ਼ ਲਗਾਏ ਜਾਣਗੇ?**

ਦੋਸ਼ ਦਾਇਰ ਕਰਨ ਜਾਂ ਨਾ ਕਰਨ ਦਾ ਫੈਸਲਾ ਨਿਊਯਾਰਕ ਸ਼ਹਿਰ ਦੇ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰੈਗ ਕੋਲ ਹੈ। ਉਨ੍ਹਾਂ ਨੇ ਜਾਂਚ ਕਰਨ ਲਈ ਇੱਕ ਗ੍ਰੈਂਡ ਜਿਊਰੀ ਦੀ ਸਥਾਪਨਾ ਕੀਤੀ ਕਿ ਕੀ ਮੁਕੱਦਮੇ ਨੂੰ ਅੱਗੇ ਵਧਾਉਣ ਲਈ ਕਾਫ਼ੀ ਸਬੂਤ ਸਨ ਜਾਂ ਨਹੀਂ। ਇਹ ਉਹੀ ਹਨ ਜੋ ਜਾਣਦੇ ਹਨ ਕਿ ਕਦੋਂ ਦੋਸ਼ ਦਾ ਐਲਾਨ ਕੀਤਾ ਜਾਵੇਗਾ। ਟਰੰਪ ਦੇ ਵਕੀਲਾਂ ਨੇ 13 ਮਾਰਚ ਤੋਂ ਸ਼ੁਰੂ ਹੋਏ ਹਫ਼ਤੇ ਵਿੱਚ ਕਿਹਾ ਸੀ ਕਿ ਸਾਬਕਾ ਰਾਸ਼ਟਰਪਤੀ ਨੂੰ ਗ੍ਰੈਂਡ ਜਿਊਰੀ ਦੇ ਸਾਹਮਣੇ ਪੇਸ਼ ਹੋਣ ਦਾ ਮੌਕਾ ਦਿੱਤਾ ਗਿਆ ਸੀ, ਜੋ ਇਸ ਗੱਲ ਦਾ ਸੰਕੇਤ ਮੰਨਿਆ ਜਾਂਦਾ ਹੈ ਕਿ ਜਾਂਚ ਖ਼ਤਮ ਹੋਣ ਦੇ ਕਰੀਬ ਹੈ। ਉਨ੍ਹਾਂ ਨੇ ਇਹ ਕਹਿੰਦੇ ਹੋਏ ਸੁਝਾਵਾਂ ਨੂੰ ਖਾਰਜ ਕਰ ਦਿੱਤਾ ਕਿ ਉਨ੍ਹਾਂ ਜਾਂ ਟਰੰਪ ਕੋਲ ਆਗਾਮੀ ਦੋਸ਼ ਦੀ ਕੋਈ ਅਗਾਊਂ ਸੂਚਨਾ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਟਰੰਪ ਦੀ ਟਿੱਪਣੀ ਮੀਡੀਆ ਰਿਪੋਰਟਾਂ 'ਤੇ ਆਧਾਰਿਤ ਸੀ। ਮਾਈਕਲ ਕੋਹੇਨ ਨੂੰ 2018 ਵਿੱਚ ਸੰਘੀ ਅਦਾਲਤ ਵਿੱਚ ਟਰੰਪ ਦੀ 2016 ਦੀ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਹੋਰ ਅਪਰਾਧਾਂ ਦੇ ਨਾਲ ਹੀ ਡੈਨੀਅਲਸ ਅਤੇ ਇੱਕ ਹੋਰ ਔਰਤ ਨੂੰ ਪੈਸੇ ਦੀ ਅਦਾਇਗੀ ਵਿੱਚ ਦੋਸ਼ੀ ਮੰਨਣ ਤੋਂ ਬਾਅਦ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ। 20 ਮਾਰਚ ਨੂੰ ਟਰੰਪ ਦੇ ਸਾਬਕਾ ਕਾਨੂੰਨੀ ਸਲਾਹਕਾਰ ਰੌਬਰਟ ਕੌਸਟੇਲੋ ਦੇ ਨਾਲ ਮਾਈਕਲ ਕੋਹੇਨ ਦੀ ਗਵਾਹੀ ਦਰਜ ਹੋਣ ਦੀ ਉਮੀਦ ਸੀ। ਸਟੌਰਮੀ ਡੈਨੀਅਲਸ ਨੇ ਜਾਂਚ ਵਿੱਚ ਸ਼ਾਮਲ ਸਰਕਾਰੀ ਵਕੀਲਾਂ ਨਾਲ ਵੀ ਮੁਲਾਕਾਤ ਕੀਤੀ ਹੈ।

**ਇਹ ਮਾਮਲਾ ਅਹਿਮ ਕਿਉਂ ਹੈ?**

ਸਾਬਕਾ ਰਾਸ਼ਟਰਪਤੀ ਟਰੰਪ ਦੇ ਸਮਰਥਕਾਂ, ਇੱਥੋਂ ਤੱਕ ਕਿ ਧਾਰਮਿਕ ਖਿਆਲਾਂ ਵਾਲੇ ਲੋਕਾਂ ਨੇ ਵੀ ਉਨ੍ਹਾਂ ਦੇ ਪਿਛਲੇ ਵਿਵਹਾਰ ਅਤੇ ਉਨ੍ਹਾਂ ਦੇ ਖ਼ਿਲਾਫ਼ ਔਰਤਾਂ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ। ਪਰ ਸਟੌਰਮੀ ਡੈਨੀਅਲਸ ਕਾਂਡ ਵਿੱਚ ਟਰੰਪ ਨੂੰ ਅਦਾਲਤ ਵਿੱਚ ਗਵਾਹੀ ਦੇਣ ਲਈ ਬੁਲਾਇਆ ਜਾ ਸਕਦਾ ਹੈ। ਟਰੰਪ ਨੇ 2024 ਵਿੱਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਫਿਰ ਤੋਂ ਮੈਦਾਨ ਵਿੱਚ ਆਉਣ ਦੀ ਇੱਛਾ ਜ਼ਾਹਿਰ ਕੀਤੀ ਹੈ, ਇਸ ਨੂੰ ਦੇਖਦਿਆਂ ਇਸ ਮਾਮਲੇ ਦਾ ਫ਼ੈਸਲਾ ਹੁਣ ਬੇਹੱਦ ਅਹਿਮ ਹੋ ਗਿਆ ਹੈ। ਅਸਲ ਵਿੱਚ ਅਮਰੀਕੀ ਕਾਨੂੰਨ ਵਿੱਚ ਅਜਿਹੀ ਕੋਈ ਤਜਵੀਜ਼ ਨਹੀਂ ਹੈ ਜੋ ਕਿਸੇ ਅਜਿਹੇ ਉਮੀਦਵਾਰ ਨੂੰ ਚੋਣ ਪ੍ਰਚਾਰ ਕਰਨ ਅਤੇ ਰਾਸ਼ਟਰਪਤੀ ਦੇ ਰੂਪ ਵਿੱਚ ਕਾਰਜ ਕਰਨ ਤੋਂ ਰੋਕਦੀ ਹੈ। ਇੱਥੋਂ ਤੱਕ ਕਿ ਕੋਈ ਕਾਨੂੰਨ ਰਾਸ਼ਟਰਪਤੀ ਨੂੰ ਜੇਲ੍ਹ ਤੋਂ ਵੀ ਕਾਰਜ ਕਰਨ ਤੋਂ ਨਹੀਂ ਰੋਕਦਾ। ਹਾਲਾਂਕਿ, ਟਰੰਪ ਦੀ ਗ੍ਰਿਫ਼ਤਾਰੀ ਨਿਸ਼ਚਤ ਰੂਪ ਨਾਲ ਉਨ੍ਹਾਂ ਦੀ ਰਾਸ਼ਟਰਪਤੀ ਚੋਣ ਮੁਹਿੰਮ ਨੂੰ ਗੁੰਝਲਦਾਰ ਬਣਾਏਗੀ।

# ਜੇਕਰ ਟਰੰਪ ਨੂੰ ਸਜ਼ਾ ਹੋ ਵੀ ਜਾਂਦੀ ਹੈ ਤਾਂ ਕੀ ਉਹ ਚੋਣ ਲੜ ਸਕਣਗੇ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਖ਼ਿਲਾਫ 2016 ਵਿੱਚ ਪੋਰਨ ਸਟਾਰ ਸਟੌਰਮੀ ਡੈਨੀਅਲਸ ਨੂੰ 130,000 ਡਾਲਰ ਦੇ ਭੁਗਤਾਨ ਕਰਨ ਦੇ ਮਾਮਲੇ ਦੀ ਅਦਾਲਤੀ ਪ੍ਰਕਿਰਿਆ ਮੰਗਲਵਾਰ ਨੂੰ ਸਥਾਨਕ ਸਮੇਂ ਮੁਤਾਬਕ ਦੁਪਹਿਰ 2.15 ਵਜੇ (ਭਾਰਤੀ ਸਮੇਂ ਮੁਤਾਬਕ ਕਰੀਬ ਰਾਤ 11.45 ਵਜੇ) ਸ਼ੁਰੂ ਹੋਈ।

ਇਸ ਕੇਸ ਨੂੰ ਕਿਵੇਂ ਅੱਗੇ ਵਧਾਇਆ ਜਾਵੇ, ਇਸ 'ਤੇ ਫੈਸਲਾ ਨਿਊਯਾਰਕ ਸ਼ਹਿਰ ਦੇ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰਾਗ 'ਤੇ ਨਿਰਭਰ ਕਰਦਾ ਹੈ। ਪਰ ਜੇ ਟਰੰਪ ਖ਼ਿਲਾਫ਼ ਅਪਰਾਧਿਕ ਮਾਮਲਾ ਦਰਜ ਹੋ ਜਾਂਦਾ ਹੈ ਤਾਂ ਉਹ ਗ੍ਰਿਫ਼ਤਾਰ ਹੋਣ ਵਾਲੇ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਹੋਣਗੇ। ਹਾਲਾਂਕਿ ਟਰੰਪ ਨੇ ਉਨ੍ਹਾਂ 'ਤੇ ਲੱਗੇ ਇਲਜ਼ਾਮਾਂ ਨੂੰ ਨਕਾਰਿਆ ਹੈ।

**ਟਰੰਪ ਖ਼ਿਲਾਫ਼ ਕੀ ਇਲਜ਼ਾਮ ਲੱਗੇ ਹਨ?**

ਟਰੰਪ ਖ਼ਿਲਾਫ਼ ਇਸ ਮਾਮਲੇ ਦੀ ਸ਼ੁਰੂਆਤ ਜੁਲਾਈ, 2006 ਵਿੱਚ ਹੋਈ ਸੀ। ਉਦੋਂ ਤੱਕ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਬਣਨ ਦੀ ਦਿਸ਼ਾ ਵੱਲ ਕੋਈ ਗੰਭੀਰ ਕਦਮ ਨਹੀਂ ਸਨ ਚੁੱਕੇ। ਪੋਰਨ ਸਟਾਰ ਸਟੌਰਮੀ ਡੈਨੀਅਲਸ ਦਾ ਦਾਅਵਾ ਹੈ ਕਿ ਟਰੰਪ ਨਾਲ ਉਨ੍ਹਾਂ ਦੀ ਮੁਲਾਕਾਤ ਕੈਲੀਫ਼ੋਰਨੀਆ ਅਤੇ ਨੇਵਾਦਾ ਵਿਚਲੀ ਤਾਹੋ ਝੀਲ ਵਿੱਚ ਹੋਣ ਵਾਲੇ ਇੱਕ ਚੈਰਿਟੀ ਟੂਰਨਾਮੈਂਟ ਦੌਰਾਨ ਹੋਈ ਸੀ। ਸਾਲ 2011 ਵਿੱਚ 'ਇਨ ਟਚ ਵੀਕਲੀ' ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਟਰੰਪ ਨੇ ਉਨ੍ਹਾਂ ਨੂੰ ਡਿਨਰ ਲਈ ਬੁਲਾਇਆ ਸੀ। ਜਿਸ ਲਈ ਉਹ ਟਰੰਪ ਨੂੰ ਉਨ੍ਹਾਂ ਦੇ ਹੋਟਲ ਦੇ ਕਮਰੇ ਵਿੱਚ ਮਿਲਣ ਗਏ ਸਨ। ਇਹ ਇੰਟਰਵਿਊ 2011 ਵਿੱਚ ਦਿੱਤਾ ਗਿਆ ਸੀ ਪਰ ਇਸ ਨੂੰ ਛਾਪਿਆ 2018 ਵਿੱਚ ਗਿਆ ਸੀ।



ਇੰਟਰਵਿਊ ਵਿੱਚ ਡੈਨੀਅਲਸ ਨੇ ਇਲਜ਼ਾਮ ਲਗਾਇਆ ਹੈ ਕਿ ਉਨ੍ਹਾਂ ਦੋਵਾਂ ਨੇ ਹੋਟਲ ਦੇ ਕਮਰੇ ਵਿੱਚ ਸਰੀਰਕ ਸਬੰਧ ਬਣਾਏ ਸੀ। ਹਾਲਾਂਕਿ ਇਸ ਬਾਰੇ ਟਰੰਪ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਇਸ ਤੋਂ 'ਮੁਕੰਮਲ ਇਨਕਾਰ' ਕਰਦੇ ਹਨ। ਮਾਰਚ 2018 ਵਿੱਚ ਪ੍ਰਸਾਰਿਤ ਇੱਕ ਟੀਵੀ ਇੰਟਰਵਿਊ ਵਿੱਚ ਡੈਨੀਅਲਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਚੁੱਪ ਰਹਿਣ ਲਈ ਕਿਹਾ ਗਿਆ ਸੀ ਤੇ ਧਮਕੀ ਵੀ ਦਿੱਤੀ ਗਈ ਸੀ। ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਜਦੋਂ '2011 ਵਿੱਚ 'ਇਨ ਟਚ ਵੀਕਲੀ' ਨੂੰ ਇੰਟਰਵਿਊ ਦੇਣ ਲਈ ਮੈਂ ਹਾਂ ਕਹਿ ਦਿੱਤੀ ਤਾਂ ਉਸ ਤੋਂ ਕੁਝ ਦਿਨਾਂ ਬਾਅਦ ਲਾਸ ਵੇਗਾਸ ਦੀ ਇੱਕ ਕਾਰ ਪਾਰਕਿੰਗ ਵਿੱਚ ਮੇਰੇ ਕੋਲ ਇੱਕ ਸ਼ਖ਼ਸ ਆਇਆ ਜਿਸ ਨੇ ਕਿਹਾ, 'ਟਰੰਪ ਨੂੰ ਇਕੱਲੇ ਛੱਡ ਦਿਓ।'

**ਟਰੰਪ ਲਈ ਇਸ ਮਾਮਲੇ ਵਿੱਚ ਅੱਗੇ ਕੀ ਸੰਭਾਵਨਾ ਹੈ?**

ਨਿਊਯਾਰਕ ਸਿਟੀ ਡਿਸਟ੍ਰਿਕਟ ਅਟਾਰਨੀ ਐਲਵਿਨ ਬ੍ਰੈਗ ਨੇ ਇਹ ਜਾਂਚ ਕਰਨ ਲਈ ਗ੍ਰੈਂਡ ਜਿਊਰੀ ਦੀ ਸਥਾਪਨਾ ਕੀਤੀ ਹੈ। ਇਹ ਜਿਊਰੀ ਮੁਕੱਦਮੇ ਦੀ ਪੈਰਵੀ ਕਰੇਗੀ ਤੇ ਦੇਖੇਗੀ ਕਿ ਕਿ ਲੋੜੀਂਦੇ ਸਬੂਤ ਮੌਜੂਦ ਹਨ ਜਾਂ ਨਹੀਂ। ਉਨ੍ਹਾਂ ਨੇ ਪਿਛਲੇ ਹਫ਼ਤੇ ਅੱਗੇ ਵਧਣ ਲਈ ਵੋਟ ਪਾਈ ਸੀ। ਨਿਊਯਾਰਕ ਸਿਟੀ ਅਦਾਲਤ ਦੇ ਬੁਲਾਰੇ ਨੇ ਦੱਸਿਆ ਸੀ ਸਾਬਕਾ ਰਾਸ਼ਟਰਪਤੀ ਦੀ ਪੇਸ਼ੀ ਮੰਗਲਵਾਰ ਹੋਵੇਗੀ। ਟਰੰਪ ਦੇ ਖ਼ਿਲਾਫ਼ ਅਧਿਕਾਰਤ ਦੋਸ਼ਾਂ ਨੂੰ ਸਾਬਤ ਕਰਨ ਵਾਲੇ ਦਸਤਾਵੇਜ਼ ਨੂੰ ਉਦੋਂ ਤੱਕ ਜਨਤਕ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕੋਈ ਜੱਜ ਉਨ੍ਹਾਂ ਵਿਰੁੱਧ ਲੱਗੇ ਇਲਜ਼ਾਮਾਂ ਨੂੰ ਪੜ੍ਹ ਨਹੀਂ ਲੈਂਦਾ। ਸਾਬਕਾ ਰਾਸ਼ਟਰਪਤੀ ਨੇ ਸੋਮਵਾਰ ਨਿਊਯਾਰਕ ਸਿਟੀ ਦੇ ਟਰੰਪ ਟਾਵਰ ਪਹੁੰਚੇ। ਇੱਥੋਂ ਹੀ ਉਹ ਸੀਕ੍ਰੇਟ ਸਰਵਿਸ ਏਜੰਟਾਂ ਦੀ ਇੱਕ ਟੀਮ ਦੇ ਨਾਲ ਸਖ਼ਤ ਸੁਰੱਖਿਆ ਵਿੱਚ ਮੰਗਲਵਾਰ ਨੂੰ ਹੇਠਲੇ ਮੈਨਹਟਨ ਕੋਰਟਹਾਊਸ ਵਿੱਚ ਪੇਸ਼ ਹੋਣਗੇ।

**ਟਰੰਪ ਨੂੰ ਕਿੰਨੀ ਸਜ਼ਾ ਹੋ ਸਕਦੀ ਹੈ?**

ਇੱਕ ਵਾਰ ਕੇਸ ਦਰਜ ਹੋਣ ਅਤੇ ਜੱਜ ਚੁਣੇ ਜਾਣ ਤੋਂ ਬਾਅਦ ਟਰੰਪ ਖ਼ਿਲਾਫ਼ ਮੁਕੱਦਮਾ ਸ਼ੁਰੂ ਹੋ ਜਾਵੇਗਾ। ਆਸ ਹੈ ਕਿ ਟਰੰਪ ਨੂੰ ਜ਼ਮਾਨਤ ਮਿਲ ਜਾਵੇਗੀ ਤੇ ਉਹ ਆਪਣੇ ਫਲੋਰੀਡਾ ਸਥਿਤ ਘਰ ਵਿੱਚ ਰਹਿ ਸਕਣਗੇ। ਕਿਸੇ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਦੇ ਸੂਰਤੇਹਾਲ ਟਰੰਪ ਨੂੰ ਜੁਰਮਾਨਾ ਲੱਗੇਗਾ। ਇਸ ਦੇ ਨਾਲ ਹੀ ਉਨ੍ਹਾਂ ਨੂੰ ਵੱਧ ਤੋਂ ਵੱਧ ਚਾਰ ਸਾਲ ਦੀ ਕੈਦ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

(ਬਾਕੀ ਅਗਲੇ ਸਫ਼ੇ 'ਤੇ)

Issue- 420, Vol-17, April 5, 2023

# ਅੱਜ ਦੇ ਸਮੇਂ ਵਿਚ ਵੀ ਆਪਣੇ ਹੱਕਾਂ ਤੋਂ ਅਣਜਾਣ ਔਰਤਾਂ ਦਾ ਦੁਖਾਂਤ

ਗੁਰਸ਼ਰਨ ਕੌਰ

ਮੇਰਾ ਫੋਨ ਸਵੇਰੇ ਖੋਲ੍ਹਣ ਸਾਰ ਹੀ ਮੈਨੂੰ ਕਿਸੇ ਨਾ ਕਿਸੇ ਖਾਸ ਦਿਨ ਦੀ ਸੂਚਨਾ ਦੇ ਦਿੰਦਾ ਹੈ ਕਿ ਅੱਜ ਫਲਾਂ ਦਿਹਾੜਾ ਹੈ। ਕੁਝ ਦਿਨ ਮਨਾਏ ਜਾਂਦੇ ਹਨ ਅਤੇ ਕੁਝ ਵਿਚਾਰੇ ਸਵੇਰੇ ਚੜ੍ਹ ਕੇ ਸ਼ਾਮ ਨੂੰ ਚੁੱਪ-ਚੁਪੀਤੇ ਛਿਪ ਜਾਂਦੇ ਹਨ। ਇਸੇ ਤਰ੍ਹਾਂ ਅੱਠ ਮਾਰਚ ਨੂੰ ਕੌਮਾਂਤਰੀ ਮਹਿਲਾ ਦਿਵਸ ਵਾਲੇ ਦਿਨ ਦੀ ਵੀ ਫੋਨ ਨੇ ਸੂਚਨਾ ਦਿੱਤੀ, ਹਾਲਾਂਕਿ ਇਹ ਦਿਨ ਮੈਨੂੰ ਯਾਦ ਹੀ ਸੀ। ਸਾਡੇ ਦੇਸ਼ 'ਚ ਵੀ ਰਸਮੀ ਤੌਰ 'ਤੇ ਇਹ ਦਿਨ ਮਨਾਇਆ ਜਾਂਦਾ ਹੈ। ਔਰਤਾਂ ਦੀ ਭਲਾਈ ਦੇ ਵੱਡੇ-ਵੱਡੇ ਐਲਾਨ ਕੀਤੇ ਜਾਂਦੇ ਹਨ ਪਰ ਸਾਰਾ ਕੁਝ ਕਾਗਜ਼ਾਂ ਤਕ ਹੀ ਸੀਮਤ ਰਹਿ ਜਾਂਦਾ ਹੈ।

ਇਕ ਗੱਲ ਇਹ ਵੀ ਹੈ ਕਿ ਸਾਡੀਆਂ ਔਰਤਾਂ ਅਜੇ ਤਕ ਵੀ ਆਪਣੀ ਹੋਂਦ ਜਾਂ ਪਛਾਣ ਲਈ ਯਤਨਸ਼ੀਲ ਨਹੀਂ ਹਨ। ਉਹ ਜ਼ਿਆਦਾਤਰ ਮਰਦਾਂ 'ਤੇ ਨਿਰਭਰ ਰਹਿਣ ਨੂੰ ਤਰਜੀਹ ਦਿੰਦੀਆਂ ਹਨ। ਇਸ ਵਾਰ ਕੌਮਾਂਤਰੀ ਮਹਿਲਾ ਦਿਵਸ ਤੋਂ ਬਾਅਦ ਮੈਂ ਆਪਣੇ ਵੱਲੋਂ ਵੱਖ-ਵੱਖ ਖੇਤਰਾਂ ਦੀਆਂ ਔਰਤਾਂ ਤੋਂ ਇਸ ਦਿਨ ਬਾਰੇ ਇਕ ਛੋਟਾ ਜਿਹਾ ਸਰਵੇ ਕੀਤਾ ਕਿ ਉਨ੍ਹਾਂ ਨੇ ਇਹ ਦਿਨ ਕਿਵੇਂ ਮਨਾਇਆ? ਜਾਂ ਉਨ੍ਹਾਂ ਦਾ ਇਸ ਦਿਨ ਪ੍ਰਤੀ ਕੀ ਨਜ਼ਰੀਆ ਹੈ? ਉਹੀ ਵਿਚਾਰ ਲੈ ਕੇ ਮੈਂ ਪਾਠਕਾਂ ਦੇ ਸਨਮੁੱਖ ਹਾਜ਼ਰ ਹਾਂ। ਸਭ ਤੋਂ ਪਹਿਲਾਂ ਮੈਂ ਸਮਾਜ ਦੇ ਸੁਚੇਤ ਵਰਗ ਭਾਵ ਪੜ੍ਹੇ-ਲਿਖੇ ਵਰਗ ਦੀ ਰਾਇ ਜਾਣੀ ਕਿ ਉਨ੍ਹਾਂ ਨੇ ਇਸ ਖਾਸ ਦਿਨ ਨੂੰ ਕਿਵੇਂ ਮਨਾਇਆ ਜਾਂ ਗੁਜ਼ਾਰਿਆ। ਆਪਣੇ ਉਦੇਸ਼ ਦੀ ਪੂਰਤੀ ਲਈ ਅੱਧੀ ਛੁੱਟੀ ਵੇਲੇ ਮੈਂ ਇਕ ਸਕੂਲ ਦੀਆਂ ਅਧਿਆਪਕਾਵਾਂ ਨੂੰ ਮਿਲੀ ਅਤੇ ਪੁੱਛਿਆ ਕਿ ਉਨ੍ਹਾਂ ਨੇ ਅੰਤਰਰਾਸ਼ਟਰੀ ਔਰਤ ਦਿਵਸ ਵਾਲੇ ਦਿਨ ਨੂੰ ਕਿਵੇਂ ਬਤੀਤ ਕੀਤਾ? ਕੀ ਉਸ ਦਿਨ ਕਿਸੇ ਸਰਕਾਰੀ ਜਾਂ ਪ੍ਰਾਈਵੇਟ ਪ੍ਰੋਗਰਾਮ 'ਚ ਸ਼ਾਮਲ ਹੋਈਆਂ ਜਾਂ ਨਹੀਂ? ਅੱਠ ਮਾਰਚ ਨੂੰ ਵੂਮੈਨ ਡੇ ਦੀ ਛੁੱਟੀ ਸੀ। ਸਾਰੀਆਂ ਨੇ ਚੌਕਸ ਹੁੰਦਿਆਂ ਹੋਇਆਂ ਹੁੰਗਾਰਾ ਭਰਿਆ "ਹਾਂ ਜੀ, ਉਸ ਦਿਨ ਹੋਲੀ ਵੀ ਸੀ, ਅਸੀਂ ਤਾਂ ਹੋਲੀ ਖੇਡੀ ਅਤੇ ਬਾਅਦ ਦੁਪਹਿਰ ਸਰਦੀ ਦਾ ਖਿਲਾਰਾ ਸਾਂਭਿਆ ਉਸ ਦਿਨ। ਸਾਰਾ ਘਰ ਅਪਸੈੱਟ ਹੋਇਆ ਪਿਆ ਸੀ। ਕੰਬਲ ਰਜਾਈਆਂ ਤੇ ਹੋਰ ਗਰਮ ਕੱਪੜੇ ਹਰ ਕਮਰੇ 'ਚ ਖਿਲਰੇ ਪਏ ਸਨ।" ਮੈਨੂੰ ਇਉਂ ਜਾਪਦਾ ਸੀ ਜਿਵੇਂ ਸਾਰੀਆਂ ਮੈਡਮਾਂ ਕੰਮ ਕਰਨ ਲਈ ਉਸ ਦਿਨ ਦੀ ਹੀ ਉਡੀਕ ਕਰ ਰਹੀਆਂ ਸਨ। ਇਕ ਅਧਿਆਪਕਾ ਕੁਝ ਕਹਿਣਾ ਚਾਹੁੰਦੀ ਸੀ ਪਰ ਸਾਰੀਆਂ ਦਾ ਮੂਡ ਦੇਖ ਕੇ ਚੁੱਪ ਵੱਟ ਗਈ। ਫਿਰ ਸ਼ਹਿਰ ਦੇ ਪਾਰਕ 'ਚ ਸੈਰ ਕਰਨ ਆਈਆਂ ਚੰਗੀਆਂ ਪੜ੍ਹੀਆਂ-ਲਿਖੀਆਂ ਕੁਝ ਰਿਟਾਇਰਡ ਤੇ ਕੁਝ ਘਰੇਲੂ ਔਰਤਾਂ ਨਾਲ ਗੱਲਬਾਤ ਕੀਤੀ। ਰਿਟਾਇਰ ਔਰਤਾਂ ਦਾ ਸਾਂਝਾ ਵਿਚਾਰ ਸੀ ਕਿ ਉਨ੍ਹਾਂ ਦੀ ਹੁਣ ਇੱਧਰ ਕੋਈ ਰੁਚੀ ਨਹੀਂ ਹੈ। ਬੱਚਿਆਂ ਕੋਲ ਕੈਨੇਡਾ-ਅਮਰੀਕਾ ਇੱਕ-ਅੱਧਾ ਗੇੜਾ ਲਾ ਚੁੱਕੀਆਂ ਔਰਤਾਂ ਕੋਲ ਤਾਂ ਉਨ੍ਹਾਂ ਮੁਲਕਾਂ ਦੀ ਸਿਫ਼ਤ ਤੋਂ ਬਿਨਾਂ ਜਾਂ ਤਾਮ-ਝਾਮ ਦਿਖਾਉਣ ਤੋਂ ਇਲਾਵਾ ਹੋਰ ਕੋਈ ਮੁੱਦਾ ਹੀ ਨਹੀਂ ਸੀ। ਇੱਥੇ ਆ ਕੇ ਉਹ ਵਿਆਹ ਸਮਾਗਮਾਂ ਜਾਂ ਹੋਰ ਫੰਕਸ਼ਨਾਂ 'ਚ ਸ਼ਾਮਲ ਹੋ ਕੇ ਗਹਿਣਿਆਂ-ਕੱਪੜਿਆਂ ਬਾਰੇ ਜਾਣਕਾਰੀ ਲੈਣ-ਦੇਣ 'ਚ ਵੱਧ ਮਸਰੂਫ਼ ਲੱਗੀਆਂ।

ਕੁਝ ਨੇ ਮੇਰੀ ਗੱਲ ਨੂੰ ਹਲਕੇ ਵਿਚ ਲੈਂਦਿਆਂ ਵਿਅੰਗਮਈ ਭਾਸ਼ਾ ਵਿਚ ਜਵਾਬ ਦਿੱਤਾ ਕਿ ਅਸੀਂ ਅਜੇ ਘਰ ਜਾ ਕੇ ਘਰ ਦੇ ਕੰਮ ਨਿਪਟਾਉਣੇ ਹਨ, ਮਹਿਲਾ ਦਿਵਸ ਅਗਲੇ ਸਾਲ ਮਨਾ ਲਵਾਂਗੇ। ਇਕ ਨੇ ਕਿਹਾ ਕਿ ਉਸ ਨੂੰ ਇਸ ਦਿਨ ਬਾਰੇ ਬਿਲਕੁਲ ਜਾਣਕਾਰੀ ਸੀ ਅਤੇ ਉਸ ਨੇ ਇਸ ਨੂੰ ਆਪਣੇ ਤਰੀਕੇ ਨਾਲ ਮਨਾਇਆ ਵੀ। ਉਸ ਨੇ ਬੜੇ ਮਾਣ ਨਾਲ ਦੱਸਿਆ,"ਆਪਾਂ ਤਾਂ ਉਸ ਦਿਨ ਘਰ ਦੇ ਕੰਮ ਤੋਂ ਛੁੱਟੀ ਕੀਤੀ, ਸਹੇਲੀਆਂ ਦੇ ਨਾਲ ਜਾ ਕੇ ਰੈਸਟੋਰੈਂਟ 'ਚ ਮਨਪਸੰਦ ਖਾਣਾ ਖਾਧਾ ਤੇ ਫੋਨ 'ਤੇ ਪੋਸਟ ਸ਼ੇਅਰ ਕਰ ਕੇ ਸਹੇਲੀਆਂ ਨੂੰ ਮਹਿਲਾ ਦਿਵਸ ਦੀਆਂ ਮੁਬਾਰਕਾਂ ਵੀ ਦਿੱਤੀਆਂ। ਸਾਰਾ ਦਿਨ ਵਧੀਆ ਗੁਜ਼ਰਿਆ।" ਸ਼ਾਮ ਨੂੰ ਮਨਿਆਰੀ ਦੀ ਦੁਕਾਨ 'ਤੇ ਖ਼ਰੀਦੋ-ਫਰੋਖ਼ਤ ਕਰਦੀਆਂ ਕਾਲਜ ਪੜ੍ਹਦੀਆਂ ਦੋ ਕੁੜੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਅੱਠ ਮਾਰਚ ਬਾਰੇ ਜਾਣਕਾਰੀ ਸੀ ਅਤੇ ਉਨ੍ਹਾਂ ਦਾ ਇਹ ਦਿਨ ਬੜਾ ਸਾਰਥਕ ਗੁਜ਼ਰਿਆ। ਉਨ੍ਹਾਂ ਦੇ ਕਾਲਜ ਵਿਚ ਇਸ ਦਿਨ ਇਕ ਸਮਾਗਮ ਵੀ ਰੱਖਿਆ ਹੋਇਆ ਸੀ। ਇਸ ਮੌਕੇ ਬੁਲਾਰਿਆਂ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰ ਕੇ ਇਸ ਦਿਨ ਦੀ ਮਹੱਤਤਾ ਤੇ ਲੋੜ ਬਾਰੇ ਜਾਣਕਾਰੀ ਦਿੱਤੀ ਗਈ। ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਸੀ ਜਿਸ 'ਚ ਕਾਲਜ ਦੀਆਂ ਵਿਦਿਆਰਥਣਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਵਿਦਿਆਰਥੀਆਂ ਨੇ ਇਸ ਦਿਨ ਦੀ ਮਹੱਤਤਾ ਨੂੰ ਮੁੱਖ ਰੱਖ ਕੇ ਸਾਰੀ ਤਿਆਰੀ ਕੀਤੀ ਤੇ ਫਿਰ ਪ੍ਰੋਗਰਾਮ ਦਾ ਆਨੰਦ ਮਾਣਿਆ।

ਹੋਰ ਗੱਲਬਾਤ ਕਰਨ 'ਤੇ ਸਾਦਾ ਪਰ ਸਲੀਕੇ ਭਰਪੂਰ ਲਿਬਾਸ ਵਿਚ ਵਿਚਰ ਰਹੀਆਂ ਉਹ ਲੜਕੀਆਂ ਆਪਣੇ ਹੱਕਾਂ ਅਤੇ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਜਾਪੀਆਂ ਜੋ ਪੜ੍ਹਨ ਵਿਚ ਵੀ ਬੀਐੱਸਸੀ ਦੀਆਂ ਵਿਦਿਆਰਥਣਾਂ ਸਨ ਅਤੇ ਇਸ ਤੋਂ ਵੀ ਵੱਧ ਉਹ ਪੰਜਾਬ ਵਿਚ ਰਹਿ ਕੇ ਪੜ੍ਹਨ ਅਤੇ ਜ਼ਿੰਦਗੀ ਜਿਊਣ ਲਈ ਦ੍ਰਿੜ੍ਹ ਸਨ। ਉਨ੍ਹਾਂ ਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ ਕਿ ਕੋਈ ਹਰਿਆ ਬੂਟ ਬਚਿਆ ਹੈ ਅਜੇ ਪੰਜਾਬ ਵਿਚ। ਨਹੀਂ ਤਾਂ ਅੱਜ ਦੀ ਜਵਾਨੀ ਕੋਲ ਆਈਲੈਟਸ ਦਾ ਹੀ ਮੁੱਖ ਮੁੱਦਾ ਹੈ ਕਿ ਪਾਸ ਕਰ ਕੇ ਵਿਦੇਸ਼ ਜਾਇਆ ਜਾਵੇ। ਪੰਜਾਬ ਦੀ ਮਾੜੀ ਕਿਸਮਤ ਕਿ ਪੰਜਾਂ ਦਰਿਆਵਾਂ ਦੀ ਇਸ ਜ਼ਰਖ਼ੇਜ਼ ਧਰਤੀ 'ਤੇ ਕੋਈ ਰਹਿਣ ਨੂੰ ਤਿਆਰ ਹੀ ਨਹੀਂ। ਇਸ ਰੰਗਲੀ ਧਰਤ ਨੂੰ ਕਿਸ ਦੀ ਨਜ਼ਰ ਲੱਗੀ ਹੈ ਕਿ ਇਸ ਦੇ ਆਪਣੇ ਜਾਏ ਹੀ ਇਸ ਤੋਂ ਮੂੰਹ ਮੋੜਨ ਲੱਗ ਪਏ ਹਨ। ਫਿਰ ਮੈਂ ਮਿਲੀ ਸਮਾਜ ਦੇ ਉਸ ਵਰਗ ਦੀਆਂ ਔਰਤਾਂ ਨੂੰ ਜਿਨ੍ਹਾਂ ਨੂੰ ਸਕੂਲ ਦਾ ਮੂੰਹ ਦੇਖਣਾ ਸ਼ਾਇਦ ਹੀ ਕਦੇ ਨਸੀਬ ਹੋਇਆ ਹੋਵੇ। ਉਨ੍ਹਾਂ ਲਈ ਕੰਮ ਹੀ ਪੂਜਾ ਹੈ, ਬੰਦਗੀ ਹੈ ਤੇ ਹੋਰ ਸਭ ਕੁਝ ਬੇਕਾਰ। ਜਦ ਮੈਂ ਉਨ੍ਹਾਂ ਤੋਂ 8 ਮਾਰਚ ਨੂੰ ਔਰਤ ਦਿਵਸ ਮਨਾਉਣ ਬਾਰੇ ਪੁੱਛਿਆ ਤਾਂ ਉਹ ਮਾਯੂਸੀ 'ਚ ਬੋਲੀਆਂ, "ਕਾਹਦਾ ਔਰਤ ਦਿਵਸ। ਅਸੀਂ ਤਾਂ ਕਮਾ ਕੇ ਹੀ ਖਾਣਾ ਹੈ।" ਉਨ੍ਹਾਂ 'ਚੋਂ ਇਕ ਬੋਲੀ ਕਿ 40 ਸਾਲ ਪਹਿਲਾਂ ਉਹ ਨੇੜਲੇ ਪਿੰਡ 'ਚ ਵਿਆਹੀ ਆਈ ਸੀ। ਉਦੋਂ ਤੋਂ ਉਹ ਇਸ ਸ਼ਹਿਰ 'ਚ ਕੰਮ ਕਰ ਰਹੀ ਹੈ। ਉਹ ਜਵਾਨੀ ਤੋਂ ਬੁਢਾਪੇ 'ਚ ਆ ਗਈ ਹੈ ਪਰ ਜ਼ਿੰਦਗੀ ਦਾ ਸੰਘਰਸ਼ ਉਵੇਂ ਹੀ ਬਰਕਰਾਰ ਹੈ। ਉਹ ਦੋ ਵਾਰ ਪੰਚਾਇਤ ਦੀ ਮੈਂਬਰ ਵੀ ਰਹੀ ਹੈ, ਪਿੰਡ ਦੀ ਭਲਾਈ ਬਾਰੇ ਵੀ ਸੋਚਦੀ ਹੈ ਪਰ ਦਿਨ ਕਦੇ ਵੀ ਨਹੀਂ ਫਿਰੇ।

ਕਈ ਵਾਰ ਤਾਂ ਉਸ ਦੀ ਸਖ਼ਤ ਮਿਹਨਤ ਦੀ ਕਮਾਈ ਵੀ ਉਸ ਦਾ ਸ਼ਰਾਬੀ ਪਤੀ ਖੋਹ ਕੇ ਲੈ ਜਾਂਦਾ ਹੈ। ਪੁੱਤ ਵੀ ਪਿਉ ਦੇ ਨਕਸ਼ੇਕਦਮ 'ਤੇ ਚੱਲ ਰਹੇ ਹਨ। ਉਸ ਦੀ ਤਾਂ ਆਪਣੀ ਜ਼ਿੰਦਗੀ ਹੀ ਅਵਾਜ਼ਾਰ ਹੈ। ਉਸ ਲਈ ਅਜਿਹੇ ਕੌਮਾਂਤਰੀ ਮਹਿਲਾ ਦਿਹਾੜਿਆਂ ਦੇ ਕੋਈ ਮਾਅਨੇ ਨਹੀਂ ਹਨ ਤੇ ਨਾ ਹੀ ਉਸ ਨੂੰ ਇਨ੍ਹਾਂ ਗੱਲਾਂ ਦੀ ਕੋਈ ਸੋਝੀ ਹੈ। ਦੂਜੀਆਂ ਵੀ ਦੁਖਿਆਰੀਆਂ ਹੀ ਲੱਗੀਆਂ। ਕਿਸੇ ਕੋਲ ਰਹਿਣ ਲਈ ਘਰ ਨਹੀਂ, ਕਿਸੇ ਕੋਲ ਖਾਣ ਲਈ ਦਾਣੇ ਨਹੀਂ, ਕਿਸੇ ਕੋਲ ਬਿਮਾਰੀ ਦੇ ਇਲਾਜ ਲਈ ਪੈਸੇ ਨਹੀਂ ਅਤੇ ਕਿਸੇ ਦੇ ਬੱਚੇ ਉਸ ਦੇ ਆਖੇ ਨਹੀਂ ਲੱਗਦੇ।

ਅਜਿਹੀਆਂ ਬੇਅੰਤ ਪਰ ਜਾਇਜ਼ ਸਮੱਸਿਆਵਾਂ ਹਨ ਉਨ੍ਹਾਂ ਦੀਆਂ। ਇਹ ਹੱਲ ਹੋਣ ਤਾਂ ਹੀ ਉਹ ਕੁਝ ਹੋਰ ਸੋਚ ਸਕਦੀਆਂ ਹਨ। ਆਰਥਿਕ ਮਜ਼ਬੂਤੀ ਤੋਂ ਬਿਨਾਂ ਸਮਾਜਿਕ ਅਤੇ ਰਾਜਨੀਤਕ ਅਧਿਕਾਰਾਂ ਦੀ ਕੋਈ ਹੋਂਦ ਨਹੀਂ ਹੁੰਦੀ। ਇਹ ਤਾਂ ਸਭ ਅਮੀਰਾਂ ਦੇ ਚੋਚਲੇ ਹਨ, ਆਪਣੇ ਵੱਲੋਂ ਸਾਰੀ ਗੱਲਬਾਤ ਦਾ ਸਾਰਤੱਤ ਦੇ ਕੇ ਉਹ ਵਿਦਾ ਹੋ ਗਈਆਂ। ਮੈਂ ਹੁਣ ਖ਼ੁਦ ਇਸ ਦਿਨ ਬਾਰੇ ਸੋਚਣ ਲਈ ਸੁਤੰਤਰ ਸਾਂ। ਮੈਨੂੰ ਪਤਾ ਹੈ ਕਿ ਅੰਤਰਰਾਸ਼ਟਰੀ ਔਰਤ ਦਿਵਸ 'ਤੇ ਸਰਕਾਰੀ ਅਤੇ ਪ੍ਰਾਈਵੇਟ ਬਥੇਰੇ ਪ੍ਰੋਗਰਾਮ ਕੀਤੇ ਜਾਂਦੇ ਹਨ ਜਿਨ੍ਹਾਂ 'ਚ ਜ਼ਿਆਦਾਤਰ ਲਿਬਾਸਾਂ ਦਾ ਸ਼ੋਅ ਹੀ ਹੁੰਦਾ ਹੈ। ਸਰਕਾਰੀ ਅਧਿਕਾਰੀ ਜਾਂ ਸਿਆਸੀ ਪਾਰਟੀਆਂ ਨਾਲ ਸਬੰਧਤ ਔਰਤਾਂ ਰਿਬਨ ਕੱਟ ਕੇ ਸ਼ਾਨੋ-ਸ਼ੌਕਤ ਨਾਲ ਸਟੇਜ 'ਤੇ ਆਉਂਦੀਆਂ ਹਨ। ਬੁਲਾਰੇ ਰਸੂਖ਼ਵਾਨਾਂ ਦੇ ਸੋਹਲੇ ਗਾ ਕੇ ਤਾੜੀਆਂ ਬਟੋਰ ਲੈਂਦੇ ਹਨ।

ਆਮ ਔਰਤ ਉਸ ਵਿੱਚੋਂ ਮਨਫ਼ੀ ਹੀ ਹੁੰਦੀ ਹੈ। ਨਾ ਤਾਂ ਉਸ ਦਾ ਜ਼ਿਕਰ ਹੁੰਦਾ ਹੈ, ਨਾ ਹੀ ਉਸ ਦੀ ਕੋਈ ਸਮੱਸਿਆ ਸੁਣੀ ਜਾਂਦੀ ਹੈ ਅਤੇ ਨਾ ਕਿਸੇ ਕੋਲ ਉਸ ਦੇ ਦੁਖੜਿਆਂ ਦਾ ਕੋਈ ਹੱਲ ਹੁੰਦਾ ਹੈ। ਕਿਉਂਕਿ ਉਨ੍ਹਾਂ ਅਮੀਰ ਔਰਤਾਂ 'ਚੋਂ ਕਿਸੇ ਨੇ ਨਹੀਂ ਦੇਖਿਆ ਹੁੰਦਾ ਕਿ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਹੋਣ ਦੇ ਬਾਵਜੂਦ ਕੰਡਕਟਰ ਉਨ੍ਹਾਂ ਨੂੰ ਆਪਣੀ ਬੱਸ ਵਿਚ ਬਿਠਾਉਣਾ ਨਹੀਂ ਚਾਹੁੰਦੇ ਸਗੋਂ ਡਰਾਈਵਰ ਬੱਸ ਦੂਰ ਲਿਜਾ ਕੇ ਖੜ੍ਹੀ ਕਰਦਾ ਹੈ। ਕਈ ਘਰਾਂ ਵਿਚ ਅੱਜ ਵੀ ਔਰਤਾਂ ਦੀ ਕੁੱਟਮਾਰ ਕੀਤੀ ਜਾਂਦੀ ਹੈ। ਉਹ ਅਧਿਕਾਰਾਂ ਤੋਂ ਵਾਂਝੀਆਂ ਹਨ, ਕੁੱਖ ਤੋਂ ਲੈ ਕੇ ਕਬਰ ਤਕ ਉਹ ਅਸੁਰੱਖਿਅਤ ਹਨ।

**ਆਧੁਨਿਕਤਾ ਦੀ ਆੜ ਹੇਠ ਆਪਣੇ ਜਿਸਮ ਦੀ ਨੁਮਾਇਸ਼ ਕਰਨ ਲਈ ਮਜਬੂਰ ਹਨ। ਜਦੋਂ ਤਕ ਸਾਡਾ ਮਰਦ ਪ੍ਰਧਾਨ ਸਮਾਜ ਔਰਤ-ਮਰਦ ਨੂੰ ਬਰਾਬਰ ਨਹੀਂ ਸਮਝਦਾ ਤੇ ਪੁਰਾਤਨ ਸੋਚ ਜ਼ਰ, ਜ਼ੋਰੂ ਤੇ ਜ਼ਮੀਨ ਦਾ ਹੱਕ ਤਿਆਗਣ ਲਈ ਤਿਆਰ ਨਹੀਂ ਹੁੰਦਾ, ਆਪਣਾ ਹੰਕਾਰ ਨਹੀਂ ਛੱਡਦਾ ਅਤੇ ਆਪਣੀ ਪਸ਼ੂ ਬਿਰਤੀ 'ਤੇ ਕਾਬੂ ਨਹੀਂ ਪਾਉਂਦਾ ਉਦੋਂ ਤਕ ਅਜਿਹੇ ਦਿਨ ਮਹਿਜ਼ ਦਿਨ ਹੀ ਰਹਿਣਗੇ। ਔਰਤ-ਮਰਦ ਗੱਡੀ ਦੇ ਦੋ ਪਹੀਏ ਹਨ। ਜੇ ਗੱਡੀ ਦੇ ਦੋਵੇਂ ਪਹੀਏ ਸਹੀ ਸੇਧ ਵਿਚ ਚੱਲਣਗੇ ਤਾਂ ਹੀ ਗੱਡੀ ਮੰਜ਼ਿਲ ਸਰ ਕਰੇਗੀ। ਇਹੋ ਹਾਲ ਜ਼ਿੰਦਗੀ ਦਾ ਹੈ। ਘਰ, ਪਰਿਵਾਰ, ਬੱਚੇ ਉਨ੍ਹਾਂ ਪਰਿਵਾਰਾਂ ਦੇ ਹੀ ਖ਼ੁਸ਼ਹਾਲ ਹੁੰਦੇ ਹਨ ਜਿਨ੍ਹਾਂ ਦੇ ਘਰ ਵਿਚ ਮਾਂ-ਬਾਪ ਦੋਵੇਂ ਇਕ-ਦੂਜੇ ਦੇ ਪੂਰਕ ਹੋਣ, ਇਕ-ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਣ ਤੇ ਦੁੱਖ ਸੁੱਖ ਦੇ ਸਾਥੀ ਹੋਣ।**



ਆਧੁਨਿਕਤਾ ਦੀ ਆੜ ਹੇਠ ਆਪਣੇ ਜਿਸਮ ਦੀ ਨੁਮਾਇਸ਼ ਕਰਨ ਲਈ ਮਜਬੂਰ ਹਨ। ਜਦੋਂ ਤਕ ਸਾਡਾ ਮਰਦ ਪ੍ਰਧਾਨ ਸਮਾਜ ਔਰਤ-ਮਰਦ ਨੂੰ ਬਰਾਬਰ ਨਹੀਂ ਸਮਝਦਾ ਤੇ ਪੁਰਾਤਨ ਸੋਚ ਜ਼ਰ, ਜ਼ੋਰੂ ਤੇ ਜ਼ਮੀਨ ਦਾ ਹੱਕ ਤਿਆਗਣ ਲਈ ਤਿਆਰ ਨਹੀਂ ਹੁੰਦਾ, ਆਪਣਾ ਹੰਕਾਰ ਨਹੀਂ ਛੱਡਦਾ ਅਤੇ ਆਪਣੀ ਪਸ਼ੂ ਬਿਰਤੀ 'ਤੇ ਕਾਬੂ ਨਹੀਂ ਪਾਉਂਦਾ ਉਦੋਂ ਤਕ ਅਜਿਹੇ ਦਿਨ ਮਹਿਜ਼ ਦਿਨ ਹੀ ਰਹਿਣਗੇ। ਔਰਤ-ਮਰਦ ਗੱਡੀ ਦੇ ਦੋ ਪਹੀਏ ਹਨ।

ਜੇ ਗੱਡੀ ਦੇ ਦੋਵੇਂ ਪਹੀਏ ਸਹੀ ਸੇਧ ਵਿਚ ਚੱਲਣਗੇ ਤਾਂ ਹੀ ਗੱਡੀ ਮੰਜ਼ਿਲ ਸਰ ਕਰੇਗੀ। ਇਹੋ ਹਾਲ ਜ਼ਿੰਦਗੀ ਦਾ ਹੈ। ਘਰ, ਪਰਿਵਾਰ, ਬੱਚੇ ਉਨ੍ਹਾਂ ਪਰਿਵਾਰਾਂ ਦੇ ਹੀ ਖ਼ੁਸ਼ਹਾਲ ਹੁੰਦੇ ਹਨ ਜਿਨ੍ਹਾਂ ਦੇ ਘਰ ਵਿਚ ਮਾਂ-ਬਾਪ ਦੋਵੇਂ ਇਕ-ਦੂਜੇ ਦੇ ਪੂਰਕ ਹੋਣ, ਇਕ-ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਣ ਤੇ ਦੁੱਖ ਸੁੱਖ ਦੇ ਸਾਥੀ ਹੋਣ। ਇਸੇ ਵਿਚ ਹੀ ਸਭ ਦੀ ਭਲਾਈ ਹੈ ਤੇ ਕੌਮਾਂਤਰੀ ਮਹਿਲਾ ਦਿਵਸ ਦੀ ਸਾਰਥਕਤਾ ਵੀ।

# ਜੇਕਰ ਟਰੰਪ ਨੂੰ ਸਜ਼ਾ ਹੋ ਵੀ ਜਾਂਦੀ ਹੈ ਤਾਂ ਕੀ ਉਹ ਚੋਣ ਲੜ ਸਕਣਗੇ

(ਸਫਾ 18 ਦੀ ਬਾਕੀ)

### ਕੀ ਟਰੰਪ ਸਜ਼ਾਂ ਤੋਂ ਬਾਅਦ ਵੀ ਰਾਸ਼ਟਰਪਤੀ ਚੋਣ ਲੜਨ ਯੋਗ ਹੋਣਗੇ?

ਇੱਕ ਇਲਜ਼ਾਮ ਜਾਂ ਇੱਥੋਂ ਤੱਕ ਕਿ ਇੱਕ ਅਪਰਾਧਿਕ ਸਜ਼ਾ ਵੀ ਟਰੰਪ ਨੂੰ ਆਪਣੀ ਰਾਸ਼ਟਰਪਤੀ ਦੀ ਮੁਹਿੰਮ ਨੂੰ ਜਾਰੀ ਰੱਖਣ ਤੋਂ ਨਹੀਂ ਰੋਕ ਸਕੇਗੀ। ਇਸ ਬਾਰੇ ਟਰੰਪ ਨੇ ਸੰਕੇਤ ਵੀ ਦਿੱਤੇ ਹਨ ਕਿ ਜੋ ਵੀ ਹੋ ਜਾਵੇ ਉਹ ਅੱਗੇ ਵਧਣਾ ਜਾਰੀ ਰੱਖਣਗੇ। ਅਮਰੀਕਾ ਦੇ ਕਾਨੂੰਨ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਹੈ ਜੋ ਕਿਸੇ ਅਪਰਾਧਿਕ ਮਾਮਲੇ ਦੇ ਦੋਸ਼ੀ ਨੂੰ ਰਾਸ਼ਟਰਪਤੀ ਮੁਹਿੰਮ ਵਿੱਚ ਹਿੱਸਾ ਲੈਣ ਜਾਂ ਪ੍ਰਚਾਰ ਕਰਨ ਤੋਂ ਰੋਕੇ , ਇੱਥੋਂ ਤੱਕ ਕਿ ਜੇਲ੍ਹ ਹੋਣ ਦੀ ਸੂਰਤ ਵਿੱਚ ਵੀ ਨਹੀਂ। ਪਰ ਯਕੀਨੀ ਤੌਰ 'ਤੇ ਟਰੰਪ ਦੀ ਗ੍ਰਿਫ਼ਤਾਰੀ ਉਨ੍ਹਾਂ ਦੀ ਰਾਸ਼ਟਰਪਤੀ ਚੋਣ ਮੁਹਿੰਮ ਨੂੰ ਔਖਾ ਕਰ ਦੇਵੇਗੀ। ਇਹ ਅਮਰੀਕੀ ਸਿਆਸੀ ਢਾਂਚੇ ਦੇ ਵਖਰੇਵਿਆਂ ਨੂੰ ਹੋਰ ਡੂੰਘਾ ਕਰੇਗਾ ਤੇ ਵਿਚਾਰਧਾਰਕ ਪਾੜਿਆਂ ਨੂੰ ਵਧਾਏਗਾ। ਕੰਜ਼ਰਵੇਟਿਵ ਆਗੂਆਂ ਦਾ ਮੰਨਣਾ ਹੈ ਕਿ ਸਾਬਕਾ ਰਾਸ਼ਟਰਪਤੀ ਨੂੰ ਨਿਆਂ ਦੇ ਇੱਕ ਵੱਖਰੇ ਮਿਆਰ 'ਤੇ ਰੱਖਿਆ ਜਾ ਰਿਹਾ ਹੈ, ਜਦੋਂ ਕਿ ਉਦਾਰਵਾਦੀ ਇਸ ਨੂੰ ਕਾਨੂੰਨ ਤੋੜਨ ਵਾਲਿਆਂ ਇੱਥੋਂ ਤੱਕ ਕਿ ਉੱਚੇ ਆਹੁਦਿਆਂ 'ਤੇ ਬੈਠੇ ਲੋਕਾਂ ਨੂੰ ਜਵਾਬਦੇਹ ਠਹਿਰਾਉਣ ਦੀ ਪ੍ਰੀਕ੍ਰਿਆ ਵਜੋਂ ਦੇਖਦੇ ਹਨ।

### ਇਹ ਮਾਮਲਾ ਅਹਿਮ ਕਿਉਂ ਹੈ?

ਸਾਬਕਾ ਰਾਸ਼ਟਰਪਤੀ ਟਰੰਪ ਦੇ ਸਮਰਥਕਾਂ, ਇੱਥੋਂ ਤੱਕ ਕਿ ਧਾਰਮਿਕ ਖਿਆਲਾਂ ਵਾਲੇ ਲੋਕਾਂ ਨੇ ਵੀ ਉਨ੍ਹਾਂ ਦੇ ਪਿਛਲੇ ਵਿਵਹਾਰ ਅਤੇ ਉਨ੍ਹਾਂ ਦੇ ਖਿਲਾਫ਼ ਔਰਤਾਂ ਦੇ ਦੋਸ਼ਾਂ



ਨੂੰ ਰੱਦ ਕਰ ਦਿੱਤਾ ਹੈ। ਪਰ ਸਟੌਰਮੀ ਡੈਨੀਅਲਸ ਕਾਂਡ ਵਿੱਚ ਟਰੰਪ ਨੂੰ ਅਦਾਲਤ ਵਿੱਚ ਗਵਾਹੀ ਦੇਣ ਲਈ ਬੁਲਾਇਆ ਜਾ ਸਕਦਾ ਹੈ। ਟਰੰਪ ਨੇ 2024 ਵਿੱਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਫਿਰ ਤੋਂ ਮੈਦਾਨ ਵਿੱਚ ਆਉਣ ਦੀ ਇੱਛਾ ਜ਼ਾਹਿਰ ਕੀਤੀ ਹੈ, ਇਸ ਨੂੰ ਦੇਖਦਿਆਂ ਇਸ ਮਾਮਲੇ ਦਾ ਫ਼ੈਸਲਾ ਹੁਣ ਬੇਹੱਦ ਅਹਿਮ ਹੋ ਗਿਆ ਹੈ। ਇਹ ਦੋਸ਼ ਜਾਂ ਅਪਰਾਧਿਕ ਸਜ਼ਾ ਵੀ ਟਰੰਪ ਨੂੰ ਆਪਣੀ ਰਾਸ਼ਟਰਪਤੀ ਚੋਣ ਮੁਹਿੰਮ ਨੂੰ ਜਾਰੀ ਰੱਖਣ ਤੋਂ ਨਹੀਂ ਰੋਕ ਸਕੇਗੀ। ਅਸਲ ਵਿੱਚ ਅਮਰੀਕੀ ਕਾਨੂੰਨ ਵਿੱਚ ਅਜਿਹੀ ਕੋਈ ਤਜਵੀਜ਼ ਨਹੀਂ ਹੈ ਜੋ ਕਿਸੇ ਅਜਿਹੇ ਉਮੀਦਵਾਰ ਨੂੰ ਚੋਣ ਪ੍ਰਚਾਰ ਕਰਨ ਤੇ ਰਾਸ਼ਟਰਪਤੀ ਦੇ ਰੂਪ ਵਿੱਚ ਕਾਰਜ ਕਰਨ ਤੋਂ ਰੋਕਦੀ ਹੈ। ਇੱਥੋਂ ਤੱਕ ਕਿ ਕੋਈ ਕਾਨੂੰਨ ਰਾਸ਼ਟਰਪਤੀ ਨੂੰ ਜੇਲ੍ਹ ਤੋਂ ਵੀ ਕਾਰਜ ਕਰਨ ਤੋਂ ਨਹੀਂ ਰੋਕਦਾ। ਹਾਲਾਂਕਿ, ਟਰੰਪ ਦੀ ਗ੍ਰਿਫ਼ਤਾਰੀ ਨਿਸ਼ਚਤ ਰੂਪ ਨਾਲ ਉਨ੍ਹਾਂ ਦੀ ਰਾਸ਼ਟਰਪਤੀ ਚੋਣ ਮੁਹਿੰਮ ਨੂੰ ਗੁੰਝਲਦਾਰ ਬਣਾਏਗੀ।

### ਸਟੌਰਮੀ ਡੈਨੀਅਲਸ ਕੌਣ ਹਨ?

ਸਟੌਰਮੀ ਡੈਨੀਅਲਸ ਦਾ ਅਸਲੀ ਨਾਮ ਸਟੈਫਨੀ ਕਲਿਫੋਰਡ ਹੈ ਤੇ ਉਨ੍ਹਾਂ ਦਾ ਜਨਮ ਲੁਈਸਿਆਨਾ ਵਿੱਚ 1979 ਵਿੱਚ ਹੋਇਆ ਸੀ। 2004 ਵਿੱਚ ਨਿਰਦੇਸ਼ਨ ਅਤੇ ਲੇਖਣੀ ਵਿੱਚ ਆਉਣ ਤੋਂ ਪਹਿਲਾਂ ਉਹ ਪਹਿਲੀ ਵਾਰ ਪੋਰਨ ਫਿਲਮ ਇੰਡਸਟਰੀ ਵਿੱਚ ਇੱਕ ਕਲਾਕਾਰ ਦੇ ਰੂਪ ਵਿੱਚ ਸ਼ਾਮਲ ਹੋਏ ਸਨ। ਬਤੌਰ ਸਟੇਜ ਪਰਫਾਰਮਰ ਉਨ੍ਹਾਂ ਦੇ ਨਵੇਂ ਨਾਮ ਪਿੱਛੇ ਇੱਕ ਦਿਲਚਸਪ ਕਹਾਣੀ ਹੈ। ਉਨ੍ਹਾਂ ਦੇ ਨਾਮ ਵਿੱਚ ਸਟੋਰਮੀ ਸ਼ਬਦ ਮਸ਼ਹੂਰ ਅਮਰੀਕੀ ਬੈਂਡ ਮੋਤਲੇ ਕ੍ਰਿਊ ਦੇ ਬੇਸ ਗਿਟਾਰਿਸਟ ਨਿੱਕੀ ਸਿਕਸ ਦੀ ਧੀ ਸਟੋਰਮ ਤੋਂ ਲਿਆ ਗਿਆ ਹੈ। ਜਦਕਿ ਡੈਨੀਅਲਸ, ਅਮਰੀਕੀ ਵ੍ਹਿਸਕੀ ਬ੍ਰਾਂਡ ਜੈਕ ਡੈਨੀਅਲਸ ਤੋਂ ਲਿਆ ਗਿਆ ਹੈ। ਅਮਰੀਕਾ ਦੇ ਦੱਖਣੀ ਹਿੱਸੇ ਤੋਂ ਆਉਣ ਵਾਲੀ ਕਲਿਫੋਰ ਨੇ ਇਸ ਵ੍ਹਿਸਕੀ ਦਾ ਇਸ਼ਤਿਹਾਰ ਦੇਖਿਆ ਸੀ ਜਿਸ ਵਿੱਚ ਦਾਅਵਾ ਕੀਤਾ ਸੀ ਕਿ 'ਇਹ ਦੱਖਣੀ ਅਮਰੀਕਾ ਵਿੱਚ ਰਹਿਣ ਵਾਲੇ ਲੋਕਾਂ ਦਾ ਪਸੰਦੀਦਾ ਡਰਿੰਕ ਹੈ।' ਹਾਲਾਂਕਿ, 'ਦਿ 40-ਯੀਅਰ-ਓਲਡ ਵਰਜਿਨ' ਅਤੇ 'ਨੌਕਡ ਅੱਪ' ਫ਼ਿਲਮਾਂ ਵਿੱਚ ਕੈਮਿਓ ਰੋਲ ਅਤੇ ਪੌਪ ਬੈਂਡ 'ਮਾਰੂਨ ਫਾਈਵ' ਦੇ ਗੀਤ 'ਵੇਕ ਅੱਪ ਕਾਲ' ਦੀ ਵੀਡੀਓ ਵਿੱਚ ਆਉਣ ਨਾਲ ਉਹ ਹੋਰ ਮਸ਼ਹੂਰ ਹੋਏ। ਉਨ੍ਹਾਂ 2010 ਵਿੱਚ ਲੁਈਸਿਆਨਾ ਵਿੱਚ ਅਮਰੀਕੀ ਸੈਨੇਟ ਦੀ ਸੀਟ ਲਈ ਚੋਣ ਲੜਨ ਬਾਰੇ ਵੀ ਸੋਚਿਆ ਸੀ। ਪਰ ਬਾਅਦ ਵਿੱਚ ਉਹ ਇਸ ਦੌੜ ਤੋਂ ਇਹ ਕਹਿੰਦੇ ਵੱਖਰੇ ਹੋ ਗਏ ਕਿ ਉਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ।

# ਸੀਬੀਆਈ ਦੀ ਸਾਖ਼ ਬਰਕਰਾਰ ਰੱਖਣ ਦੀ ਲੋੜ




ਕੇਂਦਰੀ ਜਾਂਚ ਬਿਊਰੋ ਦੇ ਸਥਾਪਨਾ ਦਿਵਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਏਜੰਸੀ ਦੀ ਪ੍ਰਸ਼ੰਸਾ ਕਰਦੇ ਹੋਏ ਜਿਸ ਤਰ੍ਹਾਂ ਇਹ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਵਿਚ ਉਸ ਨੂੰ ਝਿਜਕਣ ਦੀ ਜ਼ਰੂਰਤ ਨਹੀਂ ਹੈ, ਉਸ ਤੋਂ ਜੇਕਰ ਕੁਝ ਸਪਸ਼ਟ ਹੋ ਰਿਹਾ ਹੈ ਤਾਂ ਇਹੀ ਕਿ ਸੀਬੀਆਈ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿਚ ਹੋਰ ਤੇਜ਼ੀ ਆਉਣ ਦੇ ਹੀ ਆਸਾਰ ਹਨ। ਇਸ ਦਾ ਸੰਕੇਤ ਇਸ ਤੋਂ ਵੀ ਮਿਲਦਾ ਹੈ ਕਿ ਉਨ੍ਹਾਂ ਨੇ ਵਿਰੋਧੀ ਪਾਰਟੀਆਂ ’ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਨੇ ਇਹ ਸੰਕੇਤ ਇਕ ਅਜਿਹੇ ਸਮੇਂ ਦਿੱਤਾ ਜਦ ਵਿਰੋਧੀ ਪਾਰਟੀਆਂ ਅਤੇ ਖ਼ਾਸ ਤੌਰ ’ਤੇ ਕਾਂਗਰਸ ਇਹ ਆਵਾਜ਼ ਚੁੱਕ ਰਹੀ ਹੈ ਕਿ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਕੁਝ ਵਿਰੋਧੀ ਪਾਰਟੀਆਂ ਤਾਂ ਇਸ ਸ਼ਿਕਾਇਤ ਨਾਲ ਸੜਕ ’ਤੇ ਉਤਰਨ ਦੇ ਇਲਾਵਾ ਸੁਪਰੀਮ ਕੋਰਟ ਦਾ ਬੂਹਾ ਵੀ ਖੜਕਾ ਚੁੱਕੀਆਂ ਹਨ।

ਸੁਪਰੀਮ ਕੋਰਟ ਦੀ ਪੁਰਾਣੀ ਟਿੱਪਣੀ ਦਾ ਵੀ ਹਵਾਲਾ ਦਿੱਤਾ ਜਾ ਰਿਹਾ ਹੈ ਕਿ ਸੀਬੀਆਈ ‘ਪਿੰਜਰੇ ਦਾ ਤੋਤਾ’ ਹੈ। ਦੂਜੇ ਪਾਸੇ ਵਿਰੋਧੀ ਪਾਰਟੀਆਂ ਕੁਝ ਵੀ ਕਹਿਣ, ਉਹ ਰਾਜਨੀਤਕ ਭ੍ਰਿਸ਼ਟਾਚਾਰ ਤੋਂ ਇਨਕਾਰ ਨਹੀਂ ਕਰ ਸਕਦੀਆਂ। ਨੇਤਾਵਾਂ ਅਤੇ ਨੌਕਰਸ਼ਾਹਾਂ ਦੇ ਭ੍ਰਿਸ਼ਟਾਚਾਰ ਦੇ ਮਾਮਲੇ ਖ਼ਤਮ ਹੋਣ ਦਾ ਨਾਂ ਹੀ ਨਹੀਂ ਲੈ ਰਹੇ ਹਨ। ਕੀ ਵਿਰੋਧੀ ਪਾਰਟੀਆਂ ਇਹ ਚਾਹੁੰਦੀਆਂ ਹਨ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਨਾ ਹੋਵੇ ਜਾਂ ਉਹ ਇਸ ਨਤੀਜੇ ’ਤੇ ਪੁੱਜ ਗਈਆਂ ਹਨ ਕਿ ਸਿਆਸੀ ਭ੍ਰਿਸ਼ਟਾਚਾਰ ਨੂੰ ਨੱਥ ਪੈ ਗਈ ਹੈ? ਉਨ੍ਹਾਂ ਦਾ ਸਿੱਟਾ ਭਾਵੇਂ ਜੋ ਵੀ ਹੋਵੇ, ਦੇਸ਼ ਦੀ ਜਨਤਾ ਇਸ ਦੀ ਅਣਦੇਖੀ ਨਹੀਂ ਕਰ ਸਕਦੀ ਕਿ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਨਾਲ ਘਿਰੇ ਨੇਤਾਵਾਂ ਜਾਂ ਉਨ੍ਹਾਂ ਦੇ ਕਰੀਬੀਆਂ ਕੋਲੋਂ ਅਥਾਹ ਧਨ-ਦੌਲਤ ਮਿਲਦੀ ਰਹਿੰਦੀ ਹੈ। ਜਨਤਾ ਇਸ ਤੋਂ ਵੀ ਜਾਣੂ ਹੈ ਕਿ ਕੁਝ ਨੇਤਾ ਅਤੇ ਨੌਕਰਸ਼ਾਹ ਕਿਸ ਤਰ੍ਹਾਂ ਰਾਤੋ-ਰਾਤ ਅਰਬਪਤੀ ਬਣ ਜਾਂਦੇ ਹਨ। ਭ੍ਰਿਸ਼ਟਾਚਾਰ ਖ਼ਿਲਾਫ਼ ਸੀਬੀਆਈ ਦੀ ਸਖ਼ਤੀ ਕਾਇਮ ਰਹਿਣੀ ਹੀ ਚਾਹੀਦੀ ਹੈ ਪਰ ਇਸ ਦੇ ਨਾਲ ਹੀ ਇਸ ’ਤੇ ਵਿਚਾਰ ਵੀ ਹੋਣਾ ਚਾਹੀਦਾ ਹੈ ਕਿ ਕੀ ਇਹ ਏਜੰਸੀ ਨੇਤਾਵਾਂ-ਨੌਕਰਸ਼ਾਹਾਂ ਅਤੇ ਹੋਰ ਪ੍ਰਭਾਵਸ਼ਾਲੀ ਲੋਕਾਂ ਨਾਲ ਜੁੜੇ ਮਾਮਲਿਆਂ ਦੀ ਜਾਂਚ ਸਹੀ ਤਰ੍ਹਾਂ ਕਰ ਰਹੀ ਹੈ? ਦਾਅਵਾ ਕੁਝ ਵੀ ਕੀਤਾ ਜਾਵੇ, ਆਮ ਜਨਤਾ ਦੇ ਮਨ ਵਿਚ ਇਸ ਜਾਂਚ ਏਜੰਸੀ ਦਾ ਅਕਸਰ ਅਜਿਹਾ ਨਹੀਂ ਕਿ ਉਹ ਰਸੂਖ਼ਦਾਰਾਂ ਅਤੇ ਖ਼ਾਸ ਤੌਰ ’ਤੇ ਨੇਤਾਵਾਂ ਦੇ ਮਾਮਲਿਆਂ ਦੀ ਤਫ਼ਤੀਸ਼ ਤੇਜ਼ੀ ਨਾਲ ਕਰਦੀ ਹੈ ਅਤੇ ਦੋਸ਼ੀਆਂ ਨੂੰ ਸਮੇਂ ਸਿਰ ਸਜ਼ਾ ਦਿਵਾ ਪਾਉਂਦੀ ਹੈ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਅਜਿਹੇ ਮਾਮਲਿਆਂ ਦੀ ਜਾਂਚ ਕਿਸੇ ਤਰ੍ਹਾਂ ਲੰਬੀ ਖਿੱਚਦੀ ਚਲੀ ਜਾਂਦੀ ਹੈ? ਭ੍ਰਿਸ਼ਟ ਅਨਸਰਾਂ ਨੂੰ ਮੁਸ਼ਕਲ ਨਾਲ ਹੀ ਉਨ੍ਹਾਂ ਦੇ ਕੀਤੇ ਦੀ ਸਜ਼ਾ ਮਿਲਦੀ ਹੈ। ਇਹ ਸਹੀ ਹੈ ਕਿ ਸਮੇਂ ਦੇ ਨਾਲ ਸੀਬੀਆਈ ਕਿਤੇ ਜ਼ਿਆਦਾ ਸਮਰੱਥ ਹੋਈ ਹੈ ਅਤੇ ਉਸ ਦੀ ਕਾਰ-ਜਪ੍ਰਣਾਲੀ ਵੀ ਬਦਲੀ ਹੈ ਪਰ ਇਸ ਸਵਾਲ ਦਾ ਜਵਾਬ ਨਹੀਂ ਮਿਲ ਰਿਹਾ ਹੈ ਕਿ ਉਹ ਵੱਡੇ ਲੋਕਾਂ ਦੇ ਮਾਮਲਿਆਂ ਦੀ ਜਾਂਚ ਵਿਚ ਅਸਰਦਾਰ ਕਿਉਂ ਨਹੀਂ ਸਿੱਧ ਹੋ ਪਾਉਂਦੀ? ਜੇ ਸੀਬੀਆਈ ਨੇ ਆਪਣੇ ਅਕਸ ਵਿਚ ਸੁਧਾਰ ਕਰਨਾ ਹੈ ਅਤੇ ਜਨਤਾ ਵਿਚਾਲੇ ਇਕ ਅਸਰਦਾਰ ਜਾਂਚ ਏਜੰਸੀ ਦੇ ਰੂਪ ਵਿਚ ਆਪਣੀ ਪਛਾਣ ਬਣਾਉਣੀ ਹੈ ਤਾਂ ਉਸ ਨੂੰ ਆਪਣੇ ਵਿਚ ਕੁਝ ਬਦਲਾਅ ਕਰਨੇ ਹੋਣਗੇ। ਇਸ ਦੇ ਨਾਲ ਉਸ ਨੂੰ ਅਜਿਹੇ ਅਕਸ ਤੋਂ ਵੀ ਮੁਕਤ ਹੋਣਾ ਹੋਵੇਗਾ ਕਿ ਉਸ ਦਾ ਸਿਆਸੀ ਇਸਤੇਮਾਲ ਹੁੰਦਾ ਰਿਹਾ ਹੈ। ਸੀਬੀਆਈ ਦੀ ਚਰਚਾ ਦੇਸ਼-ਵਿਦੇਸ਼ ’ਚ ਹੁੰਦੀ ਰਹੀ ਹੈ। ਬੋਫ਼ੋਰਸ ਕਾਂਡ ਵਿਚ ਸੀਬੀਆਈ ਦੇ ਤਤਕਾਲੀ ਮੁਖੀ ਜੋਗਿੰਦਰ ਸਿੰਘ ਜਦੋਂ ਵਿਦੇਸ਼ ਤੋਂ ਸਬੂਤ ਲੈ ਕੇ ਭਾਰਤ ਪਰਤੇ ਸਨ, ਉਦੋਂ ਦੁਨੀਆ ਭਰ ’ਚ ਇਸ ਦੀ ਚਰਚਾ ਹੋਈ ਸੀ।

# ਪੰਜਾਬ ਨੂੰ ਬਚਾਉਣਾ ਹੈ ਤਾਂ ਸਖ਼ਤੀ ਨਾਲ ਰੋਕੀ ਜਾਵੇ ਪਾਣੀ ਦੀ ਦੁਰਵਰਤੋਂ

**ਜਗਦੇਵ ਸ਼ਰਮਾ ਬੁਗਰਾ**

ਪੰਜਾਬ ਨੂੰ ਨੇੜ ਭਵਿੱਖ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਵਿੱਚੋਂ ਇਕ ਹੈ ਪਾਣੀ ਦੀ ਸਮੱਸਿਆ। ਸਿਆਣੀ ਉਮਰ ਦੇ ਬੰਦੇ ਇਹ ਕਹਿੰਦੇ ਆਮ ਸੁਣੇ ਜਾਂਦੇ ਹਨ ਕਿ ਜੇ ਤੀਜਾ ਵਿਸ਼ਵ ਯੁੱਧ ਹੁੰਦਾ ਹੈ ਤਾਂ ਉਸ ਦਾ ਕਾਰਨ ਪਾਣੀ ਹੋਵੇਗਾ। ਉਨ੍ਹਾਂ ਦੀ ਅਜਿਹੀ ਸੋਚ ਨੂੰ ਉਦੋਂ ਹੋਰ ਬਲ ਮਿਲਦਾ ਹੈ ਜਦੋਂ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਟੈਂਕਰਾਂ ਰਾਹੀਂ ਪਹੁੰਚੇ ਪਾਣੀ ਦੀ ਵੰਡ ਵੇਲੇ ਲੋਕਾਂ ਨੂੰ ਇਕ-ਦੂਜੇ ਦੇ ਜੂੰਡੇ ਪੁੱਟਦੇ ਦੇਖਦੇ ਹਾਂ। ਪੰਜਾਬ ’ਚ ਵੀ ਜਦੋਂ ਨਹਿਰੀ ਪਾਣੀ ਹੀ ਸਿੰਚਾਈ ਦਾ ਮੁੱਖ ਸਾਧਨ ਹੁੰਦਾ ਸੀ ਉਦੋਂ ਖੇਤਾਂ ਵਿਚ ਪਾਣੀ ਦੀ ਵਾਰੀ ਪਿੱਛੇ ਕਤਲ ਹੋਣਾ ਆਮ ਗੱਲ ਹੋਇਆ ਕਰਦੀ ਸੀ। ਅੱਜ ਵੀ ਅਸੀਂ ਗੁਆਂਢੀ ਰਾਜਾਂ ਨਾਲ ਦਰਿਆਈ ਪਾਣੀਆਂ ਕਾਰਨ ਉਲਝੇ ਹੋਏ ਹਾਂ।

ਅੱਜ ਪੰਜ ਆਬਾਂ ਦੀ ਧਰਤੀ ਪੰਜਾਬ ਬੰਜਰ ਹੋਣ ਵੱਲ ਵਧ ਰਹੀ ਹੈ। ਨਿੱਤ ਦਿਨ ਡੂੰਘੇ ਹੋ ਰਹੇ ਧਰਤੀ ਹੇਠਲੇ ਪਾਣੀ ਨੂੰ ਕੱਢਣ ਲਈ ਓਨੇ ਹੀ ਡੂੰਘੇ ਬੋਰਾਂ ਦੀ ਲੋੜ ਪੈਂਦੀ ਹੈ। ਇਸ ਤਰ੍ਹਾਂ ਮੁੱਲ ਦਾ ਪਾਣੀ ਸਾਡੀ ਜੇਬ ’ਤੇ ਵੀ ਅਸਰਅੰਦਾਜ਼ ਹੁੰਦਾ ਹੈ। ਸਮਾਜ ਦੇ ਹਰ ਵਰਗ ਲਈ ਪਾਣੀ ਦੀ ਸੰਭਾਲ ਅੱਜ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਾਣੀ ਦੀ ਬੱਚਤ ਦਾ ਖ਼ਿਆਲ ਜ਼ਿਹਨ ਵਿਚ ਆਉਂਦਿਆਂ ਹੀ ਦੋ ਤਰ੍ਹਾਂ ਦੀ ਬੱਚਤ ਉੱਭਰ ਕੇ ਸਾਹਮਣੇ ਆਉਂਦੀ ਹੈ। ਪਹਿਲੀ, ਪਾਣੀ ਦੀ ਵਰਤੋਂ ਘੱਟ ਅਤੇ ਲੋੜ ਅਨੁਸਾਰ ਕਰ ਕੇ ਪਾਣੀ ਨੂੰ ਬਚਾਉਣਾ ਅਤੇ ਦੂਜਾ, ਪਾਣੀ ਨੂੰ ਹਰ ਰੋਜ਼ ਵਧ ਰਹੇ ਪ੍ਰਦੂਸ਼ਣ ਤੋਂ ਬਚਾਉਣਾ। ਦੇਸ਼-ਦੁਨੀਆ ਵਿਚ ਪਾਣੀ ਦੀ ਘਾਟ ਦੀ ਗੱਲ ਕਰਦਿਆਂ ਜਾਣਦੇ ਹਾਂ ਕਿ ਯੂਐੱਸਡੀਐੱਮ (ਯੂਐੱਸ ਡਰਾਫਟ ਮੈਨੇਜਮੈਂਟ) ਦੀ 8 ਮਾਰਚ 2022 ਦੀ ਇਕ ਰਿਪੋਰਟ ਅਨੁਸਾਰ ਕੁੱਲ ਦੁਨੀਆ ਦਾ 20% ਇਲਾਕਾ ਸੋਕੇ ਦੀ ਮਾਰ ਤੋਂ ਪ੍ਰਭਾਵਿਤ ਹੈ। ਭਾਰਤ ਦੀ ਕੁੱਲ ਆਬਾਦੀ ਦੁਨੀਆ ਦੀ ਆਬਾਦੀ ਦਾ 16 ਕੁ ਫ਼ੀਸਦੀ ਹਿੱਸਾ ਬਣਦੀ ਹੈ ਜਦਕਿ ਕੁੱਲ ਵਰਤੋਂਯੋਗ ਪਾਣੀ ਦਾ ਸਿਰਫ਼ 5% ਭਾਰਤ ਵਿਚ ਉਪਲਬਧ ਹੈ। ਭਾਰਤ ਦਾ 30% ਇਲਾਕਾ ਸੋਕੇ ਵਰਗੇ ਹਾਲਾਤ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ ਪ੍ਰਮੁੱਖ ਰਾਜਾਂ ਵਿਚ ਅਸੀਂ ਗੁਜਰਾਤ, ਓਡੀਸ਼ਾ, ਮੱਧ ਪ੍ਰਦੇਸ਼ ਦੇ ਕੁਝ ਹਿੱਸੇ, ਛੱਤੀਸਗੜ੍ਹ, ਰਾਜਸਥਾਨ, ਉੱਤਰ ਪ੍ਰਦੇਸ਼ ਦਾ ਉੱਤਰ-ਪੂਰਬੀ ਭਾਗ, ਹਰਿਆਣਾ, ਪੰਜਾਬ, ਜੰਮੂ-ਕਸ਼ਮੀਰ ਅਤੇ ਉੱਤਰ-ਪੂਰਬੀ ਰਾਜਾਂ ਨੂੰ ਸ਼ਾਮਲ ਕਰ ਸਕਦੇ ਹਾਂ। ਨੀਤੀ ਆਯੋਗ ਦੀ ਰਿਪੋਰਟ ਅਨੁਸਾਰ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਇੱਕੀ ਵੱਡੇ ਸ਼ਹਿਰਾਂ ਵਿਚ ਬੰਗਲੌਰ, ਚੇਨਈ ਸਮੇਤ ਦੇਸ਼ ਦੀ ਰਾਜਧਾਨੀ ਦਿੱਲੀ ਵੀ ਸ਼ਾਮਲ ਹੈ। ਲਗਪਗ 200000 ਲੋਕ ਹਰ ਸਾਲ ਸ਼ੁੱਧ ਪੀਣ ਵਾਲੇ ਪਾਣੀ ਦੀ ਥੁੜੋਂ ਮਰ ਜਾਂਦੇ ਹਨ। ਸੰਨ 2050 ਤਕ ਭਾਰਤ ਵਿਚ ਪਾਣੀ ਦੀ ਸਪਲਾਈ ਉਸ ਦੀ ਮੰਗ ਦੇ ਬਰਾਬਰ ਨਹੀਂ ਰਹੇਗੀ।

ਅਜਿਹੇ ਵਿਚ ਪਾਣੀ ਦੀ ਥੁੜ੍ਹ ਸਥਾਨਕ ਦੰਗਿਆਂ ਦਾ ਕਾਰਨ ਬਣ ਸਕਦੀ ਹੈ। ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ 13 ਜ਼ਿਲ੍ਹਿਆਂ ਵਿਚ ਫੈਲਿਆ ਹੋਇਆ ਬੁੰਦੇਲਖੰਡ ਖੇਤਰ ਸਾਡੇ ਦੇਸ਼ ਦਾ ਪਾਣੀ ਦੀ ਕਿੱਲਤ ਪੱਖੋਂ ਸਭ ਤੋਂ ਵੱਧ ਪ੍ਰਭਾਵਿਤ ਇਲਾਕਾ ਹੈ। ਪੰਜਾਬ ਵਿਚ ਘਟਦੇ ਪਾਣੀ ਦੇ ਮਾਮਲੇ ’ਚ 80% ਇਲਾਕਾ ਡਾਰਕ ਜ਼ੋਨ ਵਿਚ ਆਉਂਦਾ ਹੈ ਅਤੇ ਸੰਗਰੂਰ ਜ਼ਿਲ੍ਹੇ ਦੇ ਲਗਪਗ ਸਾਰੇ ਹੀ ਬਲਾਕ ਡਾਰਕ ਜ਼ੋਨ ਵਿਚ ਆਉਂਦੇ ਹਨ। ਸੰਨ 1961 ਵਿਚ ਪੰਜਾਬ ਵਿਚ 7445 ਟਿਊਬਵੈੱਲ ਸਨ ਜੋ 2021 ਵਿਚ ਵਧ ਕੇ 15 ਲੱਖ ਨੂੰ ਜਾ ਢੁੱਕੇ ਹਨ। ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਵੀ ਮਾੜੀ ਹਾਲਤ ਲਈ ਜ਼ਿੰਮੇਵਾਰ ਹੈ। ਕਈ ਖੇਤਰਾਂ ਵਿਚ ਪਾਣੀ ਦੀ ਡੂੰਘਾਈ ਪੰਜ ਸੌ ਫੁੱਟ ਤਕ ਵੀ ਜਾ ਪੁੱਜੀ ਹੈ। ਇਕ ਅਨੁਮਾਨ ਅਨੁਸਾਰ ਇਕ ਕਿੱਲੋ ਚਾਵਲ ਪੈਦਾ ਕਰਨ ਲਈ 2497 ਲੀਟਰ ਪਾਣੀ ਦੀ ਲੋੜ ਪੈਂਦੀ ਹੈ। ਪਿਛਲੀ ਸਦੀ ਦੇ ਸੱਤਰਵਿਆਂ ਦੌਰਾਨ ਦੇਸ਼ ਭੁੱਖਮਰੀ ਦੇ ਕਗਾਰ ’ਤੇ ਖੜ੍ਹਾ ਸੀ। ਅੰਨ ਦੀ ਸਮੱਸਿਆ ਦਾ ਹੱਲ ਤਾਂ ਦੇਸ਼ ਨੇ ਹਰੀ ਕ੍ਰਾਂਤੀ ਲਿਆ ਕੇ ਕਰ ਲਿਆ ਪਰ ਪੰਜਾਬ ਨੂੰ ਇਹ ਸੌਦਾ ਬਹੁਤ ਮਹਿੰਗਾ ਪਿਆ ਅਤੇ ਅੱਜ ਵੀ ਪੈ ਰਿਹਾ ਹੈ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਘਟਦੇ ਰੂਪ ਵਿਚ। ਸੰਨ 2021 ਦੇ ਸਰਕਾਰੀ ਅੰਕੜੇ ਦੱਸਦੇ ਹਨ ਕਿ ਧਰਤੀ ਹੇਠੋਂ ਖਿੱਚੇ ਜਾਣ ਵਾਲੇ ਪਾਣੀ ਦਾ ਵੱਡਾ ਹਿੱਸਾ (90% ਤੋਂ ਜ਼ਿਆਦਾ) ਖੇਤੀਬਾੜੀ ਦੀ ਸਿੰਚਾਈ ਲਈ ਵਰਤਿਆ ਜਾਂਦਾ ਹੈ। ਬਾਕੀ ’ਚੋਂ 24 ਬਿਲੀਅਨ ਕਿਊਬਿਕ ਮੀਟਰ ਪਾਣੀ ਦੇਸ਼ ਦੀਆਂ 85% ਪੀਣ ਵਾਲੇ ਪਾਣੀ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਖੇਤੀ ਵਿਭਿੰਨਤਾ ਅਪਣਾ ਕੇ ਘੱਟ ਪਾਣੀ ਪੀਣ ਵਾਲੀਆਂ ਫ਼ਸਲਾਂ ਜਿਵੇਂ ਦਾਲਾਂ ਅਤੇ ਤੇਲ ਦੇ ਬੀਜਾਂ ਵਰਗੀਆਂ ਨੂੰ ਪਹਿਲ ਦਿੱਤੀ ਜਾਵੇ। ਸਰਕਾਰ ਨੂੰ ਚਾਹੀਦਾ ਹੈ ਕਿ ਖੇਤੀ ਵਿਭਿੰਨਤਾ ਨੂੰ ਇਸ ਤਰੀਕੇ ਨਾਲ ਲਾਗੂ ਕਰੇ ਕਿ ਕਿਸਾਨ ਦੀ ਆਮਦਨ ਵੀ ਨਾ ਘਟੇ ਅਤੇ ਪਾਣੀ ਵੀ ਬਚੇ। ਹਰ ਫੈਕਟਰੀ ਦੀ ਪਾਣੀ ਦੀ ਵਰਤੋਂ ’ਤੇ ਨਿਗ੍ਹਾ ਰੱਖੀ ਜਾਵੇ।

ਹਰੇਕ ਕਾਰਖਾਨੇ ਲਈ ਕਾਨੂੰਨਨ ਜ਼ਰੂਰੀ ਹੋਵੇ ਕਿ ਉਹ ਪਾਣੀ ਨੂੰ ਮੁੜ ਵਰਤੋਂ ਵਿਚ ਲਿਆਉਣ ਲਈ ਵਾਟਰ ਰੀਸਾਈਕਲਿੰਗ ਪਲਾਂਟ ਲਾਵੇ। ਸਰਕਾਰੀ ਪੱਧਰ ’ਤੇ ਮੀਂਹ ਦੇ ਪਾਣੀ ਨੂੰ ਸੰਭਾਲਣ ਦੀ ਲੋੜ ਹੈ। ਮਹਾਰਾਸ਼ਟਰ, ਤੇਲੰਗਾਨਾ ਜਿਹੇ ਕਈ ਰਾਜਾਂ ਵਿਚ ਤਾਂ ਇਹ ਪਾਣੀ ਵੱਡੀਆਂ-ਵੱਡੀਆਂ ਝੀਲਾਂ ਵਿਚ ਸੰਭਾਲਿਆ ਜਾ ਰਿਹਾ ਹੈ ਅਤੇ ਹੋਰ ਕਈ ਸੂਬਿਆਂ ਵਿਚ ਇਹ ਅਜਾਈਂ ਹੀ ਜਾ ਰਿਹਾ ਹੈ। ਜੂਨ-ਜੁਲਾਈ ਦੌਰਾਨ ਚਾਰੇ ਪਾਸੇ ਤਬਾਹੀ ਦਾ ਮੰਜ਼ਰ ਹੁੰਦਾ ਹੈ। ਉਨ੍ਹਾਂ ਦਿਨਾਂ ਵਿਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਰਕਰਾਰ ਰੱਖਣ ਲਈ, ਮੀਂਹ ਦੇ ਪਾਣੀ ਦੀ ਸੰਭਾਲ ਕਰ ਕੇ, ਆਧੁਨਿਕ ਤਕਨੀਕ (ਰੇਨ ਵਾਟਰ ਹਾਰਵੈਸਟਿੰਗ) ਰਾਹੀਂ ਰਿਚਾਰਜ ਕੀਤਾ ਜਾ ਸਕਦਾ ਹੈ। ਪੰਜਾਬ ਦਾ ਪਾਣੀ ਘਟ ਹੀ ਨਹੀਂ ਰਿਹਾ ਸਗੋਂ ਬੁਰੀ ਤਰ੍ਹਾਂ ਪ੍ਰਦੂਸ਼ਿਤ ਵੀ ਹੋ ਰਿਹਾ ਹੈ ਜੋ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਫੈਲਾਉਣ ਲਈ ਜ਼ਿੰਮੇਵਾਰ ਬਣਦਾ ਹੈ। ਕੁੱਲ 12433 ਪਿੰਡਾਂ ਵਿੱਚੋਂ 11849 ਦਾ ਪਾਣੀ ਦੂਸ਼ਿਤ ਪਾਇਆ ਗਿਆ ਹੈ। ਫੈਕਟਰੀਆਂ ਦਾ ਰਸਾਇਣ ਯੁਕਤ ਪਾਣੀ ਜਾਂ ਤਾਂ ਧਰਤੀ ਹੇਠ ਭੇਜਿਆ ਜਾ ਰਿਹਾ ਹੈ ਜਾਂ ਨਦੀਆਂ-ਨਾਲਿਆਂ, ਨਹਿਰਾਂ ਵਿਚ ਰੋੜ੍ਹਿਆ ਜਾ ਰਿਹਾ ਹੈ। ਕੀਟ ਨਾਸ਼ਕਾਂ, ਰੇਹਾਂ-ਸਪਰੇਆਂ ਦੀ ਬੇਥਾਹ ਵਰਤੋਂ ਵੀ ਪਾਣੀ ਨੂੰ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹੈ। ਲੋੜ ਹੈ ਫੈਕਟਰੀਆਂ ’ਤੇ ਕਾਂ ਅੱਖ ਰੱਖਣ ਦੀ।

ਪਾਣੀ ਨੂੰ ਕਿਸੇ ਵੀ ਤਰੀਕੇ ਪ੍ਰਦੂਸ਼ਿਤ ਕਰਨ ਵਾਲੀਆਂ ਫੈਕਟਰੀਆਂ ਦਾ ਜੇ ਲਾਇਸੈਂਸ ਵੀ ਰੱਦ ਕਰਨਾ ਪਵੇ ਤਾਂ ਗੁਰੇਜ਼ ਨਾ ਕੀਤਾ ਜਾਵੇ। ਪਾਣੀ ਦੀ ਵਰਤੋਂ ਕਰਨ ਵਾਲੇ ਹਰੇਕ ਕਾਰਖਾਨੇ ’ਚ ਵਾਟਰ ਟਰੀਟਮੈਂਟ ਪਲਾਂਟ ਲੱਗਣਾ ਯਕੀਨੀ ਬਣਾਇਆ ਜਾਵੇ। ਕਿਸਾਨਾਂ ਨੂੰ ਦਵਾਈਆਂ ਤੇ ਕੀਟ ਨਾਸ਼ਕਾਂ ਦੀ ਘੱਟ ਤੋਂ ਘੱਟ ਵਰਤੋਂ ਲਈ ਪ੍ਰੇਰਿਤ ਕੀਤਾ ਜਾਵੇ। ਉਪਰੋਕਤ ਤੋਂ ਇਲਾਵਾ ਸਾਡੇ ਦਰਿਆਈ ਪਾਣੀਆਂ ਉੱਪਰ ਗੁਆਂਢੀ ਰਾਜਾਂ ਦੀ ਵੀ ਅੱਖ ਹੈ। ਸਾਡਾ ਦੇਸ਼ ਸੰਘਾਤਮਕ ਦੇਸ਼ ਹੈ। ਵੱਖ-ਵੱਖ ਰਾਜਾਂ ਦੀਆਂ ਪਾਣੀ ਦੀਆਂ ਲੋੜਾਂ ਵੱਖ-ਵੱਖ ਹਨ। ਪਾਣੀ ਦੀਆਂ ਇਕਸਾਰ ਲੋੜਾਂ ਵਾਲੇ ਰਾਜਾਂ ਦਾ ਇਕ ਖਿੱਤਾ ਬਣਾ ਲਿਆ ਜਾਵੇ। ਹਰੇਕ ਰਾਜ ਵਿਚ ਪਾਣੀ ਦੇ ਸਾਰੇ ਸਰੋਤਾਂ ਜਿਵੇਂ ਮੀਂਹ ਦਾ ਪਾਣੀ, ਦਰਿਆਈ ਪਾਣੀ ਅਤੇ ਧਰਤੀ ਹੇਠ ਉਪਲਬਧ ਪਾਣੀ ਦੀ ਮਾਤਰਾ ਦਾ ਉਸ ਰਾਜ ਦੀ ਪਾਣੀ ਦੀ ਲੋੜ ਨਾਲ ਅਨੁਪਾਤ ਤਿਆਰ ਕਰ ਲਿਆ ਜਾਵੇ। ਇਸ ਗਣਨਾ ਪਿੱਛੋਂ ਹੀ ਵਾਧੂ-ਘਾਟੂ ਪਾਣੀ ਤੈਅ ਕੀਤਾ ਜਾਵੇ। ਇਹ ਕੰਮ ਕੇਂਦਰ ਦੀ ਨਿਗਰਾਨੀ ਹੇਠ ਨਿਰਪੱਖ ਵਿਗਿਆਨੀਆਂ ਦੀ ਇਕ ਕਮੇਟੀ ਕੋਲੋਂ ਕਰਵਾਇਆ ਜਾਵੇ। ਸਿਆਸੀ ਲੋਕਾਂ ਨੂੰ ਅਜਿਹੀ ਕਮੇਟੀ ਤੋਂ ਦੂਰ ਰੱਖਿਆ ਜਾਵੇ ਕਿਉਂਕਿ ਮੌਜੂਦਾ ਹਾਲਾਤ ’ਚ ਸਿਆਸਤਦਾਨਾਂ ਤੋਂ ਨਿਰਪੱਖਤਾ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਸਾਰਿਆਂ ਕੰਮਾਂ ਲਈ ਪਾਣੀ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ। ਪਾਣੀ ਅਜਾਈਂ ਨਹੀਂ ਡੁੱਲ੍ਹਦੇ ਰਹਿਣ ਦੇਣਾ ਚਾਹੀਦਾ। ਪਸ਼ੂਆਂ ਨੂੰ ਨਹਾਉਂਦੇ ਵਕਤ, ਵਿਹੜੇ ਧੋਂਦੇ ਸਮੇਂ ਤੇ ਖ਼ਾਸ ਤੌਰ ’ਤੇ ਗੱਡੀਆਂ ਧੋਂਦੇ ਹੋਏ ਪਾਣੀ ਸਰਫ਼ੇ ਨਾਲ ਵਰਤਿਆ ਜਾਣਾ ਚਾਹੀਦਾ ਹੈ। ਆਰਓ ’ਚੋਂ ਨਿਕਲਦੇ ਪਾਣੀ ਤੇ ਇਸੇ ਤਰ੍ਹਾਂ ਏਸੀ ’ਚੋਂ ਨਿਕਲ ਰਹੇ ਪਾਣੀ ਨੂੰ ਭਾਂਡੇ ਮਾਂਜਣ, ਕੱਪੜੇ ਧੋਣ ਅਤੇ ਪਸ਼ੂਆਂ ਨੂੰ ਨਹਾਉਣ ਲਈ ਵਰਤੋਂ ’ਚ ਲਿਆਂਦਾ ਜਾ ਸਕਦਾ ਹੈ। ਇੰਜ ਪਾਣੀ ਬਚਾ ਕੇ ਧਰਤੀ ਹੇਠੋਂ ਪਾਣੀ ਖਿੱਚਣ ਲਈ ਵਰਤੀ ਜਾਣ ਵਾਲੀ ਊਰਜਾ ਦੀ ਬੱਚਤ ਵੀ ਕੀਤੀ ਜਾ ਸਕੇਗੀ।

ਸੋਸ਼ਲ ਫਾਰੈਸਟਰੀ ਸਕੀਮ ਤਹਿਤ ਵੱਧ ਤੋਂ ਵੱਧ ਪੌਦੇ ਲਗਾਏ ਜਾਣੇ ਚਾਹੀਦੇ ਹਨ। ਸੜਕਾਂ ਦੇ ਕਿਨਾਰਿਆਂ, ਨਹਿਰਾਂ, ਸੂਇਆਂ, ਨਾਲਿਆਂ ਦੇ ਅਤੇ ਰੇਲਵੇ ਲਾਈਨਾਂ ਦੇ ਦੋਵੇਂ ਪਾਸੇ ਖ਼ਾਲੀ ਪਈ ਜਗ੍ਹਾ, ਸਰਕਾਰੀ ਦਫ਼ਤਰਾਂ ਦੇ ਲਾਅਨਾਂ ਤੇ ਖ਼ਾਲੀ ਪਈਆਂ ਸਰਕਾਰੀ ਜ਼ਮੀਨਾਂ ਨੂੰ ਇਸ ਮੰਤਵ ਲਈ ਵਰਤਿਆ ਜਾ ਸਕਦਾ ਹੈ। ਸਾਡੀ ਇਸ ਕੋਸ਼ਿਸ਼ ਨਾਲ ਹਰਿਆਲੀ ਵੀ ਵਧੇਗੀ ਤੇ ਪ੍ਰਦੂਸ਼ਣ ਘਟੇਗਾ। ਜ਼ਮੀਨ ਦੀ ਜਰਖੇਜ਼ ਸ਼ਕਤੀ ਵੀ ਬਰਕਰਾਰ ਰਹੇਗੀ ਅਤੇ ਮੀਂਹ ਪਵਾਉਣ ਲਈ ਸਹਾਈ ਹੋਵੇਗੀ।

ਡਾਰਕ ਜ਼ੋਨਾਂ ਵਿਚ ਨਵੇਂ ਟਿਊਬਵੈੱਲ ਲਗਾਉਣ ’ਤੇ ਪੂਰਨ ਪਾਬੰਦੀ ਲਗਾਈ ਜਾਵੇ। ਧਰਤੀ ਹੇਠਲੇ ਪਾਣੀ ’ਤੇ ਨਿਰਭਰਤਾ ਘਟਾ ਕੇ ਦਰਿਆਵਾਂ ਅਤੇ ਵਰਖਾ ਦੇ ਪਾਣੀ ਉੱਤੇ ਨਿਰਭਰਤਾ ਵਧਾਈ ਜਾਣੀ ਚਾਹੀਦੀ ਹੈ। ਪਾਣੀ ਦੀ ਉਪਯੋਗਤਾ ਦੇ ਮੱਦੇਨਜ਼ਰ ਅੱਜ ਲੋੜ ਹੈ ਪਾਣੀ ਦੀ ਬਰਬਾਦੀ ਰੋਕ ਕੇ ਇਸ ਦਾ ਸਦਉਪਯੋਗ ਯਕੀਨੀ ਬਣਾਉਣ ਦੀ। ਸਾਲ ਵਿਚ ਇਕ ਦਿਨ 22 ਮਾਰਚ ਨੂੰ ਵਿਸ਼ਵ ਜਲ ਦਿਵਸ ਮਨਾ ਕੇ ਹੀ ਨਹੀਂ ਛੱਡ ਦੇਣਾ ਚਾਹੀਦਾ।

ਜੇ ਅੱਜ ਅਸੀਂ ਪਾਣੀ ਦੀ ਦੁਰਵਰਤੋਂ ਨੂੰ ਨਾ ਰੋਕਿਆ ਤਾਂ ਜਦੋਂ ਸਾਡੀ ਅਗਲੀ ਪੀੜ੍ਹੀ ਪਾਣੀ ਦੀ ਇਕ-ਇਕ ਬੂੰਦ ਨੂੰ ਤਰਸੇਗੀ ਤਾਂ ਯਾਦ ਰੱਖਣਾ, ਉਹ ਸਾਨੂੰ ਮੜ੍ਹੀਆਂ ’ਚ ਪਿਆਂ ਨੂੰ ਵੀ ਕੋਸੇਗੀ।

# ਕੈਨੇਡਾ ਸਰਹੱਦ ’ਤੇ ਮਰਨ ਵਾਲੇ ਅੱਠ ਪਰਵਾਸੀਆਂ ’ਚੋਂ ਤਿੰਨ ਗੁਜਰਾਤੀ



ਟਰਾਂਟੋ- ਕੈਨੇਡਾ ਸਰਹੱਦ ’ਤੇ ਨਾਜਾਇਜ਼ ਰੂਪ ਨਾਲ ਅਮਰੀਕਾ ਵਿਚ ਦਾਖ਼ਲ ਹੋਣ ਦੌਰਾਨ ਡੁੱਬਣ ਨਾਲ ਮਰਨ ਵਾਲੇ ਅੱਠ ਲੋਕਾਂ ਵਿਚੋਂ ਚਾਰ ਭਾਰਤੀ ਹਨ। ਪੁਲਿਸ ਦਾ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਤਿੰਨ ਇਕ ਹੀ ਪਰਿਵਾਰ ਤੋਂ ਹਨ ਅਤੇ ਉਹ ਗੁਜਰਾਤ ਦੇ ਰਹਿਣ ਵਾਲੇ ਹਨ। ਇਨ੍ਹਾਂ ਵਿਚੋਂ ਇਕ 50 ਸਾਲਾ ਬਜ਼ੁਰਗ, ਇਕ ਔਰਤ ਅਤੇ ਇਕ 20 ਸਾਲਾ ਨੌਜਵਾਨ ਵੀ ਸ਼ਾਮਲ ਹੈ। ਚੌਥੇ ਭਾਰਤੀ ਸ਼ਖ਼ਸ ਦੀ ਹਾਲੇ ਪਛਾਣ ਨਹੀਂ ਹੋ ਸਕੀ ਹੈ। ਚਾਰ ਹੋਰ ਲਾਸ਼ਾਂ ਰੋਮਾਨੀਆ ਨਾਲ ਜੁੜੇ ਇਕ ਪਰਿਵਾਰ ਦੇ ਮੈਂਬਰਾਂ ਦੀਆਂ ਹਨ, ਜਿਸ ਵਿਚ ਦੋ ਬੱਚੇ ਵੀ ਸ਼ਾਮਲ ਹਨ। ਇਨ੍ਹਾਂ ਵਿਚੋਂ ਦੋ ਦੀ ਪਛਾਣ ਹੋ ਗਈ ਹੈ। ਇਕ ਦੀ ਪਛਾਣ 28 ਸਾਲਾ ਫਲੋਰਿਨ ਇਓਡਾਰਚੇ ਦੇ ਰੂਪ ਵਿਚ ਹੋਈ ਹੈ। ਇਸ ਕੋਲੋਂ ਕੈਨੇਡੀਅਨ ਪਾਸਪੋਰਟ ਮਿਲਿਆ ਹੈ। ਉਸ ਦੀ ਪਤਨੀ ਦੀ ਪਛਾਣ ਕ੍ਰਿਸਟੀਨਾ ਦੇ ਰੂਪ ਵਿਚ ਹੋਈ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਸਰਹੱਦ ’ਤੇ ਲਾਰੈਂਸ ਨਦੀ ਦੇ ਕੰਢ ’ਤੇ ਸ਼ੁੱਕਰਵਾਰ ਨੂੰ ਅੱਠ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਸਨ। ਗੁਜਰਾਤ ਦੇ ਮਹਿਸਾਣਾ ਵਿਚ ਰਹਿਣ ਵਾਲੇ ਇਕ ਪਰਿਵਾਰ ਨੇ ਕੈਨੇਡਾ ਸਰਹੱਦ ’ਤੇ ਮਿਲਣ ਵਾਲੇ ਮ੍ਰਿਤਕਾਂ ਦੇ ਰਿਸ਼ਤੇਦਾਰ ਹੋਣ ਦਾ ਦਾਅਵਾ ਕੀਤਾ ਹੈ। ਨਾਲ ਹੀ ਭਾਰਤੀ ਅਧਿਕਾਰੀਆਂ ਨੂੰ ਲਾਸ਼ਾਂ ਪਿੰਡ ਲਿਆਉਣ ਵਿਚ ਮਦਦ ਕਰਨ ਦੀ ਅਪੀਲ ਕੀਤੀ ਹੈ। ਜਾਸੂਭਾਈ ਚੌਧਰੀ ਨੇ ਕਿਹਾ ਕਿ ਭਰਾ, ਭਾਬੀ ਅਤੇ ਉਨ੍ਹਾਂ ਦੇ ਦੋ ਬੱਚੇ ਦੋ ਮਹੀਨੇ ਪਹਿਲਾਂ ਵਿਜ਼ਟਰ ਵੀਜ਼ੇ ’ਤੇ ਕੈਨੇਡਾ ਗਏ ਸਨ। ਉਨ੍ਹਾਂ ਨੇ ਕੈਨੇਡਾ ਜਾਣ ਵਾਲਿਆਂ ਦੇ ਨਾਂ 50 ਸਾਲਾ ਪ੍ਰਵੀਣ ਚੌਧਰੀ, 45 ਸਾਲਾ ਦੀਕਸ਼ਾ, 20 ਸਾਲਾ ਮੀਤ ਅਤੇ 24 ਸਾਲਾ ਵਿਧੀ ਦੱਸੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਰਹਿਣ ਵਾਲੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਵ੍ਹਟਸਐਪ ਗਰੁੱਪ ’ਤੇ ਮਰਨ ਵਾਲਿਆਂ ਵਿਚ ਉਨ੍ਹਾਂ ਦੇ ਭਰਾ ਤੇ ਹੋਰ ਤਿੰਨਾਂ ਦੇ ਨਾਂ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਮਿਲੀ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC California Tax Education Council Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com





# ਭਾਰ ਘਟਾਉਣਾ ਹੈ ਤਾਂ ਸਵੇਰ ਦੀ ਸ਼ੁਰੂਆਤ ਇਨ੍ਹਾਂ ਖਾਸ ਪਦਾਰਥਾਂ ਨਾਲ ਕਰ

ਜਦੋਂ ਭਾਰ ਘਟਾਉਣ ਦੀ ਗੱਲ ਆਉਂਦੀ ਹੈ, ਤਾਂ ਸਾਡੇ ਮੈਟਾਬੋਲਿਜ਼ਮ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ। ਜੇਕਰ ਤੁਹਾਡਾ ਮੈਟਾਬੋਲਿਜ਼ਮ ਚੰਗਾ ਜਾਂ ਤੇਜ਼ ਹੈ, ਤਾਂ ਕੈਲੋਰੀ ਨੂੰ ਘੱਟ ਕਰਨਾ ਤੁਹਾਡੇ ਲਈ ਬਹੁਤਾ ਔਖਾ ਨਹੀਂ ਹੋਵੇਗਾ। ਦੂਜੇ ਪਾਸੇ ਜੇਕਰ ਤੁਹਾਡਾ ਮੈਟਾਬੋਲਿਜ਼ਮ ਕਮਜ਼ੋਰ ਹੈ ਤਾਂ ਤੁਹਾਨੂੰ ਕਸਰਤ ਦੇ ਬਾਵਜੂਦ ਕੈਲੋਰੀ ਘੱਟ ਕਰਨ ਲਈ ਕਾਫੀ ਸੰਘਰਸ਼ ਕਰਨਾ ਪਵੇਗਾ।

ਮੈਟਾਬੋਲਿਜ਼ਮ ਇੱਕ ਪ੍ਰਕਿਰਿਆ ਹੈ ਜਿਸ ਵਿੱਚ ਸਾਡਾ ਸਰੀਰ ਭੋਜਨ ਅਤੇ ਪੀਣ ਨੂੰ ਊਰਜਾ ਵਿੱਚ ਬਦਲਦਾ ਹੈ। ਇਹ ਜਿੰਨਾ ਬਿਹਤਰ ਹੋਵੇਗਾ, ਤੁਹਾਡੇ



ਲਈ ਚਰਬੀ ਨੂੰ ਕੱਟਣਾ ਆਸਾਨ ਹੋਵੇਗਾ। ਮੈਟਾਬੋਲਿਜ਼ਮ ਨੂੰ ਵਧਾਉਣ ਲਈ, ਤੁਸੀਂ ਕਸਰਤ ਦੇ ਨਾਲ-ਨਾਲ ਖੁਰਾਕ ਅਤੇ ਆਪਣੀ ਨੀਂਦ 'ਤੇ ਧਿਆਨ ਦੇ ਸਕਦੇ ਹੋ। ਇਸ ਨਾਲ ਤੁਸੀਂ ਜੋ ਵੀ ਖਾਓਗੇ, ਉਹ ਜਲਦੀ ਪਚ ਜਾਵੇਗਾ। ਮੈਟਾਬੋਲਿਜ਼ਮ ਨੂੰ ਤੇਜ਼ ਅਤੇ ਸਿਹਤਮੰਦ ਬਣਾਉਣ ਦਾ ਸਭ ਤੋਂ ਵਧੀਆ ਅਤੇ ਆਸਾਨ ਤਰੀਕਾ ਹੈ ਸਵੇਰ ਦੀ ਸ਼ੁਰੂਆਤ ਇਨ੍ਹਾਂ ਖਾਸ ਡਰਿੰਕਸ ਨਾਲ ਕਰੋ।

**ਅਜਵਾਇਣ ਡੀਟੌਕਸ ਵਾਟਰ-** ਇੱਕ ਚੱਮਚ ਅਜਵਾਇਣ ਨੂੰ ਇੱਕ ਗਲਾਸ ਪਾਣੀ ਵਿੱਚ ਰਾਤ ਭਰ ਭਿਓ ਦਿਓ। ਦੂਜੇ ਦਿਨ ਇਸ ਨੂੰ ਉਬਾਲੋ ਅਤੇ ਛਾਣ ਕੇ ਪੀਓ। ਜੇਕਰ ਤੁਸੀਂ ਚਾਹੋ ਤਾਂ ਸੁਆਦ ਲਈ ਨਿੰਬੂ ਦਾ ਰਸ ਅਤੇ ਦਾਲਚੀਨੀ ਵੀ ਮਿਲਾ ਸਕਦੇ ਹੋ।

**ਪੁਦੀਨੇ ਦੀ ਹਰੀ ਚਾਹ-** ਇੱਕ ਕੱਪ ਵਿੱਚ ਗਰਮ ਪਾਣੀ ਪਾਓ ਅਤੇ ਇਸ ਵਿੱਚ ਗ੍ਰੀਨ-ਟੀ ਬੈਗ ਪਾਓ। ਹੁਣ ਇਸ ਨੂੰ ਇੱਕ ਮਿੰਟ ਲਈ ਛੱਡ ਦਿਓ। ਹੁਣ ਟੀ-ਬੈਗ ਨੂੰ ਕੱਢ ਕੇ ਇਸ 'ਚ ਪੁਦੀਨੇ ਦੀਆਂ ਪੱਤੀਆਂ, ਨਿੰਬੂ ਦਾ ਰਸ ਅਤੇ ਸ਼ਹਿਦ ਮਿਲਾਓ।

**ਚੀਆ ਅਤੇ ਨਿੰਬੂ ਪਾਣੀ-** ਚਿਆ ਦੇ ਬੀਜਾਂ ਨੂੰ ਇੱਕ ਕੱਪ ਪਾਣੀ ਵਿੱਚ ਇੱਕ ਤੋਂ ਦੋ ਘੰਟੇ ਲਈ ਭਿਓ ਦਿਓ। ਕੁਝ ਦੇਰ ਬਾਅਦ ਚਿਆ ਦੇ ਬੀਜ ਨੂੰ ਗਿਲਾਸ 'ਚ ਕੱਢ ਲਓ, ਉਸ 'ਚ ਨਿੰਬੂ ਦਾ ਰਸ ਮਿਲਾ ਲਓ ਅਤੇ ਅੱਧਾ ਚਮਚ ਸ਼ਹਿਦ ਮਿਲਾ ਕੇ ਪੀਓ।

**ਜੀਰਾ ਅਤੇ ਦਾਲਚੀਨੀ ਦਾ ਪਾਣੀ-** ਇੱਕ ਗਲਾਸ ਪਾਣੀ ਦੇ ਨਾਲ ਇੱਕ ਭਾਂਡੇ ਵਿੱਚ 4 ਚਮਚ ਜੀਰਾ ਅਤੇ ਦਾਲਚੀਨੀ ਦੇ ਦੋ ਡੰਡੇ ਪਾਓ। ਹੁਣ ਪਾਣੀ ਨੂੰ ਗਰਮ ਹੋਣ ਦਿਓ ਤਾਂ ਕਿ ਇਸ ਵਿਚ ਮਸਾਲੇ ਦੇ ਅਰਕ ਮਿਲ ਜਾਣ। ਹੁਣ ਪਾਣੀ ਨੂੰ ਛਾਣ ਕੇ ਨਿੰਬੂ ਦਾ ਰਸ ਮਿਲਾ ਕੇ ਪੀਓ।

**ਨਿੰਬੂ ਅਤੇ ਅਦਰਕ ਦਾ ਪਾਣੀ-** ਅਦਰਕ ਨੂੰ ਕੱਟ ਕੇ ਛੋਟੇ ਟੁਕੜਿਆਂ ਵਿੱਚ ਕੱਟ ਲਓ। ਹੁਣ ਇਸ ਨੂੰ ਪਾਣੀ ਨਾਲ ਬਲੈਂਡਰ 'ਚ ਪਾ ਕੇ ਪੀਸ ਲਓ। ਫਿਰ ਇਸ ਨੂੰ ਗਿਲਾਸ 'ਚ ਕੱਢ ਲਓ। ਹੁਣ ਇਸ 'ਚ ਨਿੰਬੂ ਦਾ ਰਸ ਅਤੇ ਭੁੰਨਿਆ ਹੋਇਆ ਜੀਰਾ ਪਾਊਡਰ ਮਿਲਾਓ। ਚੰਗੀ ਤਰ੍ਹਾਂ ਮਿਲਾਓ ਅਤੇ ਪੀਓ।

# ਪੰਜ ਤੱਤਾਂ ਦਾ ਸੰਤੁਲਨ ਸਰੀਰ ਨੂੰ ਰੱਖ ਸਕਦਾ ਹੈ ਸਿਹਤਮੰਦ

ਜੇਕਰ ਤੁਸੀਂ ਸਿਹਤਮੰਦ ਰਹਿਣਾ ਚਾਹੁੰਦੇ ਹੋ ਤਾਂ ਤੁਹਾਨੂੰ ਵਿਗਿਆਨ ਨੂੰ ਵੀ ਜਾਣਨਾ ਹੋਵੇਗਾ। ਸਾਡਾ ਸਰੀਰ ਪੰਜ ਤੱਤਾਂ ਦਾ ਬਣਿਆ ਹੈ ਅਤੇ ਪੰਜ ਤੱਤਾਂ ਦਾ ਸੰਤੁਲਨ ਸਰੀਰ ਨੂੰ ਤੰਦਰੁਸਤ ਰੱਖ ਸਕਦਾ ਹੈ। ਇਨ੍ਹਾਂ ਪੰਜ ਤੱਤਾਂ ਨੂੰ ਸੰਤੁਲਿਤ ਕਰਨ ਲਈ ਨੈਚਰੋਪੈਥੀ ਨੂੰ ਅਪਨਾਉਣਾ ਜ਼ਰੂਰੀ ਹੈ। ਦਰਅਸਲ, ਕੁਦਰਤ ਦੁਆਰਾ ਇਲਾਜ ਦੀ ਵਿਧੀ ਨੂੰ ਨੈਚਰੋਪੈਥੀ ਕਿਹਾ ਜਾਂਦਾ ਹੈ। ਕੁਦਰਤ ਨੇ ਸਾਨੂੰ ਆਕਾਸ਼ (ਵਰਤ), ਵਾਯੂ (ਸਾਹ, ਕਸਰਤ), ਅਗਨੀ (ਸੂਰਜ, ਰੰਗ, ਭਾਫ਼), ਜਲ (ਪੀਣਾ ਪਾਣੀ ਅਤੇ ਪਾਣੀ ਨਾਲ ਸਬੰਧਤ ਹੋਰ ਕਿਰਿਆਵਾਂ) ਅਤੇ ਪ੍ਰਿਥਵੀ (ਮਿੱਟੀ ਦੀ ਵਰਤੋਂ) ਦਿੱਤੇ ਹਨ, ਜਿਨ੍ਹਾਂ ਰਾਹੀਂ ਅਸੀਂ ਸਿਹਤਮੰਦ ਰਹਿ ਸਕਦੇ ਹਾਂ।



ਨੈਚਰੋਪੈਥੀ ਡਾ: ਆਖਰੀ ਕੁਮਾਰ ਜੈਨ ਦੱਸਦੇ ਹਨ ਕਿ ਨੈਚਰੋਪੈਥੀ ਵਿੱਚ ਸਰੀਰ ਵਿੱਚ ਮੌਜੂਦ ਪੰਜ ਤੱਤ ਇਨ੍ਹਾਂ ਪੰਜ ਤੱਤਾਂ ਰਾਹੀਂ ਸੰਤੁਲਿਤ ਹੁੰਦੇ ਹਨ। ਇਹ ਮੈਡੀਕਲ ਵਿਧੀ ਸਰੀਰ ਨੂੰ ਤੰਦਰੁਸਤ ਰੱਖਣ ਦੇ ਸਿਧਾਂਤ 'ਤੇ ਕੰਮ ਕਰਦੀ ਹੈ। ਨੈਚਰੋਪੈਥੀ ਦੇ ਸਿਧਾਂਤਾਂ ਅਨੁਸਾਰ ਤੰਦਰੁਸਤ ਰਹਿਣ ਲਈ ਹਫ਼ਤੇ ਵਿੱਚ ਇੱਕ ਵਾਰ ਵਰਤ ਰੱਖਣਾ ਚਾਹੀਦਾ ਹੈ। ਇਸ ਵਰਤ ਵਿੱਚ ਸਿਰਫ਼ ਮੌਸਮੀ ਅਤੇ ਸਥਾਨਕ ਫਲਾਂ ਦਾ ਸੇਵਨ ਕਰਨਾ ਚਾਹੀਦਾ ਹੈ ਅਤੇ ਭਰਪੂਰ ਮਾਤਰਾ ਵਿੱਚ ਪਾਣੀ ਪੀਣਾ ਚਾਹੀਦਾ ਹੈ। ਇਸ ਨਾਲ ਸਰੀਰ ਨੂੰ ਜ਼ਰੂਰੀ ਪੋਸ਼ਕ ਤੱਤ ਵੀ ਮਿਲਣਗੇ ਅਤੇ ਪਾਣੀ ਦੀ ਕਮੀ ਵੀ ਨਹੀਂ ਹੋਵੇਗੀ।

ਦਿਨ ਵਿਚ ਘੱਟੋ-ਘੱਟ 15 ਤੋਂ 20 ਮਿੰਟ ਧੁੱਪ ਵਿਚ ਜ਼ਰੂਰ ਬੈਠੋ। ਇਸ ਨਾਲ ਵਿਟਾਮਿਨ ਡੀ ਦੀ ਕਮੀ ਨਹੀਂ ਹੋਵੇਗੀ। ਆਮ ਦਿਨਾਂ ਵਿਚ ਵੀ ਖੁਰਾਕ ਵਿਚ ਜ਼ਿਆਦਾ ਪੁੰਗਰਦੇ ਅਨਾਜ, ਸਥਾਨਕ ਅਤੇ ਮੌਸਮੀ ਫਲ ਅਤੇ ਸਬਜ਼ੀਆਂ ਦਾ ਸੇਵਨ ਕਰੋ। ਇਨ੍ਹਾਂ ਨੂੰ ਕੱਚਾ ਹੀ ਖਾਣ ਦੀ ਕੋਸ਼ਿਸ਼ ਕਰੋ। ਜੇਕਰ ਤੁਹਾਨੂੰ ਖਾਣਾ ਬਣਾਉਣਾ ਵੀ ਪਵੇ ਤਾਂ ਵੀ ਜ਼ਿਆਦਾ ਨਾ ਪਕਾਓ।

* ਮਿਰਚਾਂ, ਮਸਾਲਿਆਂ ਤੋਂ ਇਲਾਵਾ, ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ, ਚੀਨੀ, ਨਮਕ ਅਤੇ ਰਿਫਾਇੰਡ ਆਟਾ ਵਰਗੇ ਕੁਝ ਚਿੱਟੇ ਭੋਜਨਾਂ ਦੇ ਸੇਵਨ ਤੋਂ ਪਰਹੇਜ਼ ਕਰੋ।
* ਪਾਚਨ ਤੰਤਰ ਨੂੰ ਠੀਕ ਰੱਖਣ ਲਈ ਰੋਜ਼ਾਨਾ 10 ਤੋਂ 12 ਗਲਾਸ ਪਾਣੀ ਪੀਓ।
* ਸਲਾਦ ਦੇ ਰੂਪ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ ਖਾਓ ਅਤੇ ਖਾਲੀ ਪੇਟ ਆਂਵਲੇ ਦਾ ਜੂਸ ਪੀਓ।
* ਸਵੇਰੇ ਜਲਦੀ ਉੱਠ ਕੇ ਕਸਰਤ ਕਰੋ ਅਤੇ ਦੇਰ ਰਾਤ ਤੱਕ ਜਾਗਦੇ ਨਾ ਰਹੋ।
* ਸੂਰਜ ਡੁੱਬਣ ਤੋਂ ਪਹਿਲਾਂ ਖਾਣਾ ਖਾਣ ਦੀ ਕੋਸ਼ਿਸ਼ ਕਰੋ, ਤਾਂ ਜੋ ਭੋਜਨ ਠੀਕ ਤਰ੍ਹਾਂ ਪਚ ਜਾਵੇ।

# ਗਰਮੀਆਂ ਦੀ ਖੁਰਾਕ 'ਚ ਜ਼ਰੂਰ ਸ਼ਾਮਲ ਕਰੋ ਤਰ (ਕੱਕੜੀ)

ਗਰਮੀਆਂ ਦਾ ਮੌਸਮ ਸ਼ੁਰੂ ਹੁੰਦੇ ਹੀ ਲੋਕ ਆਪਣੀ ਸਿਹਤ ਦਾ ਖਾਸ ਖਿਆਲ ਰੱਖਣਾ ਸ਼ੁਰੂ ਕਰ ਦਿੰਦੇ ਹਨ। ਇਸ ਮੌਸਮ 'ਚ ਲੋਕ ਆਪਣੀ ਡਾਈਟ 'ਚ ਅਜਿਹੀਆਂ ਚੀਜ਼ਾਂ ਨੂੰ ਸ਼ਾਮਲ ਕਰਦੇ ਹਨ, ਜੋ ਨਾ ਸਿਰਫ ਉਨ੍ਹਾਂ ਦੇ ਸਰੀਰ ਨੂੰ ਠੰਡਾ ਰੱਖਦੇ ਹਨ, ਸਗੋਂ ਡੀਹਾਈਡ੍ਰੇਸ਼ਨ ਤੋਂ ਵੀ ਬਚਾਉਂਦੇ ਹਨ। ਜੇਕਰ ਤੁਸੀਂ ਵੀ ਆਪਣੀ ਡਾਈਟ ਲਈ ਅਜਿਹੀ ਹੀ ਕੋਈ ਚੀਜ਼ ਲੱਭ ਰਹੇ ਹੋ, ਤਾਂ ਤਰ ਇੱਕ ਵਧੀਆ ਆਪਸ਼ਨ ਹੋਵੇਗਾ। ਪਾਣੀ ਨਾਲ ਭਰਪੂਰ ਤਰ 'ਚ ਵਿਟ-ਾਮਿਨ ਏ, ਸੀ, ਕੇ, ਪੋਟਾਸ਼ੀਅਮ, ਫਾਈਬਰ ਵਰਗੇ ਕਈ ਪੋਸ਼ਕ ਤੱਤ ਪਾਏ ਜਾਂਦੇ ਹਨ।

**ਭਾਰ ਘਟਾਉਣ ਵਿੱਚ ਮਦਦਗਾਰ**

ਜੇਕਰ ਤੁਸੀਂ ਆਸਾਨ ਤਰੀਕੇ ਨਾਲ ਭਾਰ ਘਟਾਉਣਾ ਚਾਹੁੰਦੇ ਹੋ ਤਾਂ ਇਸ ਦੇ ਲਈ ਖੀਰੇ ਦਾ ਸੇਵਨ ਜ਼ਰੂਰ ਕਰੋ। ਇਸ ਵਿੱਚ ਬਹੁਤ ਘੱਟ ਕੈਲੋਰੀ ਪਾਈ ਜਾਂਦੀ ਹੈ। ਨਾਲ ਹੀ, ਇਸ ਵਿੱਚ ਮੌਜੂਦ ਫਾਈਬਰ ਤੁਹਾਡੇ ਪੇਟ ਨੂੰ ਲੰਬੇ ਸਮੇਂ ਤੱਕ ਭਰਿਆ ਰੱਖਦਾ ਹੈ, ਜਿਸ ਕਾਰਨ ਤੁਹਾਨੂੰ ਭੁੱਖ ਨਹੀਂ ਲੱਗਦੀ ਅਤੇ ਤੁਸੀਂ ਜ਼ਿਆਦਾ ਖਾਣ ਤੋਂ ਬਚਦੇ ਹੋ।

**ਕੋਲੈਸਟ੍ਰੋਲ ਨੂੰ ਕੰਟਰੋਲ**

ਤਰ ਖਾਣ ਨਾਲ ਤੁਹਾਡੇ ਕੋਲੈਸਟ੍ਰਾਲ ਦਾ ਪੱਧਰ ਵੀ ਕੰਟਰੋਲ 'ਚ ਰਹਿੰਦਾ ਹੈ। ਦਰਅਸਲ, ਇਸ ਵਿੱਚ ਮੌਜੂਦ ਸਟੀਰੋਲ ਨਾਮਕ ਤੱਤ ਸਰੀਰ ਵਿੱਚ ਕੋਲੈਸਟ੍ਰੋਲ ਦੇ ਸਹੀ ਪੱਧਰ ਨੂੰ ਬਣਾਏ ਰੱਖਣ ਵਿੱਚ ਮਦਦ ਕਰਦਾ ਹੈ।

**ਬਲੱਡ ਪ੍ਰੈਸ਼ਰ ਦੀ ਸਮੱਸਿਆ 'ਚ ਅਸਰਦਾਰ**



ਜੇਕਰ ਤੁਸੀਂ ਬਲੱਡ ਪ੍ਰੈਸ਼ਰ ਦੀ ਸਮੱਸਿਆ ਤੋਂ ਪਰੇਸ਼ਾਨ ਹੋ ਤਾਂ ਤਰ ਤੁਹਾਡੇ ਲਈ ਬਹੁਤ ਫਾਇਦੇਮੰਦ ਹੋ ਸਕਦਾ ਹੈ। ਇਸ ਨੂੰ ਖਾਣ ਨਾਲ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਕਾਫੀ ਮਦਦ ਮਿਲਦੀ ਹੈ। ਇਸ 'ਚ ਵੱਡੀ ਮਾਤਰਾ 'ਚ ਪੋਟਾਸ਼ੀਅਮ ਪਾਇਆ ਜਾਂਦਾ ਹੈ, ਜੋ ਬਲੱਡ ਪ੍ਰੈਸ਼ਰ ਨੂੰ ਨਾਰਮਲ ਰੱਖਣ 'ਚ ਬਹੁਤ ਮਦਦਗਾਰ ਹੁੰਦਾ ਹੈ।

**ਕਿਡਨੀ ਨੂੰ ਸਿਹਤਮੰਦ ਰੱਖੇ**

ਤਰ 'ਚ ਭਰਪੂਰ ਮਾਤਰਾ 'ਚ ਪਾਇਆ ਜਾਣ ਵਾਲਾ ਪਾਣੀ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਪੋਟਾਸ਼ੀਅਮ ਦੇ ਨਾਲ, ਇਹ ਯੂਰਿਕ ਐਸਿਡ ਅਤੇ ਸਰੀਰ ਦੇ ਸਾਰੇ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ, ਜਿਸ ਨਾਲ ਕਿਡਨੀ ਸਿਹਤਮੰਦ ਰਹਿੰਦੀ ਹੈ ਅਤੇ ਪੱਥਰੀ ਵਰਗੀਆਂ ਸਮੱਸਿਆਵਾਂ ਨਹੀਂ ਹੁੰਦੀਆਂ।

**ਚਮੜੀ ਲਈ ਗੁਣਕਾਰੀ**

ਖੀਰਾ ਨਾ ਸਿਰਫ ਸਾਡੀ ਸਿਹਤ ਲਈ ਫਾਇਦੇਮੰਦ ਹੁੰਦਾ ਹੈ ਸਗੋਂ ਸਾਡੀ ਚਮੜੀ ਅਤੇ ਵਾਲਾਂ ਲਈ ਵੀ ਫਾਇਦੇਮੰਦ ਹੁੰਦਾ ਹੈ। ਜੇਕਰ ਤੁਸੀਂ ਆਪਣੀ ਡਾਈਟ 'ਚ ਤਰ ਨੂੰ ਸ਼ਾਮਲ ਕਰਦੇ ਹੋ, ਤਾਂ ਰੋਜ਼ਾਨਾ ਇਸ ਨੂੰ ਖਾਣ ਨਾਲ ਤੁਹਾਡੇ ਵਾਲਾਂ ਦਾ ਵਿਕਾਸ ਹੁੰਦਾ ਹੈ। ਇਸ ਦੇ ਨਾਲ ਹੀ ਇਸ ਦਾ ਜੂਸ ਪੀਣ ਨਾਲ ਚਮੜੀ 'ਤੇ ਦਾਗ-ਧੱਬੇ ਦੂਰ ਹੋ ਜਾਂਦੇ ਹਨ, ਜਿਸ ਨਾਲ ਚਮੜੀ ਚਮਕਦਾਰ ਬਣ ਜਾਂਦੀ ਹੈ।

**ਕਬਜ਼ ਦੀ ਸਮੱਸਿਆ ਵਿੱਚ ਫਾਇਦੇਮੰਦ**

ਤਰ ਨੂੰ ਨਿਯਮਿਤ ਰੂਪ ਨਾਲ ਖਾਣ ਨਾਲ ਕਬਜ਼ ਦੀ ਸਮੱਸਿਆ ਤੋਂ ਛੁਟਕਾਰਾ ਮਿਲਦਾ ਹੈ। ਇਸ ਤੋਂ ਇਲਾਵਾ ਇਸ ਦਾ ਸੇਵਨ ਕਰਨ ਨਾਲ ਪੇਟ ਦੀਆਂ ਸਮੱਸਿਆਵਾਂ ਜਿਵੇਂ ਗੈਸ ਅਤੇ ਬਦਹਜ਼ਮੀ ਤੋਂ ਵੀ ਰਾਹਤ ਮਿਲਦੀ ਹੈ।

# ਕੀ ਰੋਟੀ ਨੂੰ ਸਿੱਧੀ ਅੱਗ 'ਤੇ ਪਕਾਉਣਾ ਸਿਹਤ ਨੂੰ ਨੁਕਸਾਨਦੇਹ ਹੈ

ਰੋਟੀ ਜਾਂ ਚਪਾਤੀ ਭਾਰਤੀ ਭੋਜਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜੋ ਕਿ ਲਗਭਗ ਸਾਰੇ ਭੋਜਨਾਂ ਵਿੱਚ ਖਾਧੀ ਜਾਂਦੀ ਹੈ। ਰੋਟੀ ਨੂੰ ਆਮ ਤੌਰ 'ਤੇ ਥੋੜ੍ਹੇ ਸਮੇਂ ਲਈ ਗਰਿੱਲ 'ਤੇ ਪਕਾਇਆ ਜਾਂਦਾ ਹੈ ਅਤੇ ਫਿਰ ਸਟੋਵ ਦੀ ਅੱਗ 'ਤੇ ਸਿੱਧੇ ਚਿਮਟੇ ਦੀ ਮਦਦ ਨਾਲ ਪੂਰੀ ਤਰ੍ਹਾਂ ਪਕਾਇਆ ਜਾਂਦਾ ਹੈ। ਕੁਝ ਖੋਜਾਂ ਹਨ ਜੋ ਸੁਝਾਅ ਦਿੰਦੀਆਂ ਹਨ ਕਿ ਉੱਚ-ਤਾਪ ਖਾਣਾ ਪਕਾਉਣ ਨਾਲ ਹੈਟਰੋਸਾਈਕਲਿਕ ਅਮੀਨ (ਛਓਸ) ਅਤੇ ਪੌਲੀਸਾਈਕਲਿਕ ਐਰੋਮੈਟਿਕ ਹਾਈਡਰੋਕਾਰਬਨ (ਫਓਸ) ਪੈਦਾ ਹੋ ਸਕਦੇ ਹਨ, ਜੋ ਕਿ ਕਾਰਸੀਨੋਜਨ ਵਜੋਂ ਜਾਣੇ ਜਾਂਦੇ ਹਨ। ਆਓ ਜਾਣਦੇ ਹਾਂ ਕਿ ਰੋਟੀ ਪਕਾਉਣ ਦੇ ਇਸ ਤਰੀਕੇ ਬਾਰੇ ਨਵੀਂ ਖੋਜ ਕੀ ਕਹਿੰਦੀ ਹੈ।

ਜਰਨਲ ਆਫ਼ ਐਨਵਾਇਰਮੈਂਟਲ ਸਾਇੰਸ ਐਂਡ ਟੈਕਨਾਲੋਜੀ ਵਿੱਚ ਪ੍ਰਕਾਸ਼ਿਤ ਨਵੀਂ ਖੋਜ ਦੇ ਅਨੁਸਾਰ, ਕੁਦਰਤੀ ਗੈਸ ਸਟੋਵ ਅਤੇ ਕੁਦਰਤੀ ਗੈਸ ਸਟੋਵ ਕਾਰਬਨ ਮੋਨੋਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਕਣਾਂ ਦਾ ਨਿਕਾਸ ਕਰਦੇ ਹਨ, ਜਿਸ ਨੂੰ ਸਿਹਤ ਲਈ ਸੁਰੱਖਿਅਤ ਨਹੀਂ ਮੰਨਦਾ। ਇਹ ਸਾਰੇ ਪ੍ਰਦੂਸ਼ਕ ਸਾਹ ਅਤੇ ਦਿਲ ਨਾਲ ਸਬੰਧਤ ਬਿਮਾਰੀਆਂ ਦੇ ਨਾਲ-ਨਾਲ ਕਈ ਤਰ੍ਹਾਂ ਦੇ ਕੈਂਸਰ ਲਈ ਵੀ ਜ਼ਿੰਮੇਵਾਰ ਹਨ। ਇੰਨਾ ਹੀ ਨਹੀਂ, ਜਰਨਲ ਆਫ ਨਿਊਟ੍ਰੀਸ਼ਨ ਐਂਡ



ਕੈਂਸਰ 'ਚ ਪ੍ਰਕਾਸ਼ਿਤ ਇਕ ਹੋਰ ਅਧਿਐਨ ਦੱਸਦਾ ਹੈ ਕਿ ਤੇਜ਼ ਗਰਮੀ 'ਤੇ ਖਾਣਾ ਬਣਾਉਣ ਨਾਲ ਕਾਰਸੀਨੋਜਨ ਪੈਦਾ ਹੁੰਦੇ ਹਨ। ਇਸ ਲਈ ਸਾਨੂੰ ਸਿੱਧੇ ਗੈਸ ਦੀ ਲਾਟ 'ਤੇ ਚਪਾਤੀ ਪਕਾਉਣ ਬਾਰੇ ਸੋਚਣਾ ਹੋਵੇਗਾ।

**ਪੈਨ ਰੋਟੀ-** ਰੋਟੀ ਪਕਾਉਂਦੇ ਸਮੇਂ ਕਈ ਲੋਕ ਗਰਿੱਲ 'ਤੇ ਰੱਖੀ ਰੋਟੀ ਨੂੰ ਕੱਪੜੇ ਨਾਲ ਦਬਾਉਂਦੇ ਹਨ, ਜਿਸ ਕਾਰਨ ਰੋਟੀ ਚਾਰੇ ਪਾਸਿਓਂ ਪਕ ਜਾਂਦੀ ਹੈ ਅਤੇ ਇਸ ਨੂੰ ਗੈਸ ਦੀ ਅੱਗ 'ਤੇ ਸਿੱਧੀ ਨਹੀਂ ਰੱਖਣੀ ਪੈਂਦੀ। ਹਾਲਾਂਕਿ, ਚਿਮਟਾ ਦੇ ਆਗਮਨ ਤੋਂ ਬਾਅਦ, ਲੋਕ ਅੱਧੀ ਰੋਟੀ ਨੂੰ ਗਰੇਲ 'ਤੇ ਪਕਾਉਂਦੇ ਹਨ ਅਤੇ ਬਾਕੀ ਨੂੰ ਸਿੱਧੀ ਅੱਗ 'ਤੇ ਭੁੰਨਦੇ ਹਨ। ਇਸ ਨਾਲ ਰੋਟੀ ਵੀ ਜਲਦੀ ਬਣ ਜਾਂਦੀ ਹੈ।

ਫੂਡ ਸਟੈਂਡਰਡ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਮੁੱਖ ਵਿਗਿਆਨੀ ਡਾ. ਪਾਲ ਬ੍ਰੈਂਟ ਦੁਆਰਾ 2011 ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਜਦੋਂ ਰੋਟੀ ਗੈਸ ਦੀ ਲਾਟ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਇਹ ਐਕਰੀਲਾਮਾਈਡ ਨਾਮਕ ਇੱਕ ਰਸਾਇਣ ਪੈਦਾ ਕਰਦੀ ਹੈ, ਜੋ ਕਿ ਖਾਣਾ ਪਕਾਉਣ ਦੀ ਪ੍ਰਕਿਰਿਆ ਲਈ ਜ਼ਿੰਮੇਵਾਰ ਹੈ, ਜਦੋਂ ਇਹ ਪੈਦਾ ਹੁੰਦੀ ਹੈ। ਸ਼ੂਗਰ ਅਤੇ ਕੁਝ ਅਮੀਨੋ ਐਸਿਡ ਇਕੱਠੇ ਗਰਮ ਕੀਤੇ ਜਾਂਦੇ ਹਨ। ਹਾਲਾਂਕਿ, ਇਹ ਰਿਪੋਰਟ ਸੜੇ ਹੋਏ ਟੋਸਟ 'ਤੇ ਅਧਾਰਤ ਸੀ ਪਰ ਕਣਕ ਦੇ ਆਟੇ ਵਿਚ ਕੁਦਰਤੀ ਸ਼ੂਗਰ ਅਤੇ ਪ੍ਰੋਟੀਨ ਦਾ ਕੁਝ ਪੱਧਰ ਵੀ ਹੁੰਦਾ ਹੈ, ਜੋ ਗਰਮ ਕਰਨ 'ਤੇ ਕਾਰਸੀਨੋਜਨਿਕ ਰਸਾਇਣ ਪੈਦਾ ਕਰਦਾ ਹੈ, ਜਿਸ ਦਾ ਸੇਵਨ ਕਰਨਾ ਸਿਹਤ ਲਈ ਸੁਰੱਖਿਅਤ ਨਹੀਂ ਹੈ।

**ਰੋਟੀ ਨੂੰ ਸਿੱਧੀ ਅੱਗ 'ਤੇ ਨਹੀਂ ਪਕਾਉਣਾ ਚਾਹੀਦਾ**

ਜੇ ਅਸੀਂ ਤਾਜ਼ਾ ਖੋਜ 'ਤੇ ਨਜ਼ਰ ਮਾਰੀਏ ਤਾਂ ਚਪਾਤੀਆਂ ਨੂੰ ਸਿੱਧੀ ਅੱਗ 'ਤੇ ਪਕਾ ਕੇ ਖਾਣਾ ਸੁਰੱਖਿਅਤ ਨਹੀਂ ਮੰਨਿਆ ਜਾਂਦਾ ਹੈ। ਹਾਲਾਂਕਿ, ਇਸ ਦੇ ਖ਼ਤਰਿਆਂ ਨੂੰ ਡੂੰਘਾਈ ਵਿੱਚ ਜਾਣਨ ਲਈ ਕੁਝ ਹੋਰ ਅਧਿਐਨਾਂ ਦੀ ਲੋੜ ਹੈ।


# ਸਿਨੇਮਾ ਪ੍ਰੇਮੀਆਂ ਲਈ ਮੀਨਾ ਕੁਮਾਰੀ ਦਾ ਯੋਗਦਾਨ



ਗੱਲ ਜੁਲਾਈ 1972 ਦੀ ਹੈ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਭਾਰਤ ਆਏ ਸਨ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਨਾਲ ਸ਼ਿਮਲਾ ਵਿੱਚ ਉਨ੍ਹਾਂ ਦੀ ਅਹਿਮ ਗੱਲਬਾਤ ਚੱਲ ਰਹੀ ਸੀ। ਬੇਨਜ਼ੀਰ ਭੁੱਟੋ, ਜੋ ਉਸ ਵੇਲੇ ਲਗਭਗ 19 ਸਾਲਾਂ ਦੇ ਸਨ ਤੇ ਉਹ ਵੀ ਆਪਣੇ ਪਿਤਾ ਨਾਲ ਭਾਰਤ ਆਏ ਸਨ। ਅਚਾਨਕ ਉਨ੍ਹਾਂ ਨੇ ਫਿਲਮ ਪਾਕੀਜ਼ਾ ਦੇਖਣ ਦੀ ਇੱਛਾ ਜ਼ਾਹਰ ਕਰ ਦਿੱਤੀ। ਇਸ ਬੈਠਕ ਤੋਂ ਕੁਝ ਮਹੀਨੇ ਪਹਿਲਾਂ ਹੀ, 4 ਫਰਵਰੀ 1972 ਨੂੰ ਪਾਕੀਜ਼ਾ ਫਿਲਮ ਪਰਦੇ 'ਤੇ ਆਈ ਸੀ।

ਸਾਬਕਾ ਆਈਏਐੱਸ ਅਧਿਕਾਰੀ ਐੱਮਕੇ ਕੌ ਨੇ ਆਪਣੀ ਕਿਤਾਬ 'ਐਨ ਆਊਟਸਾਈਡਰ ਐਵਰੀਵੇਰ' ਵਿੱਚ ਲਿਖਿਆ ਹੈ, "ਮੈਂ ਤੁਰੰਤ ਸ਼ਿਮਲਾ ਦੇ ਡਿਪਟੀ ਕਮਿਸ਼ਨਰ ਨਾਲ ਗੱਲ ਕੀਤੀ। ਬੇਨਜ਼ੀਰ ਲਈ ਰਿਟਜ਼ ਸਿਨੇਮਾ ਵਿੱਚ ਇੱਕ ਵਿਸ਼ੇਸ਼ ਸ਼ੋਅ ਦਾ ਆਯੋਜਨ ਕੀਤਾ ਗਿਆ। ਹਾਲ ਵਿੱਚ ਸਿਰਫ਼ ਤਿੰਨ ਲੋਕ ਸਨ।" ਇਹ ਛੋਟਾ ਜਿਹਾ ਕਿੱਸਾ ਦੱਸਦਾ ਹੈ ਕਿ 50 ਸਾਲ ਪਹਿਲਾਂ 4 ਫਰਵਰੀ 1972 ਨੂੰ ਰਿਲੀਜ਼ ਹੋਈ ਕਮਾਲ ਅਮਰੋਹੀ ਅਤੇ ਮੀਨਾ ਕੁਮਾਰੀ ਦੀ ਫਿਲਮ 'ਪਾਕੀਜ਼ਾ' ਦਾ ਜਾਦੂ ਕਿਹੋ ਜਿਹਾ ਸੀ।

ਫਿਲਮ ਦੇ ਇੱਕ ਦ੍ਰਿਸ਼ ਤੋਂ ਇਸ ਜਾਦੂਈ ਫਿਲਮ ਦੀ ਰੂਹ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। "ਕਲ ਹਮ ਏਕ ਮੁਜਰੇ ਮੇਂ ਜਾ ਰਹੇ ਹੈਂ।।ਏਕ ਦਿਨ ਕੇ ਲਿਏ ਤੁਮਹਾਰੀ ਤਕਦੀਰ ਹਮੇਂ ਚਾਹੀਏ, ਪਰਸੋਂ ਲੌਟਾ ਦੇਂਗੇ।" ਫਿਲਮ ਵਿੱਚ, ਸਾਹਮਣੇ ਵਾਲੇ ਕੋਠੇ ਦੇ ਛੱਜੇ ਤੋਂ ਜਦੋਂ ਉਹ ਤਵਾਇਫ਼ ਮੀਨਾ ਕੁਮਾਰੀ ਭਾਵ ਸਾਹਿਬਜਾਨ ਨੂੰ ਇਹ ਅਲਫਾਜ਼ ਕਹਿੰਦੀ ਹੈ ਤਾਂ ਤੁਸੀਂ ਸਮਝ ਜਾਂਦੇ ਹੋ ਕਿ ਦੁਨੀਆ ਦੀਆਂ ਨਜ਼ਰਾਂ 'ਚ ਸਾਹਿਬਜਾਨ ਦੀ ਕਿਸਮਤ ਬੁਲੰਦੀਆਂ 'ਤੇ ਹੈ। ਪਰ ਕੋਠੇ 'ਤੇ ਬੈਠੀ ਸਾਹਿਬਜਾਨ (ਮੀਨਾ ਕੁਮਾਰੀ) ਅਜੀਬ ਜਿਹੀ ਉਦਾਸੀਨਤਾ ਨਾਲ ਜਵਾਬ ਦਿੰਦੀ ਹੈ, "ਹਾਂ ਹਾਂ ਜ਼ਰੂਰ ਲੇ ਜਾਨਾ (ਤਕਦੀਰ), ਫਿਰ ਚਾਹੇ ਵਾਪਿਸ ਭੀ ਮਤ ਕਰਨਾ।" ਫਿਲਮ ਪਾਕੀਜ਼ਾ 'ਚ ਸਾਹਿਬਜਾਨ ਬਣੀ ਮੀਨਾ ਕੁਮਾਰੀ ਦੇ ਇਹ ਅਲਫਾਜ਼ ਸਾਹਿਬ-ਜਾਨ ਦੀ ਜ਼ਿੰਦਗੀ, ਉਸ ਦੀਆਂ ਭਾਵਨਾਵਾਂ, ਕਸ਼ਮਕਸ਼ ਤੇ ਬੇਵਸੀ ਬਾਰੇ ਸਭ ਕੁਝ ਦੱਸ ਦਿੰਦੇ ਹਨ। ਜੇ ਧਿਆਨ ਨਾਲ ਵੇਖੀਏ ਤਾਂ ਪਾਕੀਜ਼ਾ ਦੀ ਕਹਾਣੀ ਕਈ ਵਾਰ ਕਹੀ ਜਾ ਚੁੱਕੀ ਹੈ। ਇੱਕ ਤਵਾਇਫ਼, ਇੱਕ 'ਸਤਿਕਾਰਯੋਗ' ਪਰਿਵਾਰ ਦਾ ਮੁੰਡਾ ਅਤੇ ਉਨ੍ਹਾਂ ਦੀ ਪ੍ਰੇਮ ਕਹਾਣੀ। ਕਹਾਣੀ ਸ਼ਾਇਦ ਬਹੁਤ ਵੱਖਰੀ ਨਹੀਂ ਹੈ, ਪਰ ਜਿਸ ਤਰੀਕੇ ਨਾਲ ਇਹ ਕਹਾਣੀ ਕਹੀ ਗਈ ਹੈ ਉਹੀ ਪਾਕੀਜ਼ਾ ਨੂੰ ਖਾਸ ਬਣਾਉਂਦਾ ਹੈ।



ਇਹ ਇੱਕ ਤਵਾਇਫ਼ ਸਾਹਿਬਜਾਨ (ਮੀਨਾ ਕੁਮਾਰੀ) ਅਤੇ ਸਲੀਮ (ਰਾਜ ਕੁਮਾਰ) ਦੀ ਦਾਸਤਾਨ ਹੈ - ਰਾਤ ਨੂੰ ਰੇਲ ਦੇ ਇੱਕ ਡੱਬੇ ਵਿੱਚ ਇਸ਼ਕ ਦੀ ਅਜਿਹੀ ਕਹਾਣੀ ਜਿੱਥੇ ਸਲੀਮ ਨੇ ਸਿਰਫ ਸਾਹਿਬਜਾਨ ਦੇ ਸੁੰਦਰ ਪੈਰ ਦੇਖੇ ਹਨ। ਅਤੇ ਸਾਹਿਬਜਾਨ ਨੇ ਸਿਰਫ ਕੁਝ ਅਲਫਾਜ਼ਾਂ ਵਾਲੀ ਉਹ ਚਿੱਠੀ ਪੜ੍ਹੀ ਹੈ, ਜਿਸ ਨੂੰ ਸਲੀਮ ਚੁੱਪ-ਚਾਪ ਉਸਦੇ ਲਈ ਛੱਡ ਗਿਆ ਹੈ - "ਆਪਕੇ ਪਾਂਵ ਦੇਖੇ, ਬਹੁਤ ਹਸੀਨ ਹੈਂ। ਇਨ੍ਹੇਂ ਜ਼ਮੀਨ ਪਰ ਮਤ ਉਤਾਰੀਏਗਾ, ਮੈਲੇ ਹੋ ਜਾਏਂਗੇ।" ਪਰ ਦੋ ਵਿਅਕਤੀਆਂ ਦੀ ਪ੍ਰੇਮ ਕਹਾਣੀ ਤੋਂ ਪਰੇ, ਅਸਲ ਵਿੱਚ ਇਹ ਸਾਹਿਬਜਾਨ ਦੇ ਸੰਘਰਸ਼, ਹਸਰਤ ਅਤੇ ਤੜਪ ਦੀ ਕਹਾਣੀ ਹੈ - ਤੜਪ ਕਿ ਉਹ ਜਿਹੋ ਜਿਹੀ ਵੀ ਹੈ, ਉਸ ਦਾ ਜੋ ਵੀ ਅਤੀਤ ਹੈ, ਕੀ ਸਮਾਜ ਉਸ ਨੂੰ ਉਸੇ ਹਾਲ 'ਚ ਸਵੀਕਾਰ ਕਰੇਗਾ ਜਾਂ ਠੁਕਰਾ ਦੇਵੇਗਾ? ਅਤੇ ਇਹੀ ਸਵਾਲ ਨਿਰਦੇਸ਼ਕ ਕਮਾਲ ਅਮਰੋਹੀ ਦੀ ਫਿਲਮ ਪਾਕੀਜ਼ਾ ਨੂੰ ਵੀ ਟਾਇਮਲੇਸ ਬਣਾ ਦਿੰਦਾ ਹੈ, ਕਿਉਂਕਿ ਪਾਕੀਜ਼ਾ ਇੱਕ ਅਜਿਹੀ ਮਨੁੱਖੀ ਭਾਵਨਾ ਨੂੰ ਛੂਹ ਜਾਂਦੀ ਹੈ ਜਿਸ ਨਾਲ ਇਨਸਾਨ ਕਦੇ ਨਾ ਕਦੇ ਜੂਝਦਾ ਹੀ ਹੈ - ਸਵੀਕਾਰੇ ਜਾਣ ਦਾ ਸਵਾਲ।

ਫਿਲਮ 'ਚ ਹਰ ਰਾਤ ਮੀਨਾ ਕੁਮਾਰੀ ਰੇਲਗੱਡੀ ਦੀ ਆਵਾਜ਼ ਸੁਣਦੀ ਹੈ ਅਤੇ ਉਸ ਅਣਜਾਣ ਵਿਅਕਤੀ ਨੂੰ ਯਾਦ ਕਰਦੇ ਹੋਏ ਕਹਿੰਦੀ ਹੈ - "ਹਰ ਰਾਤ ਤੀਨ ਬਜੇ ਏਕ ਰੇਲਗਾੜੀ ਅਪਨੀ ਪਟਰੀਯੋਂ ਸੇ ਉਤਰਕਰ ਮੇਰੇ ਦਿਲ ਸੇ ਗੁਜ਼ਰਤੀ ਹੈ। ਔਰ ਮੁਝੇ ਏਕ ਪੈਗਾਮ ਦੇ ਜਾਤੀ ਹੈ।" ਇੱਕ ਤਵਾਇਫ਼ ਦੀ ਇਹ ਤੜਪ ਉਸ ਗੁਮਨਾਮ ਵਿਅਕਤੀ ਲਈ ਹੈ ਜੋ ਉਸਦੇ ਪੈਰਾਂ ਦੇ ਨਾਂਅ ਇੱਕ ਹਸੀਨ ਪੈਗਾਮ ਲਿਖ ਗਿਆ ਹੈ। ਉਹ ਪੈਰ ਜੋ ਸਿਰਫ ਦੂਸਰਿਆਂ ਲਈ ਸ਼ਾਮਾਂ ਨੂੰ ਥਿਰਕਦੇ ਰਹੇ ਹਨ। ਪਰ ਕੋਠੇ 'ਚ ਰਹਿਣ ਵਾਲੀ ਸਾਹਿਬਜਾਨ (ਮੀਨਾ ਕੁਮਾਰੀ) ਦੀ ਸਹੇਲੀ ਉਸਨੂੰ ਹਕੀਕਤ ਦਾ ਅਹਿਸਾਸ ਕਰਵਾਉਂਦੀ ਹੈ- "ਯੇ ਪੈਗਾਮ ਤੇਰੇ ਲਿਏ ਨਹੀਂ ਹੈ। ਉਸ ਵਕਤ ਤੇਰੇ ਪੈਰੋਂ ਮੇਂ ਘੁੰਘਰੂ ਬੰਧੇ ਹੁਏ ਨਹੀਂ ਹੋਂਗੇ। ਅਗਰ ਘੁੰਗਰੂ ਬੰਧੇ ਹੁਏ ਹੋਤੇ ਤੋ ਕੈਸੇ ਕੋਈ ਕੈਹਤਾ ਕੇ ਇਨ ਪੈਰੋਂ ਕੋ ਜ਼ਮੀਂ ਪਰ ਮਤ ਰਖਨਾ। ਯੇ ਪੈਗਾਮ ਤੋ ਹੈ ਲੇਕਿਨ ਭਟਕ ਗਯਾ ਹੈ।" ਪਾਕੀਜ਼ਾ ਭਾਵਨਾਵਾਂ ਦੀ ਕਹਾਣੀ ਹੈ, ਤਵਾਇਫ਼ਾਂ ਅਤੇ ਕੋਠਿਆਂ ਦੀ ਕਹਾਣੀ ਹੈ, ਮੁਸਲਿਮ ਸਮਾਜ ਨੂੰ ਦਰਸਾਉਂਦੀ ਦਾਸਤਾਨ ਹੈ, ਪਰ ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਇਹ ਔਰਤ ਦੇ ਨਜ਼ਰੀਏ ਤੋਂ ਕਹੀ ਗਈ ਇੱਕ ਔਰਤ ਦੀ ਕਹਾਣੀ ਹੈ, ਜੋ ਆਮ ਤੌਰ 'ਤੇ ਘੱਟ ਹੀ ਦੇਖਣ ਨੂੰ ਮਿਲਦਾ ਹੈ।

ਉਂਝ ਤਾਂ ਪਾਕੀਜ਼ਾ ਵਿੱਚ ਰਾਜ ਕੁਮਾਰ, ਅਸ਼ੋਕ ਕੁਮਾਰ ਕਈ ਕਿਰਦਾਰ ਹਨ ਪਰ ਫ਼ਿਲਮ ਦੀ ਜਾਨ ਹਨ ਮੀਨਾ ਕੁਮਾਰੀ। ਆਪਣੀ ਅਦਾਕਾਰੀ ਨਾਲ ਮੀਨਾ ਕੁਮਾਰੀ ਨੇ ਇੱਕ ਔਰਤ ਦੇ ਸੁਪਨਿਆਂ ਅਤੇ ਤਵਾਇਫ਼ ਦੀ ਦੁਬਿਧਾ ਨੂੰ ਬੜੀ ਗੰਭੀਰਤਾ ਅਤੇ ਕੋਮਲਤਾ ਨਾਲ ਨਿਭਾਇਆ ਹੈ। ਦੁਨੀਆ ਲਈ ਸਾਹਿਬਜਾਨ ਕੋਠੇ 'ਤੇ ਬੈਠੀ ਸਿਰਫ ਇੱਕ ਤਵਾਇਫ਼ ਹੈ। ਫ਼ਿਲਮ ਵਿੱਚ ਮੀਨਾ ਕੁਮਾਰੀ ਦੀਆਂ ਅੱਖਾਂ ਦਾ ਉਹ ਦਰਦ ਸੱਚਾ ਜਾਪਦਾ ਹੈ ਜਦੋਂ ਟੁੱਟੀ ਹੋਈ ਸਾਹਿਬਜਾਨ ਕਹਿੰਦੀ ਹੈ - "ਯੇ ਹਮਾਰੇ ਕੋਠੇ, ਹਮਾਰੇ ਮਕਬਰੇ ਹੈਂ ਜਿਨ ਮੇਂ ਮੁਰਦਾ ਔਰਤੋਂ ਕੇ ਜ਼ਿੰਦਾ ਜਨਾਜ਼ੇ ਸਜਾ ਕਰ ਰੱਖ ਦਿਏ ਜਾਤੇ ਹੈਂ। ਹਮਾਰੀ ਕਬਰੇਂ ਪਾਟੀ ਨਹੀਂ ਜਾਤੀਂ, ਖੁਲੀ ਛੋੜ ਦੀ ਜਾਤੀ ਹੈਂ। ਮੈਂ ਐਸੀ ਹੀ ਕਿਸੀ ਖੁਲੀ ਹੁਈ ਕਬਰ ਕੀ ਬੇਸਬਰ ਲਾਸ਼ ਹੂੰ।" ਰਾਜ ਕੁਮਾਰ ਭਾਵ ਸਲੀਮ ਤੋਂ ਸੰਸਾਰ ਭਰ ਦੀ ਮੁਹੱਬਤ ਮਿਲਣ ਦੇ ਬਾਅਦ ਵੀ ਸਾਹਿਬਜਾਨ (ਮੀਨਾ ਕੁਮਾਰੀ) ਆਪਣੇ ਆਪ ਨੂੰ ਇਸ 'ਅਪਰਾਧ ਬੋਧ' ਤੋਂ ਮੁਕਤ ਨਹੀਂ ਕਰ ਪਾਉਂਦੀ ਕਿ ਉਹ ਆਖ਼ਰ ਹੈ ਤਾਂ ਇੱਕ ਤਵਾਇਫ਼ ਹੀ। ਜਾਂ ਕਹੀਏ ਕਿ ਸਮਾਜ ਉਸ ਨੂੰ ਇਹ ਗੱਲ ਕਦੇ ਭੁੱਲਣ ਹੀ ਨਹੀਂ ਦਿੰਦਾ। ਉਸ ਸਮੇਂ ਉਹ ਸਿਰਫ ਸਮਾਜ ਨਾਲ ਹੀ ਨਹੀਂ ਸਗੋਂ ਆਪਣੇ ਆਪ ਨਾਲ ਵੀ ਲੜ ਰਹੀ ਹੁੰਦੀ ਹੈ।

ਇਸ ਫ਼ਿਲਮ ਨੂੰ ਬਣਾਉਣਾ, ਮੀਨਾ ਕੁਮਾਰੀ ਅਤੇ ਕਮਾਲ ਅਮਰੋਹੀ ਦੋਵਾਂ ਲਈ ਹੀ ਆਸਾਨ ਨਹੀਂ ਸੀ। ਫ਼ਿਲਮ ਦੇ ਨਿਰਮਾਣ ਦੀ ਕਹਾਣੀ ਵੀ ਫ਼ਿਲਮ ਜਿੰਨੀ ਹੀ ਦਿਲਚਸਪ ਅਤੇ ਉਤਰਾਅ-ਚੜ੍ਹਾਅ ਵਾਲੀ ਹੈ। ਪਾਕੀਜ਼ਾ ਕਮਾਲ ਅਮਰੋਹੀ ਦਾ ਸ਼ਾਨਦਾਰ ਸੁਪਨਾ ਸੀ।

ਇਸ ਫ਼ਿਲਮ ਦੀ ਸ਼ੂਟਿੰਗ 1954-1955 ਦੇ ਨੇੜੇ-ਤੇੜੇ ਸ਼ੁਰੂ ਹੋਈ। ਮੀਨਾ ਕੁਮਾਰੀ ਅਤੇ ਕਮਾਲ ਅਮਰੋਹੀ ਦਾ ਇਸ਼ਕ ਸਿਖਰਾਂ 'ਤੇ ਸੀ ਅਤੇ ਦੋਵਾਂ ਦਾ ਨਿਕਾਹ ਵੀ ਹੋ ਚੁੱਕਿਆ ਸੀ। ਪਰ ਹੌਲੀ-ਹੌਲੀ ਮੀਨਾ ਕੁਮਾਰੀ ਅਤੇ ਕਮਾਲ ਅਮਰੋਹੀ ਵਿਚਾਲੇ ਦੂਰੀਆਂ ਵਧਣ ਲੱਗੀਆਂ ਅਤੇ 1964 ਤੋਂ ਬਾਅਦ ਦੋਵੇਂ ਵੱਖ-ਵੱਖ ਰਹਿਣ ਲੱਗ ਪਏ। ਦਮ ਤੋੜਦੇ ਰਿਸ਼ਤਿਆਂ ਦੀ ਧੂੜ ਫਿਲਮ 'ਤੇ ਜੰਮਣ ਲਗੀ ਅਤੇ ਫਿਲਮ ਦਾ ਕੰਮ ਪੂਰੀ ਤਰ੍ਹਾਂ ਬੰਦ ਹੋ ਗਿਆ। ਇਸ ਦੌਰਾਨ ਮੀਨਾ ਕੁਮਾਰੀ ਕਾਫੀ ਬਿਮਾਰ ਰਹਿਣ ਲੱਗੇ। ਫਿਲਮੀ ਦੁਨੀਆ ਦੇ ਸਿਖਰ 'ਤੇ ਬੈਠੀ ਮੀਨਾ ਨੂੰ ਸ਼ਰਾਬ ਦੀ ਲਤ ਲੱਗ ਗਈ। ਉਹ ਇਲਾਜ ਲਈ ਵਿਦੇਸ਼ ਚਲੇ ਗਏ। ਉਨ੍ਹਾਂ ਦੇ ਚਿਹਰੇ ਅਤੇ ਸਰੀਰ ਵਿੱਚ ਕਈ ਬਦਲਾਅ ਆ ਚੁੱਕੇ ਸਨ।

ਦਿਲਾਂ 'ਚ ਬੈਠੀ ਕਠੋਰਤਾ ਨੂੰ ਕੁਝ ਸਮੇਂ ਨੇ ਘੱਟ ਕਰ ਦਿੱਤਾ ਅਤੇ ਕੁਝ ਹਾਲਾਤਾਂ ਨੇ। ਸਭ ਕੁਝ ਇੱਕ ਪਾਸੇ ਰੱਖ ਕੇ ਮੀਨਾ ਕੁਮਾਰੀ ਅਤੇ ਕਮਾਲ ਅਮਰੋਹੀ ਨੇ 1968 'ਚ ਦੁਬਾਰਾ ਫ਼ਿਲਮ 'ਤੇ ਜੀ-ਜਾਨ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਫ਼ਿਲਮ ਪਾਕੀਜ਼ਾ ਦੇ ਗੀਤ ਅਤੇ ਮੁਜਰੇ ਇਸ ਫ਼ਿਲਮ ਦੀ ਰੂਹ ਹਨ। ਪਰ ਜਦੋਂ ਫ਼ਿਲਮ ਦੀ ਸ਼ੂਟਿੰਗ ਦੁਬਾਰਾ ਸ਼ੁਰੂ ਹੋਈ ਤਾਂ ਮੀਨਾ ਕੁਮਾਰੀ ਦੀ ਸਿਹਤ ਅਜਿਹੀ ਨਹੀਂ ਸੀ ਕਿ ਉਹ ਔਖੇ ਡਾਂਸ ਸਟੈਪ ਕਰ ਸਕਣ। ਇਸ ਲਈ ਫਿਲਮ 'ਚ ਕੁਝ ਖਾਸ ਥਾਵਾਂ 'ਤੇ ਬਾਡੀ ਡਬਲ ਦੀ ਵਰਤੋਂ ਕੀਤੀ ਗਈ ਹੈ। ਮੇਘਨਾਦ ਦੇਸਾਈ ਨੇ ਆਪਣੀ ਕਿਤਾਬ ਵਿੱਚ ਇਸ ਦਾ ਜ਼ਿਕਰ ਕੀਤਾ ਹੈ। ਪਾਕੀਜ਼ਾ ਦੇ ਅੰਤ ਵਿੱਚ ਇੱਕ ਮੁਜਰਾ ਹੈ ਜੋ ਫ਼ਿਲਮ ਨੂੰ ਕਲਾਈਮੈਕਸ ਤੱਕ ਲੈ ਜਾਂਦਾ ਹੈ। ਜਦੋਂ ਸਾਹਿਬਜਾਨ ਆਪਣੇ ਹੀ ਪ੍ਰੇਮੀ ਸਲੀਮ ਦੇ ਵਿਆਹ 'ਤੇ ਮੁਜਰਾ ਕਰ ਰਹੀ ਹੈ- 'ਆਜ ਹਮ ਅਪਨੀ ਦੁਆਓਂ ਕਾ ਅਸਰ ਦੇਖੇਂਗੇ, ਜ਼ਖਮੇ ਜਿਗਰ ਦੇਖੇਂਗੇ।' ਇਸ ਮੁਜਰੇ ਵਿੱਚ ਅਦਾਕਾਰਾ ਪਦਮਾ ਖੰਨਾ ਨੂੰ ਬਾਡੀ ਡਬਲ ਵਜੋਂ ਇਸਤੇਮਾਲ ਕੀਤਾ ਗਿਆ ਸੀ।

ਫ਼ਿਲਮ ਦਾ ਇੱਕ ਹੋਰ ਖੂਬਸੂਰਤ ਗੀਤ ਹੈ- 'ਮੌਸਮ ਹੈ ਆਸ਼ਿਕਨਾ'। ਫ਼ਿਲਮਫ਼ੇਅਰ ਮੈਗਜ਼ੀਨ ਨੂੰ ਦਿੱਤੇ ਇੰਟਰਵਿਊ 'ਚ ਮੀਨਾ ਕੁਮਾਰੀ ਦੇ ਮਤਰੇਏ ਪੁੱਤਰ ਤਾਜਦਾਰ ਅਮਰੋਹੀ ਆਪਣੀ ਛੋਟੀ ਅੰਮੀ ਨੂੰ ਯਾਦ ਕਰਦੇ ਹੋਏ ਦੱਸਦੇ ਹਨ, "ਜਦੋਂ 'ਪਾਕੀਜ਼ਾ' ਦੀ ਸ਼ੂਟਿੰਗ ਦੁਬਾਰਾ ਸ਼ੁਰੂ ਹੋਈ ਤਾਂ 'ਮੌਸਮ ਹੈ ਆਸ਼ਿਕਨਾ' ਗੀਤ ਦੀ ਸ਼ੂਟਿੰਗ ਹੋ ਰਹੀ ਸੀ। ਬਾਬਾ (ਕਮਾਲ ਅਮਰੋਹੀ) ਨੇ ਉਸ ਗੀਤ 'ਚ ਛੋਟੀ ਅੰਮੀ ਨੂੰ ਕੁੜਤਾ ਅਤੇ ਲੁੰਗੀ ਪਹਿਨਵਾਈ ਕਿਉਂਕਿ ਜਿਗਰ ਦੀ ਬੀਮਾਰੀ ਕਾਰਨ ਉਨ੍ਹਾਂ ਦਾ ਪੇਟ ਫੁੱਲ ਗਿਆ ਸੀ।" "ਬਾਅਦ ਵਿੱਚ ਉਹ ਟ੍ਰੇਂਡ ਬਣ ਗਿਆ। ਖਰਾਬ ਸਿਹਤ ਕਾਰਨ ਉਹ ਬਹੁਤ ਥੱਕ ਜਾਂਦੇ ਸਨ ਪਰ ਸ਼ਾਟ ਸ਼ੁਰੂ ਹੁੰਦੇ ਹੀ ਫਿਰ ਤੋਂ ਜੋਸ਼ 'ਚ ਆ ਜਾਂਦੇ ਸਨ।" "ਫਿਲਮ ਦੇ ਆਖਰੀ ਮੁਜਰੇ 'ਚ ਉਨ੍ਹਾਂ ਨੇ ਤੇਜ਼ ਅਤੇ ਗੋਲ-ਗੋਲ ਘੁੰਮਣਾ ਸੀ ਅਤੇ ਫਿਰ ਡਿੱਗਣਾ ਸੀ, ਪਰ ਸਿਹਤ ਨੂੰ ਦੇਖਦੇ ਹੋਏ ਉਨ੍ਹਾਂ ਦੇ ਕਲੋਜ਼-ਅੱਪ ਬੈਠੀ ਹੋਈ ਸਥਿਤੀ 'ਚ ਹੀ ਲਏ ਗਏ।" "ਜਦੋਂ ਰਾਜ ਕੁਮਾਰ ਨਾਲ ਵਿਆਹ ਦੇ ਸਮੇਂ ਉਹ ਪੌੜੀਆਂ 'ਤੇ ਦੌੜਦੇ ਹੋਏ ਭੱਜ ਜਾਂਦੇ ਹਨ, ਉੱਥੇ ਵੀ ਬਾਡੀ ਡਬਲ ਦੀ ਵਰਤੋਂ ਕੀਤੀ ਗਈ। 'ਚਲੋ ਦਿਲਦਾਰ ਚਲੋ' ਗੀਤ ਵਿੱਚ ਵੀ ਉਨ੍ਹਾਂ ਦੇ ਚਿਹਰੇ 'ਤੇ ਜ਼ਿਆਦਾ ਫੋਕਸ ਨਹੀਂ ਰੱਖਿਆ ਗਿਆ।" ਪਰ ਇਨ੍ਹਾਂ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਨਾ ਤਾਂ ਮੀਨਾ ਕੁਮਾਰੀ ਦਾ ਹੌਸਲਾ ਟੁੱਟਿਆ ਅਤੇ ਨਾ ਹੀ ਕਮਾਲ ਅਮਰੋਹੀ ਦਾ।

ਟੁੱਟੇ ਰਿਸ਼ਤਿਆਂ ਦੀਆਂ ਦਰਾਰਾਂ ਵਿੱਚ ਫਸੀ ਇਸ ਫਿਲਮ ਨੂੰ ਦੁਬਾਰਾ ਸ਼ੁਰੂ ਕਰਨ ਦਾ ਸਿਹਰਾ ਨਰਗਿਸ ਦੇ ਸਿਰ ਵੀ ਬੰਨ੍ਹਿਆ ਜਾਂਦਾ ਹੈ। ਮੇਘਨਾਦ ਦੇਸਾਈ ਆਪਣੀ ਕਿਤਾਬ 'ਪਾਕੀਜ਼ਾ - ਐਨ ਓਡ ਟੂ ਏ ਬਾਈਗੌਨ ਵਰਲਡ' ਵਿੱਚ ਲਿਖਦੇ ਹਨ ਕਿ ਇੱਕ ਵਾਰ ਨਰਗਿਸ ਅਤੇ ਸੁਨੀਲ ਦੱਤ ਨੇ ਪਾਕੀਜ਼ਾ ਦੇ ਸ਼ੁਰੂਆਤੀ ਪ੍ਰਿੰਟ ਦੇਖੇ ਅਤੇ ਦੇਖ ਕੇ ਕਮਾਲ ਅਮਰੋਹੀ ਨੂੰ ਕਿਹਾ ਕਿ ਇਹ ਫਿਲਮ ਪੂਰੀ ਹੋਣੀ ਚਾਹੀਦੀ ਹੈ। 1956 ਵਿੱਚ ਬਲੈਕ ਐਂਡ ਵ੍ਹਾਈਟ ਵਿੱਚ ਸ਼ੂਟ ਹੋਇਆ 'ਇਨ੍ਹੀਂ ਲੋਗੋਂ ਨੇ ਲੇ ਲੀਨਾ' ਦਾ ਇੱਕ ਕਲਿੱਪ ਵੀ ਤੁਹਾਨੂੰ ਯੂਟਿਊਬ 'ਤੇ ਮਿਲ ਜਾਵੇਗਾ, ਜਿਸ ਵਿੱਚ ਮੀਨਾ ਕੁਮਾਰੀ ਡਾਂਸ ਕਰਦੇ ਨਜ਼ਰ ਆਉਂਦੇ ਹਨ। ਪਾਕੀਜ਼ਾ, ਜਿੰਨੀ ਆਪਣੀ ਅਦਾਕਾਰੀ ਅਤੇ ਨਿਰਦੇਸ਼ਨ ਲਈ ਜਾਣੀ ਜਾਂਦੀ ਹੈ ਓਨੀ ਹੀ ਹੋਰ ਚੀਜ਼ਾਂ ਲਈ ਵੀ, ਜਿਵੇਂ ਕਿ ਫਿਲਮ ਦੇ ਸੈੱਟ ਲਈ। ਕਮਾਲ ਅਮਰੋਹੀ ਨੇ ਦਿੱਲੀ ਅਤੇ ਲਖਨਊ ਦੇ ਕੋਠਿਆਂ ਦੀ ਦੁਨੀਆ ਨੂੰ ਆਪਣੀ ਕਲਪਨਾ ਅਨੁਸਾਰ ਬੇਹਤਰੀਨ ਢੰਗ ਨਾਲ ਢਾਲਣ ਦੀ ਕੋਸ਼ਿਸ਼ ਕੀਤੀ। 'ਬਾਜ਼ਾਰ-ਏ-ਹੁਸਨ' ਦਾ ਸੈੱਟ, ਜਿੱਥੇ 'ਇਨ੍ਹੀਂ ਲੋਗੋਂ ਨੇ' ਗਾਣੇ ਦੀ ਸ਼ੂਟਿੰਗ ਹੋਈ ਸੀ, ਉਸ ਨੂੰ ਬਣਾਉਣ 'ਚ ਲਗਭਗ ਛੇ ਮਹੀਨੇ ਲੱਗੇ ਸਨ। ਗਹਿਣੇ ਜੈਪੁਰ ਤੋਂ ਮੰਗਵਾਏ ਗਏ ਸਨ ਅਤੇ ਸ਼ੂਟਿੰਗ ਦੌਰਾਨ ਸਾਹਿਬਜਾਨ (ਮੀਨਾ ਕੁਮਾਰੀ) ਦੇ ਕਮਰੇ ਵਿੱਚ ਬੇਹਤਰੀਨ ਅਤੇ ਅਸਲੀ ਇੱਤਰ ਦੀਆਂ ਸ਼ੀਸ਼ੀਆਂ ਰੱਖੀਆਂ ਜਾਂਦੀਆਂ ਸਨ। ਮੀਨਾ ਕੁਮਾਰੀ ਨੇ ਪੋਸ਼ਾਕ ਡਿਜ਼ਾਈਨਿੰਗ ਦੀ ਜ਼ਿੰਮੇਵਾਰੀ ਆਪ ਲਈ ਸੀ ਅਤੇ ਫਿਲਮ ਦੇ ਕ੍ਰੈਡਿਟ ਤੋਂ ਇਸਦੀ ਜਾਣਕਾਰੀ ਵੀ ਮਿਲਦੀ ਹੈ।

ਪਾਕੀਜ਼ਾ ਇੱਕ ਤਵਾਇਫ਼ ਦੀ ਕਹਾਣੀ ਹੈ ਅਤੇ ਇਸ ਫ਼ਿਲਮ ਦਾ ਸੰਗੀਤ ਅਤੇ ਇੱਕ-ਇੱਕ ਗੀਤ ਇਸ ਕਹਾਣੀ ਦੀ ਰੂਹ ਹੈ। ਫ਼ਿਲਮ ਦੀ ਸ਼ੁਰੂਆਤ ਹੀ ਘੁੰਗਰੂਆਂ ਦੀ ਥਾਪ ਨਾਲ ਹੁੰਦੀ ਹੈ ਅਤੇ ਤੁਸੀਂ ਸਮਝ ਜਾਂਦੇ ਹੋ ਕਿ ਇਹ ਸਫ਼ਰ ਸੰਗੀਤ ਨਾਲ ਭਰਪੂਰ ਹੋਣ ਵਾਲਾ ਹੈ। ਉਂਝ ਤਾਂ ਗੁਲਾਮ ਮੁਹੰਮਦ ਇੱਕ ਸਤਿਕਾਰਤ ਸੰਗੀਤਕਾਰ ਸਨ, ਪਰ ਉਸ ਸਮੇਂ ਹੋਰ ਸੰਗੀਤਕਾਰਾਂ ਦਾ ਬੋਲਬਾਲਾ ਸੀ। ਪਰ ਕਮਾਲ ਅਮਰੋਹੀ ਦੀ ਜ਼ਿੱਦ ਸੀ ਕਿ ਫ਼ਿਲਮ ਦਾ ਸੰਗੀਤ ਗੁਲਾਮ ਮੁਹੰਮਦ ਹੀ ਦੇਣਗੇ। ਕਮਾਲ ਅਮਰੋਹੀ ਨੇ 12 ਧੁਨਾਂ ਵਿੱਚੋਂ 6 ਧੁਨਾਂ ਰੱਖੀਆਂ ਅਤੇ ਅੱਜ ਦੀ ਤਾਰੀਖ 'ਚ ਇੱਕ-ਇੱਕ ਗੀਤ ਨਗੀਨਾ ਮੰਨਿਆ ਜਾਂਦਾ ਹੈ। ਫ਼ਿਲਮ ਦੀ ਸ਼ੂਟਿੰਗ ਦੇ ਦੌਰਾਨ ਹੀ ਗ਼ੁਲਾਮ ਮੁਹੰਮਦ ਗੁਜ਼ਰ ਗਏ ਤਾਂ ਨੌਸ਼ਾਦ ਸਾਹਿਬ ਨੇ ਬੈਕਗ੍ਰਾਊਂਡ ਸਕੋਰ ਪੂਰਾ ਕੀਤਾ। 'ਇਨ੍ਹੀਂ ਲੋਗੋਂ ਨੇ' ਸੰਗੀਤ, ਬੋਲ, ਸਿਨੇਮੈਟੋਗ੍ਰਾਫੀ ਅਤੇ ਗਾਇਨ, ਹਰ ਤਰ੍ਹਾਂ ਨਾਲ ਬੇਮਿਸਾਲ ਹੈ। ਜਦੋਂ ਮੀਨਾ ਕੁਮਾਰੀ ਗੁਲਾਬੀ ਪਹਿਰਾਵੇ ਵਿੱਚ ਇਹ ਮੁਜਰਾ ਕਰ ਰਹੇ ਹੁੰਦੇ ਹਨ, ਤਾਂ ਤੁਸੀਂ ਬੈਕਗ੍ਰਾਊਂਡ ਵਿੱਚ ਵੱਖ-ਵੱਖ ਕੋਠਿਆਂ 'ਤੇ ਕੁਝ 10-12 ਤਵਾਇਫ਼ਾਂ ਨੂੰ ਨੱਚਦੇ ਹੋਏ ਦੇਖ ਸਕਦੇ ਹੋ। ਕਮਾਲ ਅਮਰੋਹੀ ਨੇ ਸਿਨੇਮਾਸਕੋਪ ਵਿੱਚ ਇਸ ਗੀਤ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਸ਼ੂਟ ਕੀਤਾ ਸੀ। ਸੰਗੀਤਕਾਰ ਦੀ ਤਰ੍ਹਾਂ ਹੀ ਜਰਮਨ ਸਿਨੇਮੈਟੋਗ੍ਰਾਫਰ ਜੋਸੇਫ਼ ਵਰਸ਼ਿੰਗ ਦਾ ਵੀ ਫ਼ਿਲਮ ਦੇ ਵਿਚਕਾਰ ਹੀ ਦੇਹਾਂਤ ਹੋ ਗਿਆ ਅਤੇ ਕਈ ਸਿਨੇਮੈਟੋਗ੍ਰਾਫਰਾਂ ਨੇ ਮਿਲ ਕੇ ਇਸ ਫ਼ਿਲਮ ਦਾ ਕੰਮ ਪੂਰਾ ਕੀਤਾ।

ਉਂਝ ਤਾਂ 'ਇਨ੍ਹੀਂ ਲੋਗੋਂ ਨੇ' ਵਾਲਾ ਗੀਤ ਹਿੰਦੀ ਸਿਨੇਮਾ 'ਚ ਕਈ ਵਾਰ ਫਿਲਮਾਇਆ ਜਾ ਚੁੱਕਿਆ ਹੈ। ਚਾਹੇ ਉਹ 1941 'ਚ ਫ਼ਿਲਮ 'ਹਿੰਮਤ' ਲਈ ਸ਼ਮਸ਼ਾਦ ਬੇਗ਼ਮ ਦਾ ਗਾਇਆ ਗੀਤ ਹੋਵੇ ਜਾਂ 'ਆਬਰੂ' ਵਿੱਚ ਯਾਕੂਬ ਵੱਲੋਂ ਗਾਇਆ ਗਿਆ ਵਰਜ਼ਨ। ਮੇਘਨਾਦ ਦੇਸਾਈ ਆਪਣੀ ਕਿਤਾਬ ਵਿੱਚ ਫਿਲਮ ਨਾਲ ਜੁੜਿਆ ਇੱਕ ਦਿਲਚਸਪ ਕਿੱਸਾ ਦੱਸਦੇ ਹਨ। ਉਹ ਲਿਖਦੇ ਹਨ, "ਕਮਾਲ ਅਮਰੋਹੀ ਨੇ ਫਿਲਮ ਲਈ ਵਿਦੇਸ਼ ਜਾ ਕੇ ਲੈਂਸ ਖਰੀਦੇ, ਪਰ ਉਸ ਵੇਲੇ ਲੈਂਸ ਕੈਮਰੇ 'ਚ ਲੱਗੇ ਹੋਏ ਨਹੀਂ ਆਉਂਦੇ ਸਨ। ਉਨ੍ਹਾਂ ਨੂੰ ਫਿੱਟ ਕਰਨਾ ਇੱਕ ਔਖਾ ਕੰਮ ਸੀ। ਖੈਰ, ਅਮਰੋਹੀ ਨੇ ਲੈਂਸ ਨਾਲ ਸ਼ੂਟਿੰਗ ਕੀਤੀ, ਪਰ ਕੁਝ ਦਿਨਾਂ ਬਾਅਦ ਉਨ੍ਹਾਂ ਨੇ ਕਿਹਾ ਕਿ ਸਭ ਕੁਝ ਆਊਟ ਆਫ਼ ਫ਼ੋਕਸ ਹੈ। ਕੋਈ ਮਾਹਰ ਇਹ ਮੰਨਣ ਲਈ ਤਿਆਰ ਨਹੀਂ ਸੀ।" "ਆਖਿਰਕਾਰ ਐੱਮਜੀਐੱਮ ਕੰਪਨੀ ਲੰਡਨ ਵਿੱਚ ਟੈਸਟ ਕਰਵਾਉਣ ਲਈ ਰਾਜ਼ੀ ਹੋਈ। ਫਿਰ ਹਾਲੀਵੁੱਡ ਲੈਬ ਵਿੱਚ ਵੀ ਟੈਸਟ ਹੋਇਆ ਤਾਂ ਪਤਾ ਲੱਗਿਆ ਕਿ 1000 ਦੇ ਇੱਕਵੇਂ ਹਿੱਸੇ ਦੇ ਮਾਰਜਿਨ ਤੋਂ ਲੈਂਸ ਆਊਟ ਆਫ਼ ਫੋਕਸ ਸੀ। ਇਸ ਹੱਦ ਤੱਕ ਅਮਰੋਹੀ ਪਰਫੈਕਸ਼ਨਿਸਟ ਸਨ।"

ਹੋਰ ਪਹਿਲੂਆਂ ਦੀ ਗੱਲ ਕਰੀਏ ਤਾਂ, ਪੂਰੀ ਫਿਲਮ ਵਿੱਚ ਸਾਊਂਡ ਦਾ ਸ਼ਾਨਦਾਰ ਇਸਤੇਮਾਲ ਹੋਇਆ ਹੈ - ਰਾਤ ਦੀ ਚੁੱਪ ਨੂੰ ਵਾਰ-ਵਾਰ ਚੀਰਦੀ ਰੇਲਗੱਡੀ ਦੀ ਉਹ ਸੀਟੀ, ਜੋ ਸਾਹਿਬਜਾਨ ਨੂੰ ਉਸ ਅਣਜਾਣ ਸ਼ਖਸ ਦੀ ਯਾਦ ਦਿਵਾਉਂਦੀ ਹੈ ਜਿਸਨੇ ਤਵਾਇਫ਼ ਦੀ ਪਹਿਚਾਣ ਤੋਂ ਪਰ੍ਹੇ ਉਸਨੂੰ ਦੇਖਿਆ ਅਤੇ ਸਾਹਿਬਜਾਨ ਦੇ ਦਿਲ ਵਿੱਚ ਉਮੀਦ ਜਗਾਈ। ਅਤੇ ਦੂਸਰਾ, ਲਤਾ ਦੀ ਆਵਾਜ਼ 'ਚ ਉਹ ਆਲਾਪ ਜੋ ਹਰ ਵਾਰ ਸੁਣਾਈ ਦਿੰਦਾ ਹੈ, ਜਦੋਂ ਸਾਹਿਬਜਾਨ ਡੂੰਘੀ ਉਦਾਸੀ 'ਚ ਹੁੰਦੀ ਹੈ। ਮਜਰੂਹ ਸੁਲਤਾਨਪੁਰੀ (ਠਾੜੇ ਰਹਿਓ।।), ਕੈਫੀ ਆਜ਼ਮੀ (ਚਲਤੇ ਚਲਤੇ ਯੂੰ ਹੀ ਕੋਈ..), ਕੈਫ਼ ਭੋਪਾਲੀ (ਚਲੋ ਦਿਲਦਾਰ ਚਲੋ) ਵਰਗੇ ਮਹਾਨ ਗੀਤਕਾਰਾਂ ਦੇ ਬੋਲ ਇਸ ਫ਼ਿਲਮ ਵਿੱਚ ਹਨ। 'ਮੌਸਮ ਹੈ ਆਸ਼ਿਕਾਨਾ' ਦੇ ਬੋਲ ਤਾਂ ਆਪ ਕਮਾਲ ਅਮਰੋਹੀ ਨੇ ਹੀ ਲਿਖੇ ਹਨ। ਫਿਲਮ ਦਾ ਸੰਗੀਤ ਹੋਵੇ ਜਾਂ ਬੋਲ ਜਾਂ ਇਸਦੇ ਡਾਇਲਾਗ। ਹਰ ਪਹਿਲੂ 'ਚ ਗਰਿਰਾਈ ਤੇ ਕੋਮਲਤਾ ਝਲਕਦੀ ਹੈ। ਮਿਸਾਲ ਵਜੋਂ, ਇੱਕ ਰਈਸ ਸਾਹਿਬਜਾਨ ਨੂੰ ਆਪਣੇ ਨਾਲ ਰਾਤ ਬਿਤਾਉਣ ਲਈ ਇੱਕ ਸ਼ਿਕਾਰੇ 'ਤੇ ਲੈ ਕੇ ਜਾਂਦਾ ਹੈ। ਪਰ ਸਾਹਿਬਜਾਨ ਤਾਂ ਕਿਸੇ ਅਣਜਾਣ ਸ਼ਖਸ ਦੇ ਪਿਆਰ 'ਚ ਗੁਆਚ ਚੁੱਕੀ ਹੈ। ਖਿਆਲਾਂ 'ਚ ਗੁਆਚੀ ਸਾਹਿਬਜਾਨ ਨੂੰ ਦੇਖ ਕੇ ਉਹ ਸ਼ਖਸ ਕਹਿੰਦਾ-"ਤੁਮ੍ਹੇਂ ਖਰੀਦਾ ਤੋ ਥਾ ਪਰ ਨੁਕਸਾਨ ਹੋ ਗਯਾ। ਦਿਲ ਕਹਿਤਾ ਹੈ ਤੁਮ ਕੋਈ ਚੁਰਾਈ ਹੁਈ ਚੀਜ਼ ਹੋ, ਜਿਸੇ ਖਰੀਦਨਾ ਜੁਰਮ ਹੈ।" 14 ਫਰਵਰੀ 1972 ਨੂੰ ਜਦੋਂ ਇਹ ਫਿਲਮ ਰਿਲੀਜ਼ ਹੋਈ, ਤਾਂ ਇਹ ਆਪਣੇ ਹੋਂਦ 'ਚ ਆਉਣ ਤੋਂ ਲਗਭਗ 15 ਸਾਲਾਂ ਬਾਅਦ ਪਰਦੇ 'ਤੇ ਆ ਰਹੀ ਸੀ। ਉਸ ਵੇਲੇ ਤੱਕ ਸਿਨੇਮਾ ਪ੍ਰੇਮੀ ਅਮਿਤਾਭ ਬੱਚਨ ਦੀ ਦੁਨੀਆ 'ਚ ਕਦਮ ਰੱਖ ਚੁੱਕੇ ਸਨ। ਹੌਲੀ ਅਤੇ ਸ਼ਾਇਰਾਨਾ ਅੰਦਾਜ਼ 'ਚ ਬਣੀ ਇਸ ਫਿਲਮ ਨੂੰ ਪਹਿਲੇ ਦਿਨ ਆਲੋਚਕਾਂ ਨੇ ਬਹੁਤ ਮਾੜੇ ਰੀਵਿਊ ਦਿੱਤੇ। ਵਿਨੋਦ ਮਹਿਤਾ ਨੇ ਆਪਣੀ ਕਿਤਾਬ 'ਮੀਨਾ ਕੁਮਾਰੀ ਦਿ ਕਲਾਸਿਕ ਬਾਇਓਗ੍ਰਾਫੀ' 'ਚ ਲਿਖਿਆ, "ਉਸ ਸਮੇਂ 'ਟਾਈਮਜ਼ ਆਫ਼ ਇੰਡੀਆ' ਨੇ ਪਾਕੀਜ਼ਾ ਨੂੰ ਲੈਵਿਸ਼ ਵੇਸਟ ਕਰਾਰ ਦਿੱਤਾ ਸੀ, ਮਤਲਬ ਕਿ ਇੱਕ ਆਲੀਸ਼ਾਨ ਬਰਬਾਦੀ। ਜਦਕਿ ਫਿਲਮਫੇਅਰ ਕ੍ਰਿਟਿਕਸ ਨੇ ਪਾਕੀਜ਼ਾ ਨੂੰ ਸਿਰਫ਼ ਇੱਕ ਸਟਾਰ ਦਿੱਤਾ ਸੀ।" ਪਰ ਮਰਾਠਾ ਮੰਦਰ ਚ ਰਿਲੀਜ਼ ਹੋਈ ਪਾਕੀਜ਼ਾ ਹੌਲੀ-ਹੌਲੀ ਆਪਣਾ ਜਾਦੂ ਫੈਲਾਉਣ ਲੱਗੀ।

ਫਿਲਮਫੇਅਰ 'ਚ ਪਾਕੀਜ਼ਾ ਨੂੰ ਕਈ ਪੁਰਸਕਾਰ ਮਿਲਣ ਦੀ ਉਮੀਦ ਸੀ, ਪਰ ਲੋਕਾਂ ਨੂੰ ਉਸ ਸਮੇਂ ਕਾਫੀ ਹੈਰਾਨੀ ਹੋਈ ਜਦੋਂ ਸਰਵੋਤਮ ਫਿਲਮ, ਸਰਵੋਤਮ ਨਿਰਦੇਸ਼ਕ ਅਤੇ ਸਰਵੋਤਮ ਸੰਗੀਤ ਦਾ ਪੁਰਸਕਾਰ ਫਿਲਮ 'ਬੇਈਮਾਨ' ਨੂੰ ਮਿਲਿਆ। ਜਦੋਂ ਪ੍ਰਾਣ ਨੂੰ ਫਿਲਮ 'ਬੇਈਮਾਨ' ਲਈ ਸਰਵੋਤਮ ਸਹਾਇਕ ਅਦਾਕਾਰ ਦਾ ਪੁਰਸਕਾਰ ਮਿਲਿਆ ਤਾਂ ਉਨ੍ਹਾਂ ਨੇ ਇਹ ਕਹਿ ਕੇ ਇਸਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਦੀ ਆਪਣੀ ਫਿਲਮ 'ਬੇਈਮਾਨ' ਦੀ ਬਜਾਏ 'ਪਾਕੀਜ਼ਾ' ਸਰਵੋਤਮ ਸੰਗੀਤ ਪੁਰਸਕਾਰ ਦੀ ਹੱਕਦਾਰ ਹੈ। ਪਰ ਇਸ ਸਭ ਤੋਂ ਪਰੇ 'ਪਾਕੀਜ਼ਾ' ਕਈ ਤਰੀਕਿਆਂ ਨਾਲ ਖਾਸ ਰਹੀ। ਇਹ ਫਿਲਮ 4 ਫਰਵਰੀ 1972 ਨੂੰ ਰਿਲੀਜ਼ ਹੋਈ ਅਤੇ 31 ਮਾਰਚ 1972 ਨੂੰ ਮੀਨਾ ਕੁਮਾਰੀ ਨੇ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਸਿਨੇਮਾ ਪ੍ਰੇਮੀਆਂ ਲਈ 'ਪਾਕੀਜ਼ਾ' ਉਨ੍ਹਾਂ ਦਾ ਆਖਰੀ ਤੋਹਫ਼ਾ ਸੀ। ਕਮਾਲ ਅਮਰੋਹੀ ਨੇ ਆਪਣੀ ਜ਼ਿੰਦਗੀ 'ਚ ਸਿਰਫ਼ ਚਾਰ ਹੀ ਫ਼ਿਲਮਾਂ ਬਣਾਈਆਂ, ਜਿਨ੍ਹਾਂ ਵਿੱਚੋਂ ਪਾਕੀਜ਼ਾ ਨੇ ਉਨ੍ਹਾਂ ਨੂੰ ਸਿਨੇਮਾ ਦੇ ਇਤਿਹਾਸ ਵਿੱਚ ਸਦਾ ਲਈ ਦਰਜ ਕਰ ਦਿੱਤਾ। ਫਿਲਮ ਦੇ ਅੰਤ ਵਿੱਚ ਇੱਕ ਸੀਨ ਹੈ ਜਿੱਥੇ ਸਾਹਿਬਜਾਨ ਨੂੰ ਸਲੀਮ (ਰਾਜ ਕੁਮਾਰ) ਦੇ ਵਿਆਹ ਲਈ ਮੁਜਰੇ ਦਾ ਸੱਦਾ ਮਿਲਦਾ ਹੈ।

ਉਹ ਪਹਿਲਾਂ ਹੀ ਸਲੀਮ ਨਾਲ ਵਿਆਹ ਦੀ ਪੇਸ਼ਕਸ਼ ਨੂੰ ਠੁਕਰਾ ਚੁੱਕੀ ਹੈ। ਸਾਹਿਬਜਾਨ (ਮੀਨਾ ਕੁਮਾਰੀ) ਦਿਲ ਖੋਲ੍ਹ ਕੇ ਨੱਚਦੀ ਹੈ ਅਤੇ ਉੱਥੇ ਟੁੱਟੇ ਕੱਚ 'ਤੇ ਨੱਚਦੇ ਹੋਏ ਉਸ ਦੇ ਪੈਰਾਂ 'ਚੋਣ ਖ਼ੂਨ ਨਿੱਕਲ ਆਉਂਦਾ ਹੈ। ਪਰ ਇਸ ਫ਼ਿਲਮ ਵਿੱਚ ਆਖ਼ਰਕਾਰ ਇੱਕ ਔਰਤ ਹੀ ਔਰਤ ਲਈ ਆਵਾਜ਼ ਉਠਾਉਂਦੀ ਹੈ।

# ਨਿਖ਼ਤ, ਨੀਤੂ, ਸਵੀਟੀ ਅਤੇ ਲਵਲੀਨਾ: ਮਹਿਲਾ ਮੁੱਕੇਬਾਜ਼ਾਂ ਨੇ ਕਿਵੇਂ ਲਿਖੀ ਸੁਨਹਿਰੀ ਕਹਾਣੀ




**ਇਸ ਸਾਲ ਦੀ ਵਿਸ਼ਵ ਚੈਂਪੀਅਨਸ਼ਿਪ ਵਿੱਚ ਭਾਰਤ ਕੋਲ ਦੁਨੀਆਂ ਦੇ ਸਾਹਮਣੇ ਆਪਣੀ ਤਾਕਤ ਦਿਖਾਉਣ ਦਾ ਮੌਕਾ ਸੀ। ਇਕ ਪਾਸੇ ਭਾਰਤ ਨੂੰ ਆਪਣੇ ਘਰੇਲੂ ਦਰਸ਼ਕਾਂ ਦੇ ਸਾਹਮਣੇ ਖੇਡਣ ਦਾ ਮੌਕਾ ਮਿਲ ਰਿਹਾ ਸੀ, ਦੂਜੇ ਪਾਸੇ ਚੈਂਪੀਅਨਸ਼ਿਪ ਦੌਰਾਨ ਲਗਭਗ 100 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦਾਅ 'ਤੇ ਲੱਗੀ ਹੋਈ ਸੀ। ਭਾਰਤ ਨੇ ਈਵੈਂਟ ਦੀਆਂ ਸਾਰੀਆਂ 12 ਸ਼੍ਰੇਣੀਆਂ ਵਿੱਚ ਇੱਕ-ਇੱਕ ਮੁੱਕੇਬਾਜ਼ ਨੂੰ ਮੈਦਾਨ ਵਿੱਚ ਉਤਾਰਿਆ। ਟੀਮ ਚੋਣ ਨੂੰ ਲੈ ਕੇ ਵਿਵਾਦ, ਰੂਸ ਅਤੇ ਬੇਲਾਰੂਸ ਨੂੰ ਖੇਡਣ ਦਾ ਮੌਕਾ ਦੇਣ ਕਾਰਨ 11 ਦੇਸ਼ਾਂ ਵੱਲੋਂ ਟੂਰਨਾਮੈਂਟ ਦਾ ਬਾਈਕਾਟ ਕੀਤਾ ਅਤੇ ਟੂਰਨਾਮੈਂਟ ਨੂੰ ਓਲੰਪਿਕ ਕੁਆਲੀਫਿਕੇਸ਼ਨ ਸਟੇਟਸ ਦਾ ਦਰਜਾ ਨਾ ਮਿਲਣਾ- ਇਹ ਸਾਰੇ ਮੁੱਦੇ ਭਾਰਤੀ ਮਹਿਲਾ ਮੁੱਕੇਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਸਾਹਮਣੇ ਦਬ ਗਏ।**

12 ਸਾਲ ਦੀ ਉਮਰ ਵਿੱਚ, ਨਿਖ਼ਤ ਜ਼ਰੀਨ ਇੱਕ ਐਥਲੈਟਿਕਸ ਮੀਟ ਵਿੱਚ ਹਿੱਸਾ ਲੈਣ ਲਈ ਨਿਜ਼ਾਮਾਬਾਦ ਗਈ ਸੀ। ਉਦੋਂ ਉਹ ਇੱਕ ਨੌਜਵਾਨ ਦੌੜਾਕ ਸੀ ਜੋ ਹੋਰ ਐਥਲੈਟਿਕਸ ਮੁਕਾਬਲਿਆਂ ਵਿੱਚ ਵੀ ਭਾਗ ਲੈਂਦੀ ਸੀ। ਨਿਖ਼ਤ ਨੇ ਉਥੇ ਮੁੱਕੇਬਾਜ਼ੀ ਤੋਂ ਇਲਾਵਾ ਕਈ ਖੇਡਾਂ ਵਿਚ ਹਿੱਸਾ ਲਿਆ ਪਰ ਉਸ ਦੀਆਂ ਨਜ਼ਰਾਂ ਇਕ ਗੱਲ 'ਤੇ ਟਿਕੀਆਂ ਹੋਈਆਂ ਸਨ। ਉਹ ਆਪਣੇ ਪਿਤਾ ਮੁਹੰਮਦ ਜਮੀਲ ਅਹਿਮਦ ਨਾਲ ਉੱਥੇ ਗਈ ਤਾਂ ਉਸਨੇ ਆਪਣੇ ਪਿਤਾ ਨੂੰ ਪੁੱਛਿਆ, "ਬਾਕਸਿੰਗ ਸਿਰਫ਼ ਮੁੰਡਿਆਂ ਲਈ ਹੈ, ਕੀ ?" ਇਸ ਮਾਸੂਮ ਜਿਹੇ ਸਵਾਲ ਨਾਲ ਨਿਖ਼ਤ ਦਾ ਮੁੱਕੇਬਾਜ਼ੀ ਨਾਲ ਰਿਸ਼ਤਾ ਸ਼ੁਰੂ ਹੋਇਆ ਸੀ। ਬੀਤੇ ਐਤਵਾਰ ਨੂੰ, ਨਿਖ਼ਤ ਨੇ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਸਪੋਰਟਸ ਕੰਪਲੈਕਸ ਵਿੱਚ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤਿਆ ਹੈ। ਇੰਨਾ ਹੀ ਨਹੀਂ ਤਿੰਨ ਹੋਰ ਮਹਿਲਾ ਮੁੱਕੇਬਾਜ਼ਾਂ ਨੇ ਵੀ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਚਾਰ ਗੋਲਡ ਮੈਡਲ ਜਿੱਤ ਕੇ ਸੋਨ ਤਗਮੇ ਜਿੱਤਣ ਦੇ ਕ੍ਰਿਸ਼ਮੇ ਦੀ ਬਰਾਬਰੀ ਕੀਤੀ। ਐਤਵਾਰ ਨੂੰ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੇ 50 ਕਿਲੋਗ੍ਰਾਮ ਲਾਈਟ ਫਲਾਈਵੇਟ ਵਰਗ ਦੇ ਫਾਈਨਲ 'ਚ ਨਿਖ਼ਤ ਨੇ ਵੀਅਤਨਾਮ ਦੇ ਨਗੁਏਮ ਥੀ ਤਾਮ ਨੂੰ ਇਕਤਰਫਾ ਮੁਕਾਬਲੇ 'ਚ 5-0 ਨਾਲ ਹਰਾਇਆ। ਇਹ ਲਗਾਤਾਰ ਦੂਜਾ ਸਾਲ ਹੈ ਜਦੋਂ ਨਿਖ਼ਤ ਜ਼ਰੀਨ ਨੇ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤਿਆ ਹੈ। ਐਤਵਾਰ ਨੂੰ ਹੀ, ਲਵਲੀਨਾ ਬੋਰਗੋਹੇਨ ਨੇ ਆਪਣੀ ਕਾਂਸੀ ਤਮਗਾ ਜਿੱਤਣ ਦੀ ਲੜੀ ਨੂੰ ਪਿੱਛੇ ਛੱਡਦੇ ਹੋਏ ਸੁਨਹਿਰੀ ਸਫ਼ਲਤਾ ਹਾਸਲ ਕੀਤੀ। ਉਨ੍ਹਾਂ ਨੇ 75 ਕਿਲੋ ਵਰਗ ਵਿੱਚ ਆਸਟਰੇਲੀਆ ਦੀ ਕੈਟਲਿਨ ਪਾਰਕਰ ਨੂੰ ਹਰਾ ਕੇ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਪਹਿਲੀ ਵਾਰ ਸੋਨ ਤਗ਼ਮਾ ਜਿੱਤਿਆ। ਇਨ੍ਹਾਂ ਦੋਵਾਂ ਤੋਂ ਇਕ ਦਿਨ ਪਹਿਲਾਂ ਨੀਤੂ ਘਨਘਸ ਨੇ 48 ਕਿਲੋਗ੍ਰਾਮ ਨਿਊਨਤਮ ਭਾਰ ਵਰਗ 'ਚ ਸੋਨ ਤਗਮਾ ਜਿੱਤਿਆ ਸੀ ਜਦਕਿ ਸਵੀਟੀ ਬੂਰਾ ਨੇ 81 ਕਿਲੋਗ੍ਰਾਮ ਲਾਈਟ ਹੈਵੀਵੇਟ ਵਰਗ 'ਚ ਸੋਨ ਤਮਗਾ ਜਿੱਤਿਆ ਸੀ। ਗੋਲਡ ਮੈਡਲ ਅਤੇ ਪ੍ਰਸਿੱਧੀ ਦੇ ਨਾਲ-ਨਾਲ ਇਨ੍ਹਾਂ ਮੁੱਕੇਬਾਜ਼ਾਂ ਨੂੰ ਇਨਾਮ ਵਜੋਂ 82.7-82.7 ਲੱਖ ਰੁਪਏ ਦਾ ਚੈੱਕ ਵੀ ਮਿਲਿਆ।

ਇਨ੍ਹਾਂ ਚਾਰਾਂ ਦੀ ਗੋਲਡਨ ਕਾਮਯਾਬੀ ਕਾਰਨ, ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ, 2023 ਵਿੱਚ ਭਾਰਤੀ ਟੀਮ ਅੰਕ ਸੂਚੀ ਵਿੱਚ ਸਿਖਰ 'ਤੇ ਹੈ। ਇਸ ਕਾਮਯਾਬੀ ਤੋਂ ਬਾਅਦ ਭਾਰਤੀ ਮੁੱਕੇਬਾਜ਼ੀ ਸੰਘ ਦੇ ਪ੍ਰਧਾਨ ਅਜੈ ਸਿੰਘ ਨੇ ਐਤਵਾਰ ਨੂੰ ਕਿਹਾ, "ਇਹ ਇਤਿਹਾਸਕ ਪ੍ਰਦਰਸ਼ਨ ਹੈ। ਅਸੀਂ ਲਗਾਤਾਰ ਬਿਹਤਰ ਕਰ ਰਹੇ ਹਾਂ। ਪਰ ਜੋ ਆਤਮਵਿਸ਼ਵਾਸ ਅੱਜ ਦੇਖਣ ਨੂੰ ਮਿਲਿਆ ਹੈ, ਉਹ ਪਹਿਲਾਂ ਕਦੇ ਨਹੀਂ ਦੇਖਿਆ ਗਿਆ ਸੀ।" "ਕੁਝ ਖਿਡਾਰੀਆਂ ਨੇ ਰਾਊਂਡ ਹਾਰਨ ਤੋਂ ਬਾਅਦ ਵਾਪਸੀ ਕੀਤੀ ਅਤੇ ਆਖ਼ਰੀ ਸਾਹ ਤੱਕ ਸੰਘਰਸ਼ ਜਾਰੀ ਰੱਖਿਆ।" ਭਵਿੱਖ ਦੀ ਉਮੀਦ ਵੱਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਕਿਹਾ, "ਜਿਹੜੇ ਮੁੱਕੇਬਾਜ਼ ਇੱਥੇ ਨਹੀਂ ਜਿੱਤੇ, ਉਨ੍ਹਾਂ ਵਿੱਚ ਆਉਣ ਵਾਲੇ ਦਿਨਾਂ ਵਿੱਚ ਵਿਸ਼ਵ ਚੈਂਪੀਅਨ ਬਣਨ ਦੀ ਸਮਰੱਥਾ ਹੈ। ਉਨ੍ਹਾਂ ਵਿੱਚੋਂ ਕੁਝ ਤਾਂ ਆਉਣ ਵਾਲੇ ਦਿਨਾਂ ਵਿੱਚ ਓਲੰਪਿਕ ਅਤੇ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੇ ਚੈਂਪੀਅਨ ਹਨ।"

### ਜਦੋਂ 2006 ਵਿੱਚ ਬਣਿਆ ਸੀ ਇਤਿਹਾਸ

2006 ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਭਾਰਤੀ ਮਹਿਲਾ ਮੁੱਕੇਬਾਜ਼ਾਂ ਨੇ ਵਰਲਡ ਚੈਂਪੀਅਨਸ਼ਿਪ ਵਿੱਚ ਚਾਰ ਗੋਲਡ ਮੈਡਲ ਹਾਸਿਲ ਕੀਤੇ ਹਨ। 2006 ਵਿੱਚ ਭਾਰਤ ਪਹਿਲੀ ਵਾਰ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰ ਰਿਹਾ ਸੀ, ਤਾਂ 46 ਕਿਲੋਗ੍ਰਾਮ ਵਰਗ ਵਿੱਚ ਐੱਮਸੀ ਮੈਰੀਕਾਮ, 52 ਕਿਲੋਗ੍ਰਾਮ ਵਰਗ ਵਿੱਚ ਸਰਿਤਾ ਦੇਵੀ, 63 ਕਿਲੋਗ੍ਰਾਮ ਵਰਗ ਵਿੱਚ ਜੇਨੀ ਆਰਐੱਲ ਅਤੇ 75 ਕਿਲੋਗ੍ਰਾਮ ਵਿੱਚ ਲੇਖਾ ਕੇਸੀ ਨੇ ਭਾਰਤ ਨੂੰ ਗੋਲਡਨ ਕਾਮਯਾਬੀ ਦਿਵਾਈ ਸੀ। ਭਾਰਤੀ ਮਹਿਲਾ ਮੁੱਕੇਬਾਜ਼ਾਂ ਲਈ ਪਹਿਲਾਂ ਮੌਕਾ ਸੀ ਜਦੋਂ ਉਨ੍ਹਾਂ ਦੀ ਚਮਕ ਗਲੋਬਲ ਪੱਧਰ 'ਤੇ ਦਿਖੀ ਸੀ। ਅਸਲ ਵਿੱਚ, 2006 ਦੀਆਂ ਇਨ੍ਹਾਂ ਚੈਂਪੀਅਨ ਮੁੱਕੇਬਾਜ਼ਾਂ ਨੇ ਹੀ ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀ ਮਹਿਲਾ ਮੁੱਕੇਬਾਜ਼ਾਂ ਦੀ ਸਫਲਤਾ ਦੀ ਨੀਂਹ ਰੱਖੀ। ਇਸ ਤੋਂ ਬਾਅਦ, ਐੱਮਸੀ ਮੈਰੀਕਾਮ ਛੇ ਵਾਰ ਵਿਸ਼ਵ ਚੈਂਪੀਅਨ ਬਣੀ ਅਤੇ ਉਨ੍ਹਾਂ ਦੀ ਸਫਲਤਾ ਨੇ ਭਾਰਤ ਵਿੱਚ ਮਹਿਲਾ ਮੁੱਕੇਬਾਜ਼ੀ ਨੂੰ ਵੀ ਪ੍ਰਸਿੱਧ ਬਣਾਇਆ। 2012 ਲੰਡਨ ਓਲੰਪਿਕ ਦੌਰਾਨ ਪਹਿਲੀ ਵਾਰ ਔਰਤਾਂ ਦੀ ਮੁੱਕੇਬਾਜ਼ੀ ਨੂੰ ਮੈਡਲ ਵਾਲੀ ਖੇਡ ਵਜੋਂ ਸ਼ਾਮਲ ਕੀਤਾ ਗਿਆ ਸੀ। ਲੰਡਨ ਓਲੰਪਿਕ ਵਿੱਚ ਐੱਮਸੀ ਮੈਰੀਕਾਮ ਨੇ ਵੀ ਭਾਰਤ ਨੂੰ ਫਲਾਈਵੇਟ ਵਰਗ ਵਿੱਚ ਕਾਂਸੀ ਦਾ ਤਗ਼ਮਾ ਦਿਵਾਇਆ ਸੀ। ਪਰ ਭਾਰਤ ਸਫ਼ਲਤਾ ਦਾ ਇਹ ਸਿਲਸਿਲਾ ਜਾਰੀ ਨਹੀਂ ਰੱਖ ਸਕਿਆ। ਭਾਰਤੀ ਮੁੱਕੇਬਾਜ਼ੀ ਸੰਘ ਵਿੱਚ ਪ੍ਰਬੰਧਕੀ ਮੁਸ਼ਕਲਾਂ ਦਾ ਦੌਰ ਸ਼ੁਰੂ ਹੋਇਆ। ਦਸੰਬਰ 2012 ਵਿੱਚ, ਚੋਣ ਪ੍ਰਕਿਰਿਆ ਵਿੱਚ ਬੇਨਿਯਮੀਆਂ ਦੀਆਂ ਸ਼ਿਕਾਇਤਾਂ ਦੇ ਬਾਅਦ ਵਿਸ਼ਵ ਮੁੱਕੇਬਾਜ਼ੀ ਫੈਡਰੇਸ਼ਨ ਨੇ ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ ਦੀ ਮਾਨਤਾ ਨੂੰ ਮੁਅੱਤਲ ਕਰ ਦਿੱਤਾ। ਲਗਭਗ ਚਾਰ ਸਾਲਾਂ ਬਾਅਦ, ਭਾਰਤ ਵਿਸ਼ਵ ਮੁੱਕੇਬਾਜ਼ੀ ਫੈਡਰੇਸ਼ਨ ਦੇ ਪ੍ਰਬੰਧਾਂ ਅਨੁਸਾਰ ਆਪਣੀ ਖੇਡ ਫੈਡਰੇਸ਼ਨ ਬਣਾਉਣ ਦੇ ਯੋਗ ਹੋ ਸਕਿਆ। ਇਸ ਦੌਰਾਨ ਭਾਰਤੀ ਮੁੱਕੇਬਾਜ਼ਾਂ ਦਾ ਭਵਿੱਖ ਲਟਕ ਗਿਆ। ਨਾ ਤਾਂ ਘਰੇਲੂ ਪੱਧਰ 'ਤੇ ਟੂਰਨਾਮੈਂਟ ਕਰਵਾਏ ਜਾ ਰਹੇ ਸਨ ਅਤੇ ਨਾ ਹੀ ਭਾਰਤੀ ਝੰਡੇ ਨਾਲ ਅੰਤਰਰਾਸ਼ਟਰੀ ਟੂਰਨਾਮੈਂਟਾਂ 'ਚ ਹਿੱਸਾ ਲੈ ਸਕਦੇ ਸਨ।

### ਜਦੋਂ ਅੱਧ-ਵਿਚਾਲੇ ਲਟਕੇ ਮੁੱਕੇਬਾਜ਼ਾਂ ਨੂੰ ਮਿਲਿਆ ਸਹਾਰਾ

2016 ਵਿੱਚ, ਸਪਾਈਸ ਜੈਟ ਏਅਰਕ੍ਰਾਫਟ ਕੰਪਨੀ ਦੇ ਸੰਸਥਾਪਕ ਅਤੇ ਸੀਈਓ ਅਜੈ ਸਿੰਘ ਦੀ ਅਗਵਾਈ ਵਿੱਚ ਇੰਡੀਅਨ ਬਾਕਸਿੰਗ ਐਸੋਸੀਏਸ਼ਨ ਦਾ ਨਵੇਂ ਸਿਰਿਓਂ ਗਠਨ ਕੀਤਾ ਗਿਆ ਅਤੇ ਉਸ ਤੋਂ ਬਾਅਦ ਹੀ ਭਾਰਤੀ ਮੁੱਕੇਬਾਜ਼ੀ ਮੁੜ ਲੀਹ 'ਤੇ ਆਈ। ਅਜੈ ਸਿੰਘ ਦੀ ਅਗਵਾਈ ਵਿੱਚ, ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ ਵਿੱਚ ਬੁਨਿਆਦੀ ਸਹੂਲਤਾਂ ਵਿੱਚ ਸੁਧਾਰ ਹੋਇਆ ਅਤੇ ਫੈਡਰੇਸ਼ਨ ਵਿੱਚ ਪ੍ਰੋਫੈਸ਼ਨਲਿਜ਼ਮ ਦਾ ਸੱਭਿਆਚਾਰ ਵਿਕਸਿਤ ਹੋਇਆ। ਸਟੇਟ ਅਤੇ ਨੈਸ਼ਨਲ ਚੈਂਪੀਅਨਸ਼ਿਪ ਸ਼ੁਰੂ ਹੋ ਗਈ। ਜਦੋਂ ਇਹ ਚੈਂਪੀਅਨਸ਼ਿਪ ਸ਼ੁਰੂ ਹੋਈ ਤਾਂ ਵੱਖ-ਵੱਖ ਉਮਰ ਵਰਗਾਂ ਲਈ ਵੀ ਮੁਕਾਬਲਿਆਂ ਦੀ ਲੜੀ ਸ਼ੁਰੂ ਹੋ ਗਈ। ਭਾਰਤੀ ਮੁੱਕੇਬਾਜ਼ੀ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਕੋਚ ਅਤੇ ਸਹਾਇਕ ਸਟਾਫ ਰੱਖਣ ਦੀ ਸ਼ੁਰੂਆਤ ਹੋਈ। ਮੁੱਕੇਬਾਜ਼ਾਂ ਨੂੰ ਕਿਤੇ ਵਧੇਰੇ ਐਕਸਪੋਜਰ ਮਿਲਣਾ ਸ਼ੁਰੂ ਹੋਇਆ ਅਤੇ ਵਿਦੇਸ਼ਾਂ ਵਿੱਚ ਕੈਂਪ ਲੱਗਣੇ ਸ਼ੁਰੂ ਹੋ ਗਏ। ਹਾਲਾਂਕਿ ਇਹ ਕੈਂਪ ਬਿਲਕੁਲ ਸੰਪੂਰਨ ਸਨ, ਅਜਿਹਾ ਨਹੀਂ ਮੰਨਿਆ ਜਾ ਸਕਦਾ। ਪਰ ਇਸ ਨੇ ਯਕੀਨੀ ਤੌਰ 'ਤੇ ਖਿਡਾਰੀਆਂ ਨੂੰ ਅਨੁਭਵ ਦਿੱਤਾ। ਇਸ ਤੋਂ ਬਾਅਦ ਮੁੱਕੇਬਾਜ਼ਾਂ, ਖ਼ਾਸ ਕਰਕੇ ਮਹਿਲਾ ਮੁੱਕੇਬਾਜ਼ਾਂ ਨੇ ਦਿਖਾਇਆ ਕਿ ਉਹ ਥੋੜ੍ਹੀ ਜਿਹੀ ਮਦਦ ਨਾਲ ਉਹ ਕੀ ਕਮਾਲ ਕਰ ਸਕਦੀਆਂ ਹਨ।

### ਵਿਸ਼ਵ ਰੈਂਕਿੰਗ ਵਿੱਚ ਚੌਥੇ ਪਾਇਦਾਨ 'ਤੇ ਭਾਰਤ

ਭਾਰਤ ਇਸ ਸਮੇਂ ਮੁੱਕੇਬਾਜ਼ੀ ਦੀ ਵਿਸ਼ਵ ਰੈਂਕਿੰਗ 'ਚ ਚੌਥੇ ਸਥਾਨ 'ਤੇ ਹੈ। ਮੁੱਕੇਬਾਜ਼ੀ ਦੀ ਦੁਨੀਆ ਵਿੱਚ ਦਬਦਬਾ ਰੱਖਣ ਵਾਲੇ ਅਮਰੀਕਾ, ਤੁਰਕੀ, ਕਿਊਬਾ, ਯੂਕੇ ਅਤੇ ਆਇਰਲੈਂਡ ਦੀ ਤੁਲਨਾ ਵਿੱਚ ਭਾਰਤ ਦੀ ਰੈਂਕਿੰਗ ਬਿਹਤਰ ਹੈ। ਭਾਰਤ ਨੇ 2020 ਟੋਕੀਓ ਓਲੰਪਿਕ ਲਈ ਮੁੱਕੇਬਾਜ਼ਾਂ ਦੀ ਆਪਣੀ ਸਭ ਤੋਂ ਵੱਡੀ ਟੁਕੜੀ ਭੇਜੀ, ਭਾਰਤ ਲਈ ਪੰਜ ਪੁਰਸ਼ ਅਤੇ ਚਾਰ ਔਰਤਾਂ ਨੇ ਹਿੱਸਾ ਲਿਆ। 69 ਕਿਲੋਗ੍ਰਾਮ ਵਰਗ ਵਿੱਚ ਲਵਲੀਨਾ ਬੋਰਗੋਹੇਨ ਨੇ ਭਾਰਤ ਲਈ ਕਾਂਸੀ ਦਾ ਤਗ਼ਮਾ ਜਿੱਤਿਆ। ਇਸ ਤੋਂ ਬਾਅਦ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਭਾਰਤੀ ਮਹਿਲਾ ਮੁੱਕੇਬਾਜ਼ਾਂ ਦਾ ਪ੍ਰਦਰਸ਼ਨ ਬਿਹਤਰ ਰਿਹਾ ਹੈ। ਭਾਰਤ ਨੂੰ 2022 ਮਹਿਲਾ ਮੁੱਕੇਬਾਜ਼ੀ ਵਿਸ਼ਵ ਚੈਂਪੀਅਨਸ਼ਿਪ ਵਿੱਚ ਤਿੰਨ ਤਗਮੇ ਮਿਲੇ ਹਨ। ਨਿਖ਼ਤ ਜ਼ਰੀਨ ਨੇ 52 ਕਿਲੋਗ੍ਰਾਮ ਵਰਗ ਵਿੱਚ ਸੋਨ ਤਮਗਾ ਜਿੱਤਿਆ, ਜਦਕਿ ਮਨੀਸ਼ਾ ਮੌਨ ਨੇ ਫੇਦਰਵੇਟ ਵਰਗ ਵਿੱਚ ਅਤੇ ਪ੍ਰਵੀਨ ਹੁੱਡਾ ਨੇ ਲਾਈਟ ਵੈਲਟਰਵੇਟ ਵਰਗ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਇਹ ਪ੍ਰਦਰਸ਼ਨ ਯਕੀਨੀ ਤੌਰ 'ਤੇ ਉਤਸ਼ਾਹਜਨਕ ਸੀ।

### ਭਾਰਤ ਕਰ ਰਿਹਾ ਸੀ ਮੇਜ਼ਬਾਨੀ

ਇਸ ਸਾਲ ਦੀ ਵਿਸ਼ਵ ਚੈਂਪੀਅਨਸ਼ਿਪ ਵਿੱਚ ਭਾਰਤ ਕੋਲ ਦੁਨੀਆਂ ਦੇ ਸਾਹਮਣੇ ਆਪਣੀ ਤਾਕਤ ਦਿਖਾਉਣ ਦਾ ਮੌਕਾ ਸੀ। ਇਕ ਪਾਸੇ ਭਾਰਤ ਨੂੰ ਆਪਣੇ ਘਰੇਲੂ ਦਰਸ਼ਕਾਂ ਦੇ ਸਾਹਮਣੇ ਖੇਡਣ ਦਾ ਮੌਕਾ ਮਿਲ ਰਿਹਾ ਸੀ, ਦੂਜੇ ਪਾਸੇ ਚੈਂਪੀਅਨਸ਼ਿਪ ਦੌਰਾਨ ਲਗਭਗ 100 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦਾਅ 'ਤੇ ਲੱਗੀ ਹੋਈ ਸੀ। ਭਾਰਤ ਨੇ ਈਵੈਂਟ ਦੀਆਂ ਸਾਰੀਆਂ 12 ਸ਼੍ਰੇਣੀਆਂ ਵਿੱਚ ਇੱਕ-ਇੱਕ ਮੁੱਕੇਬਾਜ਼ ਨੂੰ ਮੈਦਾਨ ਵਿੱਚ ਉਤਾਰਿਆ। ਟੀਮ ਚੋਣ ਨੂੰ ਲੈ ਕੇ ਵਿਵਾਦ, ਰੂਸ ਅਤੇ ਬੇਲਾਰੂਸ ਨੂੰ ਖੇਡਣ ਦਾ ਮੌਕਾ ਦੇਣ ਕਾਰਨ 11 ਦੇਸ਼ਾਂ ਵੱਲੋਂ ਟੂਰਨਾਮੈਂਟ ਦਾ ਬਾਈਕਾਟ ਕੀਤਾ ਅਤੇ ਟੂਰਨਾਮੈਂਟ ਨੂੰ ਓਲੰਪਿਕ ਕੁਆਲੀਫਿਕੇਸ਼ਨ ਸਟੇਟਸ ਦਾ ਦਰਜਾ ਨਾ ਮਿਲਣਾ- ਇਹ ਸਾਰੇ ਮੁੱਦੇ ਭਾਰਤੀ ਮਹਿਲਾ ਮੁੱਕੇਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਸਾਹਮਣੇ ਦਬ ਗਏ। ਦੋ ਵਾਰ ਵਿਸ਼ਵ ਯੁਵਾ ਚੈਂਪੀਅਨਸ਼ਿਪ ਦਾ ਖਿਤਾਬ ਜਿੱਤ ਚੁੱਕੀ ਨੀਤੂ ਘਨਘਾਸ ਮੁੱਕੇਬਾਜ਼ੀ ਦੇ ਗੜ੍ਹ ਭਿਵਾਨੀ ਤੋਂ ਆਉਂਦੀ ਹੈ। ਉਨ੍ਹਾਂ ਨੇ 2022 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਗਮਾ ਜਿੱਤ ਕੇ ਆਪਣੇ ਇਰਾਦੇ ਜ਼ਾਹਰ ਕਰ ਦਿੱਤੇ ਸਨ। ਉਨ੍ਹਾਂ ਨੇ 2023 ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਹਮਲਾਵਰ ਸ਼ੁਰੂਆਤ ਕਰਦੇ ਹੋਏ ਪਹਿਲੇ ਤਿੰਨ ਮੁਕਾਬਲੇ ਇਸ ਤਰ੍ਹਾਂ ਜਿੱਤੇ ਕਿ ਰੈਫਰੀ ਨੂੰ ਮੈਚ ਰੋਕਣਾ ਪਿਆ।

ਸੈਮੀਫਾਈਨਲ 'ਚ ਉਨ੍ਹਾਂ ਦਾ ਸਾਹਮਣਾ ਚੋਟੀ ਦਾ ਦਰਜਾ ਹਾਸਿਲ ਅਲੂਆ ਬੁਲਿਕਬੇਕੋਵਾ ਨਾਲ ਹੋਇਆ। ਪਿਛਲੀ ਵਾਰ ਬੁਲਕੇਕੋਵਾ ਨੇ ਨੀਤੂ ਘਨਘਾਸ ਨੂੰ ਹਰਾਇਆ ਅਤੇ ਬਾਅਦ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ ਵਿੱਚ ਕਾਮਯਾਬ ਰਹੀ। ਹਾਰ ਦਾ ਬਦਲਾ ਲੈਂਦਿਆਂ ਨੀਤੂ ਨੇ ਸੈਮੀਫਾਈਨਲ ਮੈਚ 3-2 ਨਾਲ ਜਿੱਤ ਲਿਆ। ਫਾਈਨਲ ਮੈਚ ਵਿੱਚ ਨੀਤੂ ਘਨਘਸ ਦੇ ਹੀਰੋ ਅਤੇ ਭਾਰਤ ਦੇ ਸਟਾਰ ਮੁੱਕੇਬਾਜ਼ ਵਿਜੇਂਦਰ ਸਿੰਘ ਵੀ ਦਰਸ਼ਕਾਂ ਵਿੱਚ ਮੌਜੂਦ ਸਨ। ਉਨ੍ਹਾਂ ਦੀ ਮੌਜੂਦਗੀ ਵਿੱਚ, ਨੀਤੂ ਨੇ ਮੰਗੋਲੀਆਈ ਲੁਟਸਾਇਕਨ ਅਲਟੈਂਟਸੇਟਸੇ ਨੂੰ 5-0 ਨਾਲ ਹਰਾ ਕੇ ਆਪਣਾ ਪਹਿਲਾ ਵਿਸ਼ਵ ਚੈਂਪੀਅਨਸ਼ਿਪ ਮੈਡਲ ਜਿੱਤਿਆ, ਉਹ ਵੀ ਗੋਲਡ। ਇਸ ਸਫ਼ਲਤਾ ਤੋਂ ਬਾਅਦ ਨੀਤੂ ਘਨਘਸ ਨੇ ਮੀਡੀਆ ਨੂੰ ਕਿਹਾ ਵੀ, "ਪਿਛਲੇ ਸਾਲ ਮੈਂ ਮੈਡਲ ਨਹੀਂ ਜਿੱਤ ਸਕੀ ਸੀ, ਇਸ ਲਈ ਇਸ ਵਾਰ ਮੈਂ ਆਪਣੀਆਂ ਕਮੀਆਂ 'ਤੇ ਕੰਮ ਕੀਤਾ ਅਤੇ ਘਰੇਲੂ ਦਰਸ਼ਕਾਂ ਦੇ ਸਾਹਮਣੇ ਮੈਡਲ ਹਾਸਲ ਕੀਤਾ।"

### ਸਵੀਟੀ ਬੂਰਾ ਅਤੇ ਲਵਲੀਨਾ ਬੋਰਗੋਹੇਨ ਦਾ ਪ੍ਰਦਰਸ਼ਨ

ਉਧਰ ਦੂਜੇ ਪਾਸੇ ਸਵੀਟੀ ਬੂਰਾ ਲਈ ਇਹ ਸੋਨ ਤਮਗਾ ਨੌਂ ਸਾਲਾਂ ਦੇ ਸੰਘਰਸ਼ ਤੋਂ ਬਾਅਦ ਆਇਆ ਹੈ। ਇਹ ਉਨ੍ਹਾਂ ਦੇ ਕਰੀਅਰ ਦੇ ਸਭ ਤੋਂ ਮਹੱਤਵਪੂਰਨ ਟੀਚਿਆਂ ਵਿੱਚੋਂ ਇੱਕ ਸੀ। 2014 ਵਿੱਚ, ਬੂਰਾ ਨੇ ਜੇਜੂ ਸਿਟੀ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਇਹ ਜਾਣਨਾ ਵੀ ਦਿਲਚਸਪ ਹੈ ਕਿ ਕੋਰੋਨਾ ਸੰਕਟ ਦੌਰਾਨ, ਬੂਰਾ ਨੇ ਮੁੱਕੇਬਾਜ਼ੀ ਛੱਡ ਦਿੱਤੀ ਅਤੇ ਆਪਣੇ ਸਕੂਲੀ ਦਿਨਾਂ ਦੀ ਖੇਡ ਕਬੱਡੀ ਵੱਲ ਮੁੜ ਗਈ ਸੀ। ਕੁਝ ਮਹੀਨੇ ਮੁੱਕੇਬਾਜ਼ੀ ਤੋਂ ਦੂਰ ਰਹਿਣ ਤੋਂ ਬਾਅਦ, ਬੂਰਾ ਨੂੰ ਅਹਿਸਾਸ ਹੋਇਆ ਕਿ ਮੁੱਕੇਬਾਜ਼ੀ ਉਸ ਦਾ ਪਿਆਰ ਹੈ। ਉਹ ਨਵੇਂ ਉਤਸ਼ਾਹ ਨਾਲ ਮੁੱਕੇਬਾਜ਼ੀ ਦੀ ਦੁਨੀਆਂ ਵਿੱਚ ਵਾਪਸ ਆਈ ਅਤੇ ਆਪਣੀ ਫਿਟਨੈਸ 'ਤੇ ਬਹੁਤ ਕੰਮ ਕੀਤਾ। ਬੂਰਾ ਨੇ 2018 ਦੀ ਵਿਸ਼ਵ ਚੈਂਪੀਅਨ ਵਾਂਗ ਲੀਨਾ ਨੂੰ ਹਰਾ ਕੇ ਸੋਨ ਤਮਗਾ ਜਿੱਤਿਆ। 30 ਸਾਲਾ ਬੂਰਾ ਨੇ ਕਿਹਾ, "ਵਿਸ਼ਵ ਚੈਂਪੀਅਨ ਬਣਨ ਦਾ ਸੁਪਨਾ ਪੂਰਾ ਹੋਣ ਨਾਲ ਮੈਂ ਰੋਮਾਂਚਿਤ ਹਾਂ। ਮੁਕਾਬਲਾ ਚੰਗਾ ਰਿਹਾ ਅਤੇ ਮੈਂ ਆਪਣੀ ਯੋਜਨਾ ਮੁਤਾਬਕ ਹੀ ਕੰਮ ਕੀਤਾ। ਟੂਰਨਾਮੈਂਟ ਜਿਵੇਂ-ਜਿਵੇਂ ਅੱਗੇ ਵਧਦਾ ਗਿਆ ਮੇਰੇ ਖੇਡ ਵਿੱਚ ਸੁਧਾਰ ਹੁੰਦਾ ਗਿਆ ਅਤੇ ਇਸ ਦੌਰਾਨ ਮੇਰੇ ਸਰੀਰ ਨੇ ਵੀ ਤਾਲਮੇਲ ਬਿਠਾ ਲਿਆ ਸੀ।" ਲਵਲੀਨਾ ਬੋਰਗੋਹੇਨ ਲਈ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਇਹ ਪਹਿਲਾ ਸੋਨ ਤਮਗਾ ਵੀ ਸੀ।

ਅਸਾਮ ਦੀ ਲਵਲੀਨਾ ਇਸ ਤੋਂ ਪਹਿਲਾਂ ਤਿੰਨ ਵੱਡੇ ਟੂਰਨਾਮੈਂਟਾਂ ਵਿੱਚ ਕਾਂਸੀ ਦੇ ਤਗਮੇ ਜਿੱਤ ਚੁੱਕੀ ਹੈ, ਓਲੰਪਿਕ ਵਿੱਚ ਕਾਂਸੀ ਦਾ ਤਗਮਾ ਜਿੱਤਣ ਤੋਂ ਇਲਾਵਾ, ਉਨ੍ਹਾਂ ਨੇ 2018 ਅਤੇ 2019 ਦੀ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ। ਨਵੀਂ ਦਿੱਲੀ 'ਚ ਹੋਣ ਵਾਲੀ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ 'ਚ ਲਵਲੀਨਾ ਕਾਂਸੀ ਦੇ ਤਗਮੇ ਦਾ ਰੰਗ ਬਦਲਣਾ ਚਾਹੁੰਦੀ ਸੀ। ਹਾਲਾਂਕਿ ਟੋਕੀਓ ਓਲੰਪਿਕ ਤੋਂ ਬਾਅਦ ਉਨ੍ਹਾਂ ਦੀ ਫਾਰਮ ਥੋੜ੍ਹੀ ਘੱਟ ਗਈ ਸੀ। 2022 ਵਿਸ਼ਵ ਚੈਂਪੀਅਨਸ਼ਿਪ ਵਿੱਚ ਲਵਲੀਨਾ ਪ੍ਰੀਮੀਅਰ ਕੁਆਰਟਰ ਰਾਊਂਡ ਤੋਂ ਅੱਗੇ ਨਹੀਂ ਵਧ ਸਕੀ ਅਤੇ ਬਰਮਿੰਘਮ ਰਾਸ਼ਟਰਮੰਡਲ ਖੇਡਾਂ ਵਿੱਚ ਵੀ ਉਨ੍ਹਾਂ ਦਾ ਸਫ਼ਰ ਕੁਆਰਟਰ ਫਾਈਨਲ ਤੱਕ ਹੀ ਰਿਹਾ। ਇਸ ਵਾਰ ਲਵਲੀਨਾ ਜ਼ਿਆਦਾ ਭਾਰ ਵਰਗ 'ਚ ਉਤਰੀ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹਾਲਾਂਕਿ ਇਹ ਇੰਨਾ ਆਸਾਨ ਵੀ ਨਹੀਂ ਸੀ। ਫਾਈਨਲ 'ਚ ਤਾਂ ਇੱਕ ਰਾਊਂਡ ਗੁਆਉਣ ਮਗਰੋਂ ਉਨ੍ਹਾਂ ਨੇ ਵਾਪਸੀ ਕੀਤੀ। ਮੈਚ ਤੋਂ ਬਾਅਦ ਉਨ੍ਹਾਂ ਨੇ ਕਿਹਾ, "ਇਹ ਸਖ਼ਤ ਮੁਕਾਬਲਾ ਸੀ। ਲਿਹਾਜ਼ਾ ਅਸੀਂ ਰਣਨੀਤੀ ਮੁਤਾਬਕ ਯੋਜਨਾ ਬਣਾਈ ਸੀ। ਪਹਿਲੇ ਦੋ ਗੇੜਾਂ ਵਿੱਚ ਹਮਲਾਵਰ ਖੇਡਣ ਤੋਂ ਬਾਅਦ, ਆਖਰੀ ਰਾਊਂਡ ਵਿੱਚ ਜਵਾਬੀ ਹਮਲੇ 'ਤੇ ਧਿਆਨ ਦੇਣਾ ਸੀ। 2018 ਅਤੇ 2019 ਵਿੱਚ ਮੈਂ ਕਾਂਸੀ ਦਾ ਤਗ਼ਮਾ ਜਿੱਤਿਆ। ਲਿਹਾਜ਼ਾ ਮੈਡਲ ਦਾ ਰੰਗ ਬਦਲ ਕੇ ਚੰਗਾ ਮਹਿਸੂਸ ਹੋ ਰਿਹਾ ਹੈ।"

### ਨਿਖ਼ਤ ਦੀ ਚੁਣੌਤੀ ਅਤੇ ਉਹ ਸਵਾਲ

ਨਿਖ਼ਤ ਜ਼ਰੀਨ ਨੇ ਵੀ ਬਦਲੇ ਹੋਏ ਭਾਰ ਵਰਗ ਭਾਵ 50 ਕਿਲੋਗ੍ਰਾਮ ਵਰਗ ਵਿੱਚ ਆਪਣੀ ਕਿਸਮਤ ਅਜ਼ਮਾਉਣ ਉਤਰੀ ਸੀ। ਉਹ ਇਸ ਭਾਰ ਵਰਗ ਵਿੱਚ ਹੀ ਪੈਰਿਸ ਓਲੰਪਿਕ ਵਿੱਚ ਹਿੱਸਾ ਲੈ ਸਕਦੀ ਹੈ। ਪਿਛਲੇ ਸਾਲ ਵਿਸ਼ਵ ਚੈਂਪੀਅਨਸ਼ਿਪ ਅਤੇ ਰਾਸ਼ਟਰਮੰਡਲ ਖੇਡਾਂ 'ਚ ਸੋਨ ਤਗਮਾ ਜਿੱਤਣ ਤੋਂ ਬਾਅਦ ਸਭ ਦੀਆਂ ਨਜ਼ਰਾਂ 26 ਸਾਲਾ ਨਿਖ਼ਤ ਜ਼ਰੀਨ 'ਤੇ ਟਿਕੀਆਂ ਹੋਈਆਂ ਸਨ। ਪਰ ਉਸ ਦੇ ਸਾਹਮਣੇ ਸਭ ਤੋਂ ਔਖੀ ਚੁਣੌਤੀ ਸੀ। ਨਿਖ਼ਤ ਇੱਕ ਤਾਂ ਬਦਲੇ ਹੋਏ ਵਜ਼ਨ ਵਰਗ ਵਿੱਚ ਹਿੱਸਾ ਲੈ ਰਹੀ ਸੀ। ਉਹ ਗ਼ੈਰ ਦਰਜਾ ਪ੍ਰਾਪਤ ਖਿਡਾਰਨ ਸੀ ਅਤੇ ਉਨ੍ਹਾਂ ਨੂੰ 12 ਦਿਨਾਂ ਦੇ ਅੰਦਰ ਛੇ ਮੈਚ ਖੇਡਣੇ ਸਨ। ਆਪਣੇ ਕਰੀਅਰ ਦੇ ਸ਼ੁਰੂਆਤੀ ਸਾਲਾਂ 'ਚ ਨਿਖ਼ਤ ਲੰਬੇ ਸਮੇਂ ਤੱਕ ਮੈਰੀਕਾਮ ਦੇ ਪਰਛਾਵੇਂ 'ਚ ਰਹੀ। ਪਰ ਉਨ੍ਹਾਂ ਨੇ ਮਿਲੇ ਮੌਕਿਆਂ ਦਾ ਫਾਇਦਾ ਉਠਾਉਣਾ ਸਿੱਖ ਲਿਆ ਹੈ। ਹਮਲਾਵਰ ਤਰੀਕੇ ਨਾਲ ਮੁੱਕੇਬਾਜ਼ੀ ਕਰਦੇ ਹੋਏ ਨਿਖ਼ਤ ਲਗਾਤਾਰ ਦੂਜੇ ਸਾਲ ਫਾਈਨਲ 'ਚ ਪਹੁੰਚੀ। ਨਗੁਏਮ ਦੇ ਸਾਹਮਣੇ ਦੂਜੇ ਗੇੜ ਵਿੱਚ ਨਿਖ਼ਤ ਦੇ ਉਪਰਲੇ ਬੁੱਲ ਦਾ ਹਿੱਸਾ ਕੱਟਿਆ ਗਿਆ ਸੀ ਅਤੇ ਉਹ ਦਰਦ ਦਰਦ ਵਿੱਚ ਸੀ। ਇਸ ਮੈਚ ਤੋਂ ਬਾਅਦ ਉਨ੍ਹਾਂ ਨੇ ਕਿਹਾ, "ਉੱਪਰਲੇ ਬੁੱਲ੍ਹ ਤੋਂ ਖੂਨ ਵਗਣਾ ਸ਼ੁਰੂ ਹੋ ਗਿਆ ਸੀ। ਅਜਿਹੇ ਵਿੱਚ ਇੱਕ ਡਾਕਟਰ ਨੂੰ ਬੁਲਾਇਆ ਜਾਂਦਾ ਸੀ ਅਤੇ ਖੇਡ ਨੂੰ ਕੁਝ ਸਮੇਂ ਲਈ ਰੋਕ ਦਿੱਤਾ ਜਾਂਦਾ ਸੀ। ਪਰ ਮੈਂ ਜੋਖ਼ਮ ਨਹੀਂ ਲੈਣਾ ਚਾਹੁੰਦਾ ਸੀ।" "ਮੈਂ ਦਮ ਲਾਇਆ। ਮੈਂ ਆਪਣੇ ਆਪ ਨੂੰ ਕਿਹਾ, 'ਚਲ ਨਿਖ਼ਤ, ਕਰ ਸਕਦੀ ਹੈ ਅਤੇ ਜਾਨ ਲਗਾ'। ਇਹ ਆਖ਼ਰੀ ਮੈਚ ਸੀ, ਤਾਂ ਦਮ ਬਚਾ ਕੇ ਕੀ ਕਰਨਾ ਸੀ। ਇਸ ਲਈ ਮੈਂ ਹੋਰ ਦਮ ਲਾਇਆ।" ਫਾਈਨਲ ਮੈਚ ਵਿੱਚ ਨਿਖ਼ਤ ਨੇ ਕਦੇ ਵੀ ਪਿੱਛੇ ਹਟ ਕੇ ਨਹੀਂ ਦੇਖਿਆ ਅਤੇ ਸੋਨ ਤਮਗਾ ਜਿੱਤ ਕੇ ਹੀ ਸਾਹ ਲਿਆ। ਜ਼ਾਹਿਰ ਹੈ ਕਿ ਲਗਾਤਾਰ ਦੋ ਵਿਸ਼ਵ ਚੈਂਪੀਅਨਸ਼ਿਪਾਂ 'ਚ ਸੋਨ ਤਮਗਾ ਜਿੱਤਣ ਤੋਂ ਬਾਅਦ ਨਿਖ਼ਤ ਨੇ ਖ਼ੁਦ ਨੂੰ ਇਸ ਸਵਾਲ ਦਾ ਬਿਹਤਰ ਜਵਾਬ ਦਿੱਤਾ ਹੋਵੇਗਾ ਜੋ ਸਾਲਾਂ ਪਹਿਲਾਂ ਉਨ੍ਹਾਂ ਨੇ ਆਪਣੇ ਪਿਤਾ ਨੂੰ ਮੁੱਕੇਬਾਜ਼ੀ ਬਾਰੇ ਪੁੱਛਿਆ ਸੀ।

# MISSION
## PEAK BROCKERS, INC

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**






# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com

## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CALIFORNIA ASSOCIATION OF BUSINESS BROKERS CABB

REALTOR

